3-JAN-PAGE-1.qxd 1/2/2023 10:27 PM Page 1

ਮੰਗਲਵਾਰ, 3 ਜਨਵਰੀ, 2023
19 ਪੋਹ { ਨਾਨਕਸ਼ਾਹੀ 554 / ਬਿਕਰਮੀ 2079 }
ਜਿਲਦ/VOL. : 71
ਅੰਕ/NO. : 214

# ਨਵਾਂ ਜ਼ਮਾਨਾ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ
ਪੁੱਛ-ਗਿੱਛ (ਰਿਸੈਪਸ਼ਨ) 0181-5097300
ਇਸ਼ਤਿਹਾਰ ਵਿਭਾਗ 0181-5097302
ਸਾਹਿਤ ਸੰਪਾਦਕ (ਐਤਵਾਰਤਾ) 0181-5097305
ਕੰਪਿਊਟਰ ਰੂਮ 0181-5097310
ਵੈੱਬ ਟੀ ਵੀ 0181-5133160

DAILY NAWAN ZAMANA • TUESDAY, 3 JANUARY, 2023 ਜਲੰਧਰ
YouTube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਮਾਨ ਤੇ ਖੱਟਰ ਦੀਆਂ ਕੋਠੀਆਂ ਨੇੜਿਓਂ ਮਿਲਿਆ ਬੰਬ



**ਚੰਡੀਗੜ੍ਹ (ਗੁਰਜੀਤ ਬਿੱਲਾ)**

ਪੰਜਾਬ ਅਤੇ ਹਰਿਆਣਾ ਦੇ ਮੁੱਖ ਮੰਤਰੀਆਂ ਦੀ ਰਿਹਾਇਸ਼ ਤੋਂ ਕੁਝ ਦੂਰੀ 'ਤੇ ਸਥਿਤ ਇੱਕ ਅੰਬ ਦੇ ਬਾਗ 'ਚੋਂ ਸੋਮਵਾਰ ਬੰਬ ਮਿਲਣ ਨਾਲ ਚੰਡੀਗੜ੍ਹ 'ਚ ਦਹਿਸ਼ਤ ਫੈਲ ਗਈ। ਨਵਾਂਗਾਓਂ ਦੇ ਨਾਲ ਲੱਗਦੇ ਚੰਡੀਗੜ੍ਹ ਦੇ ਸੈਕਟਰ 2 ਸਥਿਤ ਅੰਬਾਂ ਦੇ ਬਾਗ਼ 'ਚ ਬੰਬ ਮਿਲਣ ਦੀ ਸੂਚਨਾ ਤੋਂ ਬਾਅਦ ਚੰਡੀਗੜ੍ਹ ਤੇ ਪੰਜਾਬ ਦੇ ਪੁਲਸ ਵਿਭਾਗ 'ਚ ਹਫੜਾਦਫੜੀ ਮਚ ਗਈ, ਜਿਸ ਤੋਂ ਬਾਅਦ ਮੁੱਖ ਮੰਤਰੀ ਦੀ ਰਿਹਾਇਸ਼ ਦੇ ਆਲੇ-ਦੁਆਲੇ ਸੁਰੱਖਿਆ ਸਖ਼ਤ ਕਰ ਦਿੱਤੀ ਗਈ ਹੈ ਤੇ ਹਰ ਇੱਕ ਆਉਣ-ਜਾਣ ਵਾਲੇ 'ਤੇ ਨਜ਼ਰ ਰੱਖੀ ਜਾ ਰਹੀ ਹੈ। ਸੂਚਨਾ ਮਿਲਦੇ ਸਾਰ ਹੀ ਚੰਡੀਗੜ੍ਹ ਅਤੇ ਮੁਹਾਲੀ ਪੁਲਸ ਮੌਕੇ 'ਤੇ ਪਹੁੰਚ ਗਈ। ਦੱਸਿਆ ਜਾ ਰਿਹਾ ਕਿ ਅੰਬਾਂ ਦੇ ਬਾਗ਼ ਦੇ ਅੰਦਰ ਲੱਗੇ ਟਿਊਬਵੈੱਲ ਦੇ ਸੰਚਾਲਕ ਵੱਲੋਂ ਇਸ ਦੀ ਸੂਚਨਾ ਪੁਲਸ ਨੂੰ ਦਿੱਤੀ ਗਈ, ਜਿਸ ਮਗਰੋਂ ਪੁਲਸ ਨੇ ਚੰਡੀਗੜ੍ਹ ਦੀ ਬੰਬ ਨਿਰੋਧਕ ਟੀਮ ਨੂੰ ਵੀ ਮੌਕੇ 'ਤੇ ਸੱਦ ਲਿਆ। ਮੌਕੇ 'ਤੇ ਭਾਰੀ ਗਿਣਤੀ 'ਚ ਪੁਲਸ ਬਲ ਨੂੰ ਵੀ ਤਾਇਨਾਤ ਕਰ ਦਿੱਤਾ ਗਿਆ ਅਤੇ ਇਸ ਦੇ ਨਾਲ ਹੀ ਫੌਜ ਨੂੰ ਵੀ ਸੱਦ ਲਿਆ ਗਿਆ।

ਜ਼ਿਕਰਯੋਗ ਹੈ ਕਿ ਘਟਨਾ ਵਾਲੀ ਥਾਂ ਤੋਂ ਕੁਝ ਕਦਮਾਂ ਦੀ ਦੂਰੀ 'ਤੇ ਹੀ ਹਰਿਆਣਾ ਅਤੇ ਪੰਜਾਬ ਦੇ ਮੁੱਖ ਮੰਤਰੀਆਂ ਦੀ ਸਰਕਾਰੀ ਰਿਹਾਇਸ਼ ਸਥਿਤ ਹੈ। ਰਾਜਿੰਦਰ ਪਾਰਕ 'ਚ ਅੰਬਾਂ ਦੇ ਬਾਗ਼ ਦੇ ਨਾਲ ਹੀ ਤਿੰਨ ਹੈਲੀਪੈਡ ਅਤੇ ਹੋਰ ਅੱਗੇ ਪੰਜਾਬ ਤੇ ਹਰਿਆਣਾ ਦੇ ਸਕੱਤਰੇਤ ਵੀ ਮੌਜੂਦ ਹਨ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਇਸ ਦੌਰਾਨ ਆਪਣੇ ਨਿਵਾਸ 'ਤੇ ਨਹੀਂ ਸਨ। ਚੰਡੀਗੜ੍ਹ ਪ੍ਰਸ਼ਾਸਨ ਨੇ ਕਿਹਾ ਕਿ ਰੱਖਿਆ ਬਲ ਜਾਂਚ ਕਰੇਗਾ ਕਿ ਬੰਬ ਕਿੱਥੋਂ ਇੱਥੇ ਆਇਆ ਅਤੇ ਪੁਲਸ ਪਤਾ ਲਗਾਏਗੀ ਕਿ ਇਹ ਇੱਥੇ ਕਿਸ ਤਰ੍ਹਾਂ ਪਹੁੰਚਿਆ। ਜਾਣਕਾਰੀ ਮੁਤਾਬਕ ਬੰਬ ਐਕਟਿਵ ਸੀ। ਬੰਬ ਨੂੰ ਪੂਰੀ ਸਾਵਧਾਨੀ ਨਾਲ ਫਾਈਬਰ ਦੇ ਡਰੰਮ 'ਚ ਰੱਖ ਦਿੱਤਾ ਗਿਆ। ਉਥੇ ਹੀ ਇਸ ਦੇ ਚਾਰੇ ਪਾਸੇ ਰੇਤ ਦੇ ਬੈਗ ਰੱਖ ਦਿੱਤੇ ਗਏ। ਬੰਬ ਨੂੰ ਨਸ਼ਟ ਕਰਨ ਦੀ ਪ੍ਰਕ੍ਰਿਆ ਵੀ ਆਰੰਭ ਕਰ ਦਿੱਤੀ ਗਈ ਹੈ। ਡਿਜ਼ਾਸਟਰ ਮੈਨੇਜਮੈਂਟ ਚੰਡੀਗੜ੍ਹ ਦੇ ਨੋਡਲ ਅਧਿਕਾਰੀ ਸੰਜੀਵ ਕੋਹਲੀ ਨੇ ਕਿਹਾ ਕਿ ਇੱਥੋਂ ਇੱਕ ਬੰਬ ਬਰਾਮਦ ਕੀਤਾ ਗਿਆ। ਪੁਲਸ ਅਤੇ ਬੰਬ ਨਿਰੋਧਕ ਦਸਤੇ ਦੀ ਮਦਦ ਨਾਲ ਇਸ ਨੂੰ ਸੁਰੱਖਿਅਤ ਕਰ ਲਿਆ ਗਿਆ। ਫੌਜ ਦੀ ਇੱਕ ਟੀਮ ਨੂੰ ਬੁਲਾਇਆ ਗਿਆ ਹੈ। ਅਸੀਂ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਇਹ ਇੱਥੇ ਕਿਸ ਤਰ੍ਹਾਂ ਆਇਆ। ਉੱਚ ਪੱਧਰ 'ਤੇ ਗੱਲਬਾਤ ਚੱਲ ਰਹੀ ਹੈ। ਉਥੇ ਹੀ ਪੁਲਸ ਵੱਲੋਂ ਲੋਕਾਂ ਨੂੰ ਬੰਬ ਵਾਲੀ ਜਗ੍ਹਾ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ ਹੈ।



## ਨੋਟਬੰਦੀ ਨੂੰ ਸੁਪਰੀਮ ਕੋਰਟ ਨੇ ਬਹੁਮਤ ਨਾਲ ਸਹੀ ਠਹਿਰਾਇਆ

**ਨਵੀਂ ਦਿੱਲੀ** : ਸੁਪਰੀਮ ਕੋਰਟ ਨੇ ਸੋਮਵਾਰ ਕੇਂਦਰ ਦੇ 2016 ਦੇ ਨੋਟਬੰਦੀ ਦੇ ਫੈਸਲੇ ਵਿਰੁੱਧ ਦਾਇਰ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਤੇ ਕੇਂਦਰ ਦੇ ਕਦਮ ਨੂੰ ਸਹੀ ਕਰਾਰ ਦਿੱਤਾ। ਅਦਾਲਤ ਨੇ 4:1 ਦੇ ਬਹੁਮਤ ਨਾਲ ਕੇਂਦਰ ਦੇ 2016 ਦੇ ਨੋਟਬੰਦੀ ਦੇ ਫੈਸਲੇ ਨੂੰ ਸਹੀ ਠਹਿਰਾਉਂਦਿਆਂ ਕਿਹਾ ਕਿ 8 ਨਵੰਬਰ 2016 ਨੂੰ ਜਾਰੀ ਨੋਟੀਫਿਕੇਸ਼ਨ ਜਾਇਜ਼ ਸੀ ਅਤੇ ਪ੍ਰਕਿਰਿਆ ਅਧੀਨ ਸੀ। ਸੁਪਰੀਮ ਕੋਰਟ ਦੇ ਜਸਟਿਸ ਬੀ ਆਰ ਗਵਈ ਨੇ ਕਿਹਾ ਕਿ ਨੋਟਬੰਦੀ ਸੰਬੰਧੀ ਕੇਂਦਰ ਦੇ ਫੈਸਲੇ ਵਿਚ ਕੋਈ ਖਾਮੀ ਨਹੀਂ ਹੋ ਸਕਦੀ, ਕਿਉਂਕਿ ਇਸ ਮਾਮਲੇ 'ਤੇ ਰਿਜ਼ਰਵ ਬੈਂਕ ਅਤੇ ਸਰਕਾਰ ਵਿਚਕਾਰ ਪਹਿਲਾਂ ਚਰਚਾ ਹੋਈ ਸੀ। ਇਸ ਲਈ ਇਹ ਗੱਲ ਬਹੁਤੀ ਅਹਿਮੀਅਤ ਨਹੀਂ ਰੱਖਦੀ ਕਿ ਜਿਸ ਉਦੇਸ਼ ਲਈ ਨੋਟਬੰਦੀ ਕੀਤੀ ਗਈ ਉਹ ਪ੍ਰਾਪਤ ਹੋਏ ਜਾਂ ਨਹੀਂ। ਰਿਜ਼ਰਵ ਬੈਂਕ ਐਕਟ ਦੀ ਧਾਰਾ 26(2) ਤਹਿਤ ਕੇਂਦਰ ਦੀਆਂ ਸ਼ਕਤੀਆਂ ਦੇ ਮੁੱਦੇ 'ਤੇ ਜਸਟਿਸ ਬੀ ਵੀ ਨਾਗਰਤਨਾ ਦੀ ਰਾਏ ਜਸਟਿਸ ਬੀ ਆਰ ਗਵਈ ਤੋਂ ਵੱਖਰੀ ਸੀ। ਜਸਟਿਸ ਨਾਗਰਤਨਾ ਨੇ ਕਿਹਾ ਕਿ 500 ਅਤੇ 1000 ਰੁਪਏ ਦੀ ਸੀਰੀਜ਼ ਦੇ ਨੋਟ ਸਿਰਫ ਕਾਨੂੰਨ ਰਾਹੀਂ ਰੱਦ ਕੀਤੇ ਜਾ ਸਕਦੇ ਸਨ, ਨੋਟੀਫਿਕੇਸ਼ਨ ਰਾਹੀਂ ਨਹੀਂ। ਉਨ੍ਹਾ ਕਿਹਾ ਕਿ ਸੰਸਦ ਨੂੰ ਨੋਟਬੰਦੀ ਮਾਮਲੇ 'ਚ ਕਾਨੂੰਨ 'ਤੇ ਚਰਚਾ ਕਰਨੀ ਚਾਹੀਦੀ ਸੀ, ਪ੍ਰਕਿਰਿਆ ਗਜ਼ਟ ਨੋਟੀਫਿਕੇਸ਼ਨ ਰਾਹੀਂ ਨਹੀਂ ਹੋਣੀ ਚਾਹੀਦੀ ਸੀ। ਦੇਸ਼ ਲਈ ਅਜਿਹੇ ਮਹੱਤਵਪੂਰਨ ਮਾਮਲੇ 'ਚ ਸੰਸਦ ਨੂੰ ਪਾਸੇ ਨਹੀਂ ਰੱਖਿਆ ਜਾ ਸਕਦਾ।

ਮਾਮਲੇ ਦੀ ਪੰਜ ਜੱਜਾਂ ਦੀ ਸੰਵਿਧਾਨਕ ਬੈਂਚ ਨੇ ਸੁਣਵਾਈ ਕੀਤੀ। ਹੋਰਨਾਂ ਜੱਜਾਂ ਵਿਚ ਐੱਸ ਅਬਦੁੱਲ ਨਜ਼ੀਰ, ਏ ਐੱਸ ਬੋਪੰਨਾ ਤੇ ਵੀ ਰਾਮਾਸੁਬਰਾਮਨੀਅਮ ਸ਼ਾਮਲ ਸਨ।

ਸਰਕਾਰ ਵੱਲੋਂ ਚਾਨਚੱਕ ਕੀਤੀ ਨੋਟਬੰਦੀ ਖਿਲਾਫ ਵੱਖ-ਵੱਖ ਹਾਈ ਕੋਰਟਾਂ ਵਿਚ 58 ਪਟੀਸ਼ਨਾਂ ਦਾਖਲ ਹੋਈਆਂ ਸਨ, ਜਿਨ੍ਹਾਂ ਵਿਚ ਕਿਹਾ ਗਿਆ ਸੀ ਕਿ ਸਰਕਾਰ ਨੇ ਭਾਰਤੀ ਰਿਜ਼ਰਵ ਬੈਂਕ ਕਾਨੂੰਨ 1934 ਦੀ ਧਾਰਾ 26 (2) ਦਾ ਇਸਤੇਮਾਲ ਕਰਨ ਵਿਚ ਗਲਤੀ ਕੀਤੀ। ਸੁਪਰੀਮ ਕੋਰਟ ਨੇ ਸਾਰੀਆਂ ਪਟੀਸ਼ਨਾਂ ਦੀ ਸੁਣਵਾਈ ਇਕੱਠੀ ਕਰਨ ਦਾ ਫੈਸਲਾ ਕੀਤਾ ਸੀ। ਪਟੀਸ਼ਨਰਾਂ ਦੀ ਦਲੀਲ ਸੀ ਕਿ ਧਾਰਾ 26 (2) ਕਿਸੇ ਖਾਸ ਮੁੱਲ ਦੇ ਨੋਟਾਂ ਨੂੰ ਪੂਰੀ ਤਰ੍ਹਾਂ ਰੱਦ ਕਰਨ ਦਾ ਅਧਿਕਾਰ ਨਹੀਂ ਦਿੰਦੀ। ਇਹ ਕਿਸੇ ਖਾਸ ਸੀਰੀਜ਼ ਨੂੰ ਰੱਦ ਕਰਨ ਦਾ ਸਰਕਾਰ ਨੂੰ ਅਧਿਕਾਰ ਦਿੰਦੀ ਹੈ, ਨਾ ਕਿ ਸਮੁੱਚੇ ਕਰੰਸੀ ਨੋਟਾਂ ਨੂੰ। ਸਰਕਾਰ ਨੇ ਕਿਹਾ ਸੀ ਕਿ ਫੈਸਲਾ ਰਿਜ਼ਰਵ ਬੈਂਕ ਨਾਲ ਸਲਾਹ ਕਰਕੇ ਲਿਆ ਗਿਆ ਸੀ। ਰਿਜ਼ਰਵ ਬੈਂਕ ਨੇ ਕੋਰਟ ਨੂੰ ਦੱਸਿਆ ਸੀ ਕਿ ਨੋਟਬੰਦੀ ਕਾਨੂੰਨ ਬਾਕੀ ਸਫ਼ਾ 2 'ਤੇ

### ਇਕ ਜੱਜ ਨੇ ਕਾਨੂੰਨਨ ਗਲਤ ਦੱਸਿਆ



ਜਸਟਿਸ ਰਾਮਾਸੁਬਰਾਮਨੀਅਮ, ਜਸਟਿਸ ਬੀ ਆਰ ਗਵਈ, ਜਸਟਿਸ ਅਬਦੁੱਲ ਨਜ਼ੀਰ, ਜਸਟਿਸ ਏ ਐੱਸ ਬੋਪੰਨਾ, ਜਸਟਿਸ ਬੀ ਵੀ ਨਾਗਰਤਨਾ



## ਸਾਬਕਾ ਮੰਤਰੀ ਆਸ਼ੂ ਦਾ ਪੀ ਏ ਗ੍ਰਿਫ਼ਤਾਰ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਹੋਏ ਬਹੁ-ਕਰੋੜੀ ਢੋਆ-ਢੁਆਈ ਸੰਬੰਧੀ ਟੈਂਡਰ ਘੁਟਾਲੇ ਦੇ ਭਗੌੜੇ ਮੁਲਜ਼ਮ ਇੰਦਰਜੀਤ ਸਿੰਘ ਇੰਦੀ ਨੂੰ ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਸੋਮਵਾਰ ਉਸ ਵੇਲੇ ਗ੍ਰਿਫ਼ਤਾਰ ਕਰ ਲਿਆ ਗਿਆ, ਜਦੋਂ ਉਸ ਨੇ ਲੁਧਿਆਣਾ ਸਥਿਤ ਬਿਊਰੋ ਦੇ ਦਫਤਰ ਵਿਖੇ ਆਤਮ-ਸਮਰਪਣ ਕੀਤਾ। ਮੁਲਜ਼ਮ ਸਾਬਕਾ ਖੁਰਾਕ ਤੇ ਸਿਵਲ ਸਪਲਾਈ ਮੰਤਰੀ ਭਾਰਤ ਭੂਸ਼ਣ ਆਸ਼ੂ ਨਾਲ ਪ੍ਰਾਈਵੇਟ ਤੌਰ 'ਤੇ ਨਿੱਜੀ ਸਹਾਇਕ (ਪੀ ਏ) ਵਜੋਂ ਕੰਮ ਕਰਦਾ ਰਿਹਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਬਿਊਰੋ ਵੱਲੋਂ ਚਲਾਈ ਗਈ ਕਾਨੂੰਨੀ ਕਾਰਵਾਈ ਕਾਰਨ ਉਸ ਨੂੰ ਖਦਸ਼ਾ ਸੀ ਕਿ ਅਦਾਲਤ ਉਸ ਨੂੰ ਇਸ ਘੁਟਾਲੇ ਵਿੱਚ ਭਗੌੜਾ ਕਰਾਰ ਦੇ ਸਕਦੀ ਹੈ, ਕਿਉਂਕਿ ਵਿਜੀਲੈਂਸ ਬਿਊਰੋ ਨੇ ਪਹਿਲਾਂ ਹੀ ਉਸ ਵਿਰੁੱਧ ਅਦਾਲਤੀ ਕਾਰਵਾਈ ਸ਼ੁਰੂ ਕਰ ਦਿੱਤੀ ਸੀ ਅਤੇ ਉਸ ਕੇਸ ਦੀ ਅਗਲੀ ਸੁਣਵਾਈ 4 ਜਨਵਰੀ ਨਿਰਧਾਰਤ ਕੀਤੀ ਗਈ ਸੀ। ਉਸ ਨੂੰ ਮੰਗਲਵਾਰ ਲੁਧਿਆਣਾ ਦੀ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।



## ਬਠਿੰਡਾ ਦਾ ਤਾਪਮਾਨ ਸਿਫਰ ਤੋਂ ਥੱਲੇ

**ਚੰਡੀਗੜ੍ਹ** : ਸੰਘਣੀ ਧੁੰਦ ਦਰਮਿਆਨ ਬਠਿੰਡਾ ਸ਼ਹਿਰ ਸਭ ਤੋਂ ਠੰਢਾ ਰਿਹਾ ਹੈ, ਜਿੱਥੇ ਘੱਟ ਤੋਂ ਘੱਟ ਤਾਪਮਾਨ 0.4 ਡਿਗਰੀ ਸੈਲਸੀਅਸ ਦਰਜ ਕੀਤਾ ਗਿਆ, ਜੋ ਆਮ ਨਾਲੋਂ 4 ਡਿਗਰੀ ਘੱਟ ਸੀ।

ਚੰਡੀਗੜ੍ਹ 'ਚ ਘੱਟ ਤੋਂ ਘੱਟ ਤਾਪਮਾਨ 5.7 ਡਿਗਰੀ, ਅੰਮ੍ਰਿਤਸਰ 'ਚ 3.4, ਲੁਧਿਆਣਾ 'ਚ 4.1, ਪਟਿਆਲਾ 'ਚ 5.8, ਪਠਾਨਕੋਟ 'ਚ 3.4, ਫਰੀਦਕੋਟ 'ਚ 2.2 ਤੇ ਬਰਨਾਲਾ 'ਚ 2.1 ਡਿਗਰੀ ਦਰਜ ਕੀਤਾ ਗਿਆ। ਹਰਿਆਣਾ ਦੇ ਮੇਵਾਤ 'ਚ ਤਾਪਮਾਨ ਮਨਫੀ 1.3 ਡਿਗਰੀ ਰਿਹਾ। ਮੌਸਮ ਵਿਭਾਗ ਨੇ 6 ਜਨਵਰੀ ਤੱਕ ਸੰਘਣੀ ਧੁੰਦ ਅਤੇ ਸੀਤ ਲਹਿਰ ਚੱਲਣ ਦੀ ਪੇਸ਼ੀਨਗੋਈ ਕੀਤੀ ਹੈ। ਉਸ ਨੇ 3 ਜਨਵਰੀ ਲਈ ਔਰੇਂਜ ਅਲਰਟ ਅਤੇ 4 ਤੋਂ 6 ਜਨਵਰੀ ਲਈ ਯੈਲੋ ਅਲਰਟ ਜਾਰੀ ਕਰ ਦਿੱਤਾ ਹੈ।

## ਭਗਵਾਨਪੁਰੀਆ ਗਰੋਹ ਦੇ 6 ਮੈਂਬਰ ਗ੍ਰਿਫਤਾਰ



**ਚੰਡੀਗੜ੍ਹ** : ਡੀ ਜੀ ਪੀ ਪੰਜਾਬ ਗੌਰਵ ਯਾਦਵ ਨੇ ਸੋਮਵਾਰ ਟਵੀਟ ਰਾਹੀਂ ਦੱਸਿਆ ਕਿ ਸੀ ਆਈ ਏ ਸਟਾਫ ਰੂਪਨਗਰ ਨੇ ਗੈਂਗਸਟਰ ਜੱਗੂ ਭਗਵਾਨਪੁਰੀਆ ਗਰੋਹ ਦੇ 6 ਮੈਂਬਰਾਂ ਨੂੰ ਗ੍ਰਿਫ਼ਤਾਰ ਕਰਕੇ 12 ਪਿਸਤੌਲ ਅਤੇ 50 ਕਾਰਤੂਸ ਬਰਾਮਦ ਕੀਤੇ ਹਨ। ਉਹ ਹਥਿਆਰਾਂ ਅਤੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰ ਰਹੇ ਸਨ। ਮੁਲਜ਼ਮਾਂ ਖਿਲਾਫ ਕੇਸ ਦਰਜ ਕਰ ਲਿਆ ਹੈ।

## ਯੂ ਪੀ ਦੀ ਪਟੀਸ਼ਨ 'ਤੇ ਸੁਣਵਾਈ ਭਲਕੇ

**ਨਵੀਂ ਦਿੱਲੀ** : ਹੋਰਨਾਂ ਪੱਛੜੀਆਂ ਸ਼੍ਰੇਣੀਆਂ (ਓ ਬੀ ਸੀ) ਲਈ ਰਾਖਵੇਂਕਰਨ ਤੋਂ ਬਿਨਾਂ ਨਗਰ ਕੌਂਸਲਾਂ ਤੇ ਨਿਗਮਾਂ ਦੀਆਂ ਚੋਣਾਂ ਕਰਵਾਉਣ ਦੇ ਅਲਾਹਾਬਾਦ ਹਾਈ ਕੋਰਟ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਯੂ ਪੀ ਸਰਕਾਰ ਦੀ ਪਟੀਸ਼ਨ 'ਤੇ ਸੁਪਰੀਮ ਕੋਰਟ ਬੁੱਧਵਾਰ ਸੁਣਵਾਈ ਕਰੇਗੀ। ਚੀਫ ਜਸਟਿਸ ਡੀ ਵਾਈ ਚੰਦਰਚੂੜ ਅਤੇ ਜਸਟਿਸ ਪੀ ਐੱਸ ਨਰਸਿਮ੍ਹਾ ਦੀ ਬੈਂਚ ਨੇ ਰਾਜ ਸਰਕਾਰ ਵੱਲੋਂ ਪੇਸ਼ ਹੋਏ ਸਾਲਿਸਟਰ ਜਨਰਲ ਤੁਸ਼ਾਰ ਮਹਿਤਾ ਦੀਆਂ ਦਲੀਲਾਂ ਦਾ ਨੋਟਿਸ ਲਿਆ ਅਤੇ ਕਿਹਾ ਕਿ ਇਸ ਮਾਮਲੇ ਦੀ ਤੁਰੰਤ ਸੁਣਵਾਈ ਦੀ ਲੋੜ ਹੈ।

## ਕਿਮ ਨੇ ਨੰਬਰ ਦੋ ਆਗੂ ਨੂੰ ਹਟਾਇਆ

**ਸਿਓਲ** : ਉੱਤਰੀ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਤੋਂ ਬਾਅਦ ਦੂਜੇ ਸਭ ਤੋਂ ਸ਼ਕਤੀਸ਼ਾਲੀ ਫੌਜੀ ਅਧਿਕਾਰੀ ਪਾਕ ਜੋਂਗ ਚੋਨ ਨੂੰ ਬਰਖਾਸਤ ਕਰ ਦਿੱਤਾ ਗਿਆ ਹੈ। ਅਧਿਕਾਰਤ ਕੇ ਸੀ ਐੱਨ ਏ ਨਿਊਜ਼ ਏਜੰਸੀ ਨੇ ਕਿਹਾ ਕਿ ਸੱਤਾਧਾਰੀ ਵਰਕਰਜ਼ ਪਾਰਟੀ ਦੇ ਕੇਂਦਰੀ ਮਿਲਟਰੀ ਕਮਿਸ਼ਨ ਦੇ ਵਾਈਸ ਚੇਅਰਮੈਨ ਅਤੇ ਪਾਰਟੀ ਦੀ ਕੇਂਦਰੀ ਕਮੇਟੀ ਦੇ ਸਕੱਤਰ ਪਾਕ ਨੂੰ ਪਿਛਲੇ ਹਫਤੇ ਕਮੇਟੀ ਦੀ ਸਾਲਾਨਾ ਮੀਟਿੰਗ ਵਿੱਚ ਹਟਾਇਆ ਗਿਆ ਤੇ ਉਸ ਦੀ ਥਾਂ ਰੀ ਯੋਂਗ ਗਿਲ ਨੂੰ ਲਗਾਇਆ ਹੈ। ਤਬਦੀਲੀ ਦਾ ਕੋਈ ਕਾਰਨ ਨਹੀਂ ਦੱਸਿਆ ਗਿਆ।

## ਅਧਿਕਾਰੀ ਲੋਕ-ਪੱਖੀ ਸਕੀਮਾਂ ਦਾ ਲਾਭ ਯਕੀਨੀ ਬਣਾਉਣ : ਮਾਨ

**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਸੂਬੇ ਦੇ ਅਧਿਕਾਰੀਆਂ ਨੂੰ ਸਰਕਾਰ ਦੀਆਂ ਲੋਕ-ਪੱਖੀ ਤੇ ਵਿਕਾਸ ਮੁਖੀ ਨੀਤੀਆਂ ਦਾ ਲਾਭ ਹੇਠਲੇ ਪੱਧਰ ਤੱਕ ਪਹੁੰਚਾਉਣ ਨੂੰ ਯਕੀਨੀ ਬਣਾਉਣ ਲਈ ਉਤਸ਼ਾਹ ਨਾਲ ਕੰਮ ਕਰਨ ਲਈ ਆਖਿਆ।

ਸੂਬੇ ਦੇ ਆਈ ਏ ਐੱਸ ਅਤੇ ਆਈ ਪੀ ਐੱਸ ਅਧਿਕਾਰੀਆਂ ਨੇ ਪੰਜਾਬ ਸਿਵਲ ਸਕੱਤਰੇਤ ਵਿਖੇ ਮੁੱਖ ਮੰਤਰੀ ਨਾਲ ਉਨ੍ਹਾ ਦੇ ਦਫਤਰ ਵਿਖੇ ਮੁਲਾਕਾਤ ਕੀਤੀ। ਇਸ ਮੌਕੇ ਮੁੱਖ ਮੰਤਰੀ ਨੇ ਅਧਿਕਾਰੀਆਂ ਨੂੰ ਨਵੇਂ ਵਰ੍ਹੇ ਦੀ ਵਧਾਈ ਦਿੰਦੇ ਹੋਏ ਲੋਕ ਭਲਾਈ ਕਾਰਜਾਂ ਨੂੰ ਸਭ ਤੋਂ ਵੱਧ ਤਰਜੀਹ ਦੇਣ ਲਈ ਆਖਿਆ। ਉਨ੍ਹਾ ਅਧਿਕਾਰੀਆਂ ਨੂੰ ਸੂਬੇ ਦੇ ਲੋਕਾਂ ਦੀ ਬਿਹਤਰੀ ਲਈ ਸਮਰਪਿਤ ਭਾਵਨਾ ਨਾਲ ਕੰਮ ਕਰਨ ਲਈ ਆਖਿਆ, ਤਾਂ ਕਿ ਸੂਬੇ ਦੇ ਕਮਜ਼ੋਰ ਅਤੇ ਪੱਛੜੇ ਵਰਗਾਂ ਨੂੰ ਸਰਕਾਰ ਦੀਆਂ ਨੀਤੀਆਂ ਤੇ ਉਪਰਾਲਿਆਂ ਦਾ ਸਹੀ ਮਾਅਨਿਆਂ ਵਿਚ ਲਾਭ ਹਾਸਲ ਹੋ ਸਕੇ। ਭਗਵੰਤ ਮਾਨ ਨੇ ਕਿਹਾ ਕਿ ਇਹ ਯਕੀਨੀ ਬਣਾਉਣ ਦੀ ਲੋੜ ਹੈ ਕਿ ਸਰਕਾਰ ਦੀਆਂ ਨੀਤੀਆਂ ਦਾ ਲਾਭ ਹਰੇਕ ਹੱਕਦਾਰ ਲਾਭਪਾਤਰੀ ਨੂੰ ਹਾਸਲ ਹੋਵੇ। ਮੁੱਖ ਮੰਤਰੀ ਨੇ ਕਿਹਾ ਕਿ ਸਮਾਜ ਭਲਾਈ ਸਕੀਮਾਂ ਲਾਗੂ ਕਰਨ ਵਿੱਚ ਕਿਸੇ ਵੀ ਤਰ੍ਹਾਂ ਦਾ ਪੱਖਪਾਤ ਜਾਂ ਭਾਈ-ਭਤੀਜਾਵਾਦ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਲੋਕਾਂ ਨੂੰ ਪਾਰਦਰਸ਼ੀ ਪ੍ਰਸ਼ਾਸਨ ਦੇਣਾ ਸੂਬਾ ਸਰਕਾਰ ਦੀ ਮੁੱਖ ਤਰਜੀਹ ਹੈ। ਉਹਨਾ ਕਿਹਾ ਕਿ ਪੰਜਾਬ ਨੂੰ ਹਰੇਕ ਖੇਤਰ ਵਿੱਚ ਦੇਸ਼ ਭਰ ਵਿੱਚੋਂ ਮੋਹਰੀ ਸੂਬਾ ਬਣਾਉਣ ਲਈ ਇਹ ਸਮੇਂ ਦੀ ਲੋੜ ਹੈ। ਆਈ ਏ ਐੱਸ ਤੇ ਆਈ ਪੀ ਐੱਸ ਅਧਿਕਾਰੀਆਂ ਨੂੰ ਸੂਬਾ ਸਰਕਾਰ ਦੀ ਰੀੜ੍ਹ ਦੀ ਹੱਡੀ ਦੱਸਦਿਆਂ ਮੁੱਖ ਮੰਤਰੀ ਨੇ ਪੰਜਾਬ ਤੇ ਇਸ ਦੇ ਲੋਕਾਂ ਦੀ ਖ਼ੁਸ਼ਹਾਲੀ ਯਕੀਨੀ ਬਣਾਉਣ ਲਈ ਅਧਿਕਾਰੀਆਂ ਨੂੰ ਆਪਣੇ ਫ਼ਰਜ਼ ਪੂਰੀ ਦਿਆਨਤਦਾਰੀ ਤੇ ਸਮਰਪਿਤ ਭਾਵਨਾ ਨਾਲ ਨਿਭਾਉਣ ਲਈ ਆਖਿਆ। ਉਨ੍ਹਾ ਕਿਹਾ ਕਿ ਸਮਾਂ ਆ ਗਿਆ ਹੈ, ਜਦੋਂ ਸੂਬੇ ਦੀ ਪੁਰਾਤਨ ਸ਼ਾਨ ਬਹਾਲ ਕਰਨ ਲਈ ਸਾਨੂੰ ਸਾਰਿਆਂ ਨੂੰ ਇਕਜੁੱਟ ਹੋ ਕੇ ਕੋਸ਼ਿਸ਼ਾਂ ਕਰਨੀਆਂ ਚਾਹੀਦੀਆਂ ਹਨ। ਉਹਨਾ ਉਮੀਦ ਜਤਾਈ ਕਿ ਹਰੇਕ ਅਧਿਕਾਰੀ ਪੰਜਾਬ ਨੂੰ ਦੇਸ਼ ਦਾ ਮੋਹਰੀ ਸੂਬਾ ਬਣਾਉਣ ਲਈ ਆਪਣੀ ਪੂਰੀ ਵਾਹ ਲਾਏਗਾ।

### 2023 ਦਾ ਕੈਲੰਡਰ ਜਾਰੀ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਸੋਮਵਾਰ ਸਵੇਰੇ ਪੰਜਾਬ ਸਿਵਲ ਸਕੱਤਰੇਤ-1 ਸਥਿਤ ਆਪਣੇ ਦਫਤਰ ਵਿਖੇ ਸਾਲ 2023 ਲਈ ਪੰਜਾਬ ਸਰਕਾਰ ਦਾ ਕੈਲੰਡਰ ਜਾਰੀ ਕੀਤਾ। ਕੈਲੰਡਰ ਦਾ ਖਾਕਾ ਤੇ ਰੂਪ-ਰੇਖਾ ਸੂਚਨਾ ਤੇ ਲੋਕ ਸੰਪਰਕ ਵਿਭਾਗ ਵੱਲੋਂ ਤਿਆਰ ਕੀਤੀ ਗਈ ਹੈ ਅਤੇ ਕੰਟਰੋਲਰ ਪ੍ਰਿੰਟਿੰਗ ਐਂਡ ਸਟੇਸ਼ਨਰੀ ਪੰਜਾਬ ਵੱਲੋਂ ਕੈਲੰਡਰ ਛਾਪਿਆ ਗਿਆ ਹੈ। ਇਸ ਮੌਕੇ ਮੁੱਖ ਸਕੱਤਰ ਵਿਜੇ ਕੁਮਾਰ ਜੰਜੂਆ, ਮੁੱਖ ਮੰਤਰੀ ਦੇ ਵਧੀਕ ਮੁੱਖ ਸਕੱਤਰ ਏ ਵੇਣੂ ਪ੍ਰਸਾਦ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਪ੍ਰਮੁੱਖ ਸਕੱਤਰ ਰਾਹੁਲ ਭੰਡਾਰੀ, ਸੂਚਨਾ ਤੇ ਲੋਕ ਸੰਪਰਕ ਵਿਭਾਗ ਦੇ ਡਾਇਰੈਕਟਰ ਸੋਨਾਲੀ ਗਿਰ ਅਤੇ ਅਧਿਕਾਰੀ ਹੋਰ ਹਾਜ਼ਰ ਸਨ।

## ਡਾਂਗਰੀ ਪਿੰਡ 'ਚ ਧਮਾਕੇ ਨਾਲ 2 ਬੱਚਿਆਂ ਦੀ ਮੌਤ



**ਜੰਮੂ** : ਰਾਜੌਰੀ ਜ਼ਿਲ੍ਹੇ ਦੇ ਡਾਂਗਰੀ ਪਿੰਡ 'ਚ ਐਤਵਾਰ ਦੇ ਅੱਤਵਾਦੀ ਹਮਲੇ ਦੇ ਪੀੜਤਾਂ ਵਿੱਚੋਂ ਇੱਕ ਦੇ ਘਰ ਨੇੜੇ ਹੋਏ ਆਈ ਈ ਡੀ ਧਮਾਕੇ 'ਚ ਪੰਜ ਸਾਲ ਦੇ ਮੁੰਡੇ ਤੇ ਇਕ ਨਾਬਾਲਗ ਕੁੜੀ ਦੀ ਮੌਤ ਹੋ ਗਈ ਅਤੇ 4 ਹੋਰ ਜ਼ਖ਼ਮੀ ਹੋ ਗਏ। ਐਤਵਾਰ ਸ਼ਾਮ ਨੂੰ ਅੱਤਵਾਦੀਆਂ ਨੇ ਇਲਾਕੇ 'ਚ ਤਿੰਨ ਘਰਾਂ 'ਤੇ ਗੋਲੀਬਾਰੀ ਕੀਤੀ, ਜਿਸ 'ਚ ਚਾਰ ਨਾਗਰਿਕਾਂ ਦੀ ਮੌਤ ਹੋ ਗਈ ਅਤੇ ਛੇ ਹੋਰ ਜ਼ਖ਼ਮੀ ਹੋ ਗਏ ਸਨ। ਪੁਲਸ ਮੁਤਾਬਕ ਸੋਮਵਾਰ ਧਮਾਕਾ ਉਸ ਘਰ ਦੇ ਨੇੜੇ ਹੋਇਆ, ਜਿਥੇ ਐਤਵਾਰ ਗੋਲੀਬਾਰੀ ਕੀਤੀ ਗਈ ਸੀ। ਸੁਰੱਖਿਆ ਬਲਾਂ ਨੇ ਵਿਸ਼ੇਸ਼ ਭਾਈਚਾਰੇ ਦੇ ਲੋਕਾਂ 'ਤੇ ਹਮਲੇ 'ਚ ਸ਼ਾਮਲ ਦੋ ਮਸ਼ਕੂਕ ਅੱਤਵਾਦੀਆਂ ਦਾ ਪਤਾ ਲਗਾਉਣ ਲਈ ਵਾਧੂ ਜਵਾਨਾਂ ਨਾਲ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਤੇਜ਼ ਕਰ ਦਿੱਤੀ ਗਈ ਹੈ।

ਰਾਜੌਰੀ ਕਸਬੇ 'ਚ ਲੋਕਾਂ ਨੇ ਡਾਂਗਰੀ ਚੌਕ 'ਤੇ ਇਕੱਠੇ ਹੋ ਕੇ ਹਮਲੇ 'ਚ ਮਾਰੇ ਗਏ ਲੋਕਾਂ ਦੀਆਂ ਲਾਸ਼ਾਂ ਰੱਖ ਕੇ ਸੜਕ ਜਾਮ ਕਰ ਦਿੱਤੀ।

## ਵਿਸ਼ੇਸ਼ ਸਪਲੀਮੈਂਟ



**ਕਪੂਰਥਲਾ** ਤੋਂ ਜਰਨਲਿਸਟ ਪ੍ਰੈੱਸ ਕਲੱਬ (ਰਜਿ.) ਪੰਜਾਬ ਦੀ 9ਵੀਂ ਵਰ੍ਹੇਗੰਢ ਮੌਕੇ 7 ਜਨਵਰੀ ਨੂੰ ਵਿਸ਼ੇਸ਼ ਸਪਲੀਮੈਂਟ ਪ੍ਰਕਾਸ਼ਤ ਕੀਤਾ ਜਾ ਰਿਹਾ ਹੈ। ਇਸ ਸੰਬੰਧੀ ਇਸ਼ਤਿਹਾਰ ਤੇ ਹੋਰ ਸਮੱਗਰੀ ਦੇਣ ਲਈ ਸਾਡੇ ਪੱਤਰਕਾਰ **ਪ੍ਰੀਤ ਸੰਗੋਜਲਾ** ਨਾਲ ਮੋਬਾਇਲ 99143-35663 'ਤੇ ਸੰਪਰਕ ਕਰੋ।

-ਜਨਰਲ ਮੈਨੇਜਰ

## ਐੱਕਸਪ੍ਰੈੱਸ ਦੇ 13 ਡੱਬੇ ਪਟੜੀਓਂ ਲੱਥਣ ਨਾਲ 26 ਜ਼ਖ਼ਮੀ




**ਜੈਪੁਰ** : ਰਾਜਸਥਾਨ ਦੇ ਪਾਲੀ ਜ਼ਿਲ੍ਹੇ 'ਚ ਸੋਮਵਾਰ ਤੜਕੇ ਬਾਂਦਰਾ ਟਰਮੀਨਸ-ਜੋਧਪੁਰ ਸੂਰਿਆਨਗਰੀ ਐੱਕਸਪ੍ਰੈੱਸ (ਟਰੇਨ ਨੰਬਰ 12480) ਦੇ 13 ਡੱਬੇ ਪਟੜੀ ਤੋਂ ਉਤਰ ਗਏ। ਨਤੀਜੇ ਵਜੋਂ 26 ਵਿਅਕਤੀ ਜ਼ਖ਼ਮੀ ਹੋ ਗਏ। ਉੱਤਰੀ ਪੱਛਮੀ ਰੇਲਵੇ ਦੇ ਬੁਲਾਰੇ ਨੇ ਦੱਸਿਆ ਕਿ ਹਾਦਸੇ ਕਾਰਨ ਕਈ ਟਰੇਨਾਂ ਰੱਦ ਕਰਨੀਆਂ ਪਈਆਂ ਜਾਂ ਉਨ੍ਹਾਂ ਦੇ ਰੂਟ ਬਦਲਣੇ ਪਏ। ਰੇਲਵੇ ਨੇ ਹੈਲਪਲਾਈਨ ਨੰਬਰਾਂ ਦਾ ਐਲਾਨ ਕੀਤਾ ਹੈ। ਬੁਲਾਰੇ ਨੇ ਦੱਸਿਆ ਕਿ ਰੇਲ ਮੰਤਰੀ ਅਸ਼ਵਿਨੀ ਵੈਸ਼ਨਵ ਸਥਿਤੀ 'ਤੇ ਨਜ਼ਰ ਰੱਖ ਰਹੇ ਹਨ।

## ਲੈਫਟੀਨੈਂਟ ਕਰਨਲ ਪੁਰੋਹਿਤ ਦੀ ਪਟੀਸ਼ਨ ਖਾਰਜ

**ਮੁੰਬਈ** : ਬੰਬੇ ਹਾਈ ਕੋਰਟ ਨੇ 2008 ਦੇ ਮਾਲੇਗਾਓਂ ਧਮਾਕੇ ਦੇ ਮਾਮਲੇ 'ਚ ਲੈਫਟੀਨੈਂਟ ਕਰਨਲ ਪ੍ਰਸਾਦ ਸ੍ਰੀਕਾਂਤ ਪੁਰੋਹਿਤ ਨੂੰ ਬਰੀ ਕਰਨ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ। ਪੁਰੋਹਿਤ ਅਤੇ ਭਾਜਪਾ ਸਾਂਸਦ ਪ੍ਰੱਗਿਆ ਸਿੰਘ ਠਾਕੁਰ ਸਮੇਤ ਛੇ ਹੋਰ ਮੁਲਜ਼ਮ ਸਤੰਬਰ 2008 ਦੇ ਬੰਬ ਧਮਾਕੇ ਦੇ ਮਾਮਲੇ ਵਿਚ ਮੁਕੱਦਮੇ ਦਾ ਸਾਹਮਣਾ ਕਰ ਰਹੇ ਹਨ। ਫਿਲਹਾਲ ਸਾਰੇ ਜ਼ਮਾਨਤ 'ਤੇ ਬਾਹਰ ਹਨ। ਪੁਰੋਹਿਤ ਨੇ ਇਹ ਦਾਅਵਾ ਕਰਦੇ ਹੋਏ ਆਪਣੀ ਰਿਹਾਈ ਲਈ ਅਪੀਲ ਕੀਤੀ ਸੀ ਕਿ ਉਸ 'ਤੇ ਮੁਕੱਦਮਾ ਚਲਾਉਣ ਲਈ ਕੋਡ ਆਫ ਕ੍ਰਿਮੀਨਲ ਪ੍ਰੋਸੀਜਰ (ਸੀ ਆਰ ਪੀ ਸੀ) ਦੀਆਂ ਸੰਬੰਧਤ ਵਿਵਸਥਾਵਾਂ ਦੇ ਤਹਿਤ ਮਨਜ਼ੂਰੀ ਨਹੀਂ ਲਈ ਗਈ ਸੀ।

## ਸ਼ਰਾਬ ਫੈਕਟਰੀ ਖਿਲਾਫ ਸੰਘਰਸ਼ 'ਚ 5 ਤੋਂ ਜਥੇ ਭੇਜੇ ਜਾਣਗੇ : ਬਲਕਰਨ ਬਰਾੜ

**ਕੋਟਕਪੂਰਾ (ਰਛਪਾਲ ਭੁੱਲਰ)**

ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ) ਨਾਲ ਸਬੰਧਤ 10 ਜ਼ਿਲ੍ਹਿਆਂ ਦੇ ਕਿਸਾਨ ਆਗੂਆਂ ਦੀ ਮੀਟਿੰਗ ਸਥਾਨਕ ਸ਼ਹੀਦ ਕਾਮਰੇਡ ਅਮੋਲਕ ਭਵਨ ਵਿਖੇ ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਨੂੰ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਸੰਬੋਧਨ ਕਰਦੇ ਹੋਏ ਜ਼ੀਰਾ ਲਾਗੇ ਸ਼ਰਾਬ ਫੈਕਟਰੀ ਖਿਲਾਫ ਸੰਯੁਕਤ ਕਿਸਾਨ ਮੋਰਚੇ ਵੱਲੋਂ ਚਲਾਏ ਜਾ ਰਹੇ ਸੰਘਰਸ਼ ਨੂੰ ਹੋਰ ਤੇਜ਼ ਕਰਨ ਦਾ ਐਲਾਨ ਕਰਦੇ ਹੋਏ 5 ਜਨਵਰੀ ਤੋਂ ਲਗਾਤਾਰ ਜਥੇ ਭੇਜਣ ਦਾ ਐਲਾਨ ਕੀਤਾ। ਮੀਟਿੰਗ ਨੂੰ ਸੁਰਿੰਦਰ ਢੰਡੀਆਂ, ਕਸ਼ਮੀਰ ਸਿੰਘ, ਮਹਾਂਵਰ ਸਿੰਘ ਗਿੱਲ, ਕੁਲਦੀਪ ਸਿੰਘ ਭੋਲਾ, ਚਰਨ ਸਿੰਘ, ਦਰਸ਼ਨ ਸਿੰਘ ਸਰਾਵਾਂ, ਹਰਪਾਲ ਸਿੰਘ ਮਚਾਕੀ, ਰੇਸ਼ਮ ਸਿੰਘ ਵਾਂਦਰ ਜਟਾਣਾ, ਹਰਦਿਆਲ ਸਿੰਘ ਘਾਲੀ, ਮੇਜਰ ਸਿੰਘ, ਨਾਇਬ ਸਿੰਘ, ਸੰਦੀਪ ਸਿੰਘ ਜੋਧਾਂ, ਗੁਰਜੀਤ ਸਿੰਘ, ਰਣਜੀਤ ਸਿੰਘ, ਚਰਨਜੀਤ ਸਿੰਘ ਤੇ ਵਜ਼ੀਰ ਸਿੰਘ ਆਦਿ ਨੇ ਸੰਬੋਧਨ ਕਰਦੇ ਹੋਏ ਬਾਕੀ ਸਫ਼ਾ 2 'ਤੇ



## ਅੱਜ-ਨਾਮਾ

ਚੰਦਰਾ ਸੈਲਫੀ ਦਾ ਚਸਕਾ ਹੈ ਬੜਾ ਮਾੜਾ,
ਛੱਡਦਾ ਮਾਰ ਬਈ ਮੂਲੋਂ ਇਹ ਮੱਤ ਬੇਲੀ।
ਚਸਕਾ ਜਿਨ੍ਹਾਂ ਨੂੰ ਲੱਗਾ ਈ ਸੈਲਫੀਆਂ ਦਾ,
ਕਰਦੇ ਲੋਕ ਉਹ ਫਿਰਨ ਬੱਸ ਅੱਤ ਬੇਲੀ।
ਜਾਂਦੀ ਸੜਕ 'ਤੇ ਕੁੜੀ ਨਾਲ ਸੈਲਫੀਆਂ ਤੋਂ,
ਬਹਿ ਗਿਆ ਛੋਹਰਾ ਸੀ ਛੇੜ ਕੁਪੱਤ ਬੇਲੀ।
ਖੜੋਤਾ ਸੀਗਾ ਕੋਈ ਨਹਿਰ ਦੇ ਆਣ ਕੰਢੇ,
ਲਿਆ ਸੀ ਮੌਤ ਉਸ ਨੂੰ ਘੇਰਾ ਘੱਤ ਬੇਲੀ।
ਚੜ੍ਹਿਆ ਨਵਾਂ ਜਦ ਸਾਲ ਤਾਂ ਫੇਰ ਸੁਣਿਆ,
ਕਰ ਲਿਆ ਟਰੇਨ ਦੇ ਮੂਹਰੇ ਕੁਚੱਜ ਬੇਲੀ।
ਸੈਲਫੀ ਲੈਂਦੇ ਸਨ ਮਾਰੇ ਗਏ ਤਿੰਨ ਛੋਹਰੇ,
ਬਚਿਆ ਚੌਥਾ ਸੀ ਵਕਤ ਸਿਰ ਭੱਜ ਬੇਲੀ।

-ਤੀਸ ਮਾਰ ਖਾਂ

## ਤਰਕਸ਼ੀਲ ਸੁਸਾਇਟੀ ਪੰਜਾਬ ਵੀ ਜ਼ੀਰਾ ਮੋਰਚੇ ਦੀ ਹਮਾਇਤ 'ਤੇ ਅੱਗੇ ਆਈ




ਸਾਂਝਾ ਮੋਰਚਾ ਜ਼ੀਰਾ ਨਾਲ ਇੱਕਜੁੱਟਤਾ ਦਾ ਪ੍ਰਗਟਾਵਾ ਕਰਦੇ ਹੋਏ ਤਰਕਸ਼ੀਲ ਕਾਰਕੁਨ।

**ਸ਼ਾਹਕੋਟ (ਗਿਆਨ ਸੈਦਪੁਰੀ)**

'ਅਸਾਵੀਂ ਜੰਗ ਜਿੱਤਣ ਦਾ ਸਕੂਲ ਬਣੀਆਂ ਸਨ ਗੁਰੂ ਗੋਬਿੰਦ ਸਿੰਘ ਵੱਲੋਂ ਇਸਲਾਮੀ ਸਟੇਟ ਵਿਰੁੱਧ ਲੜੀਆਂ ਜੰਗਾਂ ਸਾਡੇ ਸਮਿਆਂ ਵਿੱਚ ਟਿੱਕਰੀ ਬਾਰਡਰ ਤੇ ਹੋਇਆ ਕਿਸਾਨੀ ਅੰਦੋਲਨ ਵੀ ਅਜਿਹਾ ਸਕੂਲ ਸੀ। ਉਕਤ ਵਿਚਾਰਾਂ ਦਾ ਪ੍ਰਗਟਾਵਾ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਆਗੂ ਜਸਵਿੰਦਰ ਸਿੰਘ ਗਵਾੜਾ ਨੇ ਕੀਤਾ। ਉਹ 'ਫੈਕਟਰੀ ਹਟਾਓ ਇਲਾਕਾ ਬਚਾਓ' ਸਾਂਝਾ ਮੋਰਚਾ ਜ਼ੀਰਾ ਦੀ ਹਮਾਇਤ 'ਤੇ ਉਤਰੀ ਤਰਕਸ਼ੀਲ ਸੁਸਾਇਟੀ ਦੇ ਨੁਮਾਇੰਦੇ ਵਜੋਂ ਜ਼ੀਰਾ ਵਿਖੇ ਸੰਬੋਧਨ ਕਰ ਰਹੇ ਸਨ। ਉਨ੍ਹਾ ਕਿਹਾ ਕਿ ਗੁਰੂ ਗੋਬਿੰਦ ਸਿੰਘ ਦੇ ਸਮੇਂ ਅਤੇ ਦਿੱਲੀ ਦੀਆਂ ਬਰੂਹਾਂ 'ਤੇ ਹੋਏ ਕਿਸਾਨੀ ਅੰਦੋਲਨ ਦੀ ਤਰਜ਼ 'ਤੇ ਹੀ ਜ਼ੀਰਾ ਅੰਦੋਲਨ ਹੋ ਰਿਹਾ ਹੈ। ਇਹ ਵੀ ਆਸਾਵੀਂ ਜੰਗ ਜਿੱਤਣ ਦਾ ਸਕੂਲ ਸਾਬਤ ਹੋਵੇਗਾ। ਉਨ੍ਹਾ ਕਿਹਾ ਕਿ ਜ਼ੀਰਾ ਪਾਣੀ ਬਚਾਉਣ ਦਾ ਮੂੰਹ ਬਣੇਗਾ।

ਤਰਕਸ਼ੀਲ ਆਗੂ ਸੁਰਜੀਤ ਟਿੱਬਾ ਨੇ ਇੰਗਲੈਂਡ ਵਿੱਚ 17ਵੀਂ ਸਦੀ ਵਿੱਚ ਹੋਈ ਉਦਯੋਗਿਕ ਕ੍ਰਾਂਤੀ ਦੇ ਹਵਾਲੇ ਨਾਲ ਕਿਹਾ ਕਿ ਇਹ ਅੱਜ ਦੇ ਦੌਰ ਵਿੱਚ ਜਾਰੀ ਹੈ। ਨੁਕਸ ਇਸ ਗੱਲ ਵਿੱਚ ਹੈ ਕਿ ਯੂਰਪ ਦੇ ਵਿਕਸਤ ਦੇਸ਼ ਭਾਰਤ ਵਰਗੇ ਮੁਲਕਾਂ ਵਿੱਚ ਘਟੀਆ ਕਿਸਮ ਅਤੇ ਨਾਕਸ ਤਕਨੀਕ ਵਾਲੀਆਂ ਫੈਕਟਰੀਆਂ ਲਾ ਕੇ ਲੋਕਾਂ ਦੀ ਜਾਨ ਨਾਲ ਖੇਡ ਰਹੇ ਹਨ। ਟਿੱਬਾ ਨੇ ਕਿਹਾ ਕਿ ਸਾਡੀਆਂ ਸਰਕਾਰਾਂ ਵੀ ਉਸੇ ਘਟੀਆ ਕਿਸਮ ਅਤੇ ਨਾਕਸ ਤਕਨੀਕ ਵਾਲੀਆਂ ਫੈਕਟਰੀਆਂ ਲਾ ਕੇ ਲੋਕਾਂ ਦੀ ਜਾਨ ਨਾਲ ਖੇਡ ਰਹੀਆਂ ਹਨ। ਉਸੇ ਘਟੀਆ ਕਿਸਮ ਦੀ ਫੈਕਟਰੀ ਜ਼ੀਰਾ ਦੇ ਪਿੰਡ ਮਨਸੂਰਵਾਲਾ ਵਿੱਚ ਲਗਾਈ ਹੈ। ਤਰਕਸ਼ੀਲ ਆਗੂ ਨੇ ਮੋਰਚੇ ਦੇ ਸੰਚਾਲਕਾਂ ਨਾਲ ਇੱਕਜੁਟਤਾ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਅੰਦੋਲਨ ਦੀ ਜਿੱਤ ਤੱਕ ਤਰਕਸ਼ੀਲ ਸੁਸਾਇਟੀ ਸਾਥ ਦੇਵੇਗੀ।

ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਨੇ ਸਾਂਝੇ ਮੋਰਚੇ ਦੀ ਸਟੇਜ ਤੋਂ ਸੰਬੋਧਨ ਕਰਦਿਆ ਕਿਹਾ ਕਿ ਜ਼ੀਰਾ ਅੰਦੋਲਨ ਦੀ ਗੂੰਜ ਪੂਰੇ ਵਿਸ਼ਵ ਵਿੱਚ ਪੈ ਰਹੀ ਹੈ। ਉਨ੍ਹਾ ਕਿਹਾ ਜ਼ੀਰਾ ਮੋਰਚੇ ਵਾਲੇ ਲੋਕ ਮੁਬਾਰਕ ਦੇ ਹੱਕਦਾਰ ਹਨ, ਜਿਨ੍ਹਾਂ ਨੇ ਸਰਕਾਰਾਂ ਦੀਆਂ ਕੋਝੀਆਂ ਚਾਲਾਂ ਨੂੰ ਬੇਨਕਾਬ ਕੀਤਾ ਹੈ। ਇਸ ਤੋਂ ਪਹਿਲਾ ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੇ ਜ਼ੋਨ ਜਲੰਧਰ ਦੀਆਂ ਅੱਠ ਇਕਾਈਆਂ ਦੇ ਕਾਰਕੁਨਾਂ ਨੇ ਜ਼ੀਰਾ ਦੇ ਬਜ਼ਾਰਾਂ ਵਿੱਚ ਰੋਸ ਮਾਰਚ ਕੀਤਾ। ਸੁਸਾਇਟੀ ਵੱਲੋਂ ਵਾਤਾਵਰਨ ਬਣਾਉਣ ਲਈ ਅੱਗੇ ਆਉਣ, ਹਵਾ, ਪਾਣੀ ਤੇ ਧਰਤੀ ਬਚਾਉਣ ਲਈ ਇਕਜੁੱਟ ਹੋਣ ਦੀ ਪ੍ਰੇਰਨਾ ਦਿੰਦਾ ਪੈਂਫਲਟ ਵੀ ਵੰਡਿਆ ਗਿਆ।

## ਸ਼ੀਜ਼ਾਨ ਦੇ ਪਰਵਾਰ ਨੇ ਤੁਨੀਸ਼ਾ ਦੀ ਮਾਂ ਦੇ ਦੋਸ਼ ਝੁਠਲਾਏ

**ਮੁੰਬਈ** : ਗ੍ਰਿਫਤਾਰ ਅਭਿਨੇਤਾ ਸ਼ੀਜ਼ਾਨ ਖਾਨ ਦੇ ਪਰਵਾਰ ਅਤੇ ਉਸ ਦੀ ਕਾਨੂੰਨੀ ਟੀਮ ਨੇ ਸੋਮਵਾਰ ਮਰਹੂਮ ਅਭਿਨੇਤਰੀ ਤੁਨੀਸ਼ਾ ਦੀ ਮਾਂ ਵਨੀਤਾ ਸ਼ਰਮਾ ਦੇ ਦੋਸ਼ਾਂ ਦਾ ਮੋੜਵਾਂ ਜਵਾਬ ਦਿੰਦਿਆਂ ਕਿਹਾ ਕਿ ਉਨ੍ਹਾਂ ਨੇ ਉਸ ਨੂੰ ਕਦੇ ਵੀ ਇਸਲਾਮ ਕਬੂਲ ਕਰਨ ਲਈ ਮਜਬੂਰ ਨਹੀਂ ਕੀਤਾ। ਖਾਨ ਦੀਆਂ ਭੈਣਾਂ ਫਲਕ ਅਤੇ ਸਫਾਜ਼, ਮਾਂ ਅਤੇ ਉਨ੍ਹਾਂ ਦੇ ਵਕੀਲਾਂ ਨੇ ਵਨੀਤਾ ਸ਼ਰਮਾ ਦੇ 30 ਦਸੰਬਰ ਨੂੰ ਕੀਤੇ ਦਾਅਵਿਆਂ ਨੂੰ ਖਾਰਜ ਕਰ ਦਿੱਤਾ ਕਿ ਉਹ ਉਸ ਨੂੰ ਇਸਲਾਮ ਕਬੂਲ ਕਰਨ ਲਈ ਮਜਬੂਰ ਕਰ ਰਹੇ ਸਨ ਅਤੇ ਉਸ ਨੇ ਉਸ ਦੀ ਇੱਛਾ ਦੇ ਵਿਰੁੱਧ ਹਿਜਾਬ ਪਾਉਣਾ ਸ਼ੁਰੂ ਕਰ ਦਿੱਤਾ ਸੀ। ਸ਼ੀਜ਼ਾਨ ਦੀਆਂ ਭੈਣਾਂ ਨੇ ਦੱਸਿਆ ਕਿ ਤੁਨੀਸ਼ਾ ਦੀ ਹਿਜਾਬ ਪਹਿਨਣ ਵਾਲੀ ਵਾਇਰਲ ਫੋਟੋ ਅਸਲ 'ਚ ਉਸ ਦੇ ਸ਼ੋਅ ਦੇ ਸ਼ੂਟ ਦੀ ਸੀ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਖਾਨ ਪਰਵਾਰ ਨੇ ਕਿਹਾ ਕਿ ਇਸ ਦੇ ਉਲਟ ਵਨੀਤਾ ਸ਼ਰਮਾ ਆਪਣੀ ਧੀ ਤੋਂ ਜਬਰੀ ਕੰਮ ਕਰਵਾ ਰਹੀ ਸੀ।

3-JAN-PAGE-1.qxd 1/2/2023 10:27 PM Page 2



## ਮਾਤਾ ਨੈਣਾ ਦੇਵੀ ਦੇ ਸ਼ਰਧਾਲੂਆਂ ਨੇ ਲੰਗਰ ਲਗਾਇਆ



**ਮੂਨਕ (ਰਾਜਪਾਲ ਸਿੰਗਲਾ)**-ਸ਼ਹਿਰ ਦੀ ਲੰਗਰ ਕਮੇਟੀ ਨੇ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮਾਤਾ ਨੈਣਾ ਦੇਵੀ ਦੇ ਚਰਨਾਂ ਵਿੱਚ ਲੰਗਰ ਸੇਵਾ ਕੀਤੀ। ਇਹ ਲੰਗਰ ਸੇਵਾ ਪਿਛਲੇ ਕਰੀਬ 20 ਸਾਲਾਂ ਤੋਂ ਸ਼ਹਿਰ ਦੇ ਸ਼ਰਧਾਲੂਆਂ ਦੀ ਕ੍ਰਿਪਾ ਸਦਕਾ ਚੱਲ ਰਿਹਾ ਹੈ। ਇਸ ਵਾਰ ਵੀ 30 ਦਸੰਬਰ ਤੋਂ ਸ਼ੁਰੂ ਹੋ ਕੇ 1 ਜਨਵਰੀ ਤੱਕ ਮਾਤਾ ਨੈਣਾ ਦੇਵੀ ਦੇ ਚਰਨਾਂ ਵਿੱਚ ਲੰਗਰ ਦੇ ਭੰਡਾਰੇ ਭਰੇ ਰਹੇ। ਇਸ ਮੌਕੇ ਮਾਤਾ ਨੈਣਾ ਦੇਵੀ ਦੇ ਚਰਨਾਂ ਵਿੱਚ ਪਹੁੰਚੇ ਸਾਬਕਾ ਨਗਰ ਪੰਚਾਇਤ ਪ੍ਰਧਾਨ ਭੀਮ ਗਰਗ ਤੇ ਡਾਕਟਰ ਸੋਨੂੰ ਨੇ ਜਿੱਥੇ ਸ਼ਹਿਰ ਦੇ ਨੌਜਵਾਨਾਂ ਵੱਲੋਂ ਲਗਾਏ ਗਏ ਲੰਗਰ ਦੀ ਸ਼ਲਾਘਾ ਕੀਤੀ, ਉੱਥੇ ਹੀ ਸ਼ਹਿਰ ਵਾਸਆਂ ਤੋਂ ਵੱਧ ਤੋਂ ਵੱਧ ਜੁੜਨ ਦੀ ਉਮੀਦ ਵੀ ਰੱਖੀ ਤੇ ਕਿਹਾ ਕਿ ਤਾਂ ਹੀ ਅਸੀਂ ਇਸ ਲੰਗਰ ਪ੍ਰਥਾ ਨੂੰ ਮਾਤਾ ਨੈਣਾ ਦੇਵੀ ਦੇ ਚਰਨਾਂ ਵਿੱਚ ਜੁਗੋ ਜੁਗ ਰੱਖ ਸਕਦੇ ਹਾਂ। ਉਨ੍ਹਾ ਕਿਹਾ ਕਿ ਮਾਤਾ ਨੈਣਾ ਦੇਵੀ ਦੀ ਕ੍ਰਿਪਾ ਸਦਕਾ ਹੀ ਇੰਨੇ ਲੰਬੇ ਸਮੇਂ ਤੋਂ ਹੀ ਸ਼ਹਿਰ ਵਾਸੀ ਨੌਜਵਾਨਾਂ ਵਿੱਚ ਲੰਗਰ ਸੇਵਾ ਲਈ ਭਾਰੀ ਉਤਸ਼ਾਹ ਦੇਖਣ ਲਈ ਮਿਲ ਰਿਹਾ ਹੈ। ਇਸ ਦੇ ਨਾਲ ਹੀ ਪੂਰੀ ਲੰਗਰ ਕਮੇਟੀ ਨੇ ਸ਼ਹਿਰ ਦੀ ਸੁੱਖ ਸ਼ਾਂਤੀ ਲਈ 31 ਦਸੰਬਰ ਨੂੰ ਮਾਤਾ ਨੈਣਾ ਦੇਵੀ ਦੇ ਚਰਨਾਂ ਵਿੱਚ ਅਰਾਧਨਾ ਕੀਤੀ ਤੇ ਕੇਕ ਕੱਟ ਕੇ ਖੁਸ਼ੀਆਂ ਭਰੇ ਨਵੇਂ ਸਾਲ ਦਾ ਜਸ਼ਨ ਮਨਾਇਆ ਗਿਆ। ਇਸ ਮੌਕੇ ਲੱਕੀ ਸਿੰਗਲਾ, ਸਤੀਸ਼ ਟੀਟਾ, ਅਨੀਲ, ਨਵੀਨ ਕੁਮਾਰ (ਹੈਪੀ), ਰੋਹਿਤ ਗੋਇਲ, ਸਿਪਾ, ਸੰਨੀ ਜੈਨ, ਪ੍ਰਿੰਸ ਗਰਗ, ਬਿੱਟੂ ਆਸਟਾ, ਰਿੰਕੂ ਸਿੰਗਲਾ, ਕੇਵਲ ਗਰਗ, ਸਤੀਸ਼ ਕੁਮਾਰ, ਕਾਲਾ ਆਸਟਾ, ਕਸ਼ਿਸ਼ ਅਰੋੜਾ, ਅਸ਼ੋਕ ਕੁਮਾਰ (ਸ਼ੈਂਕੀ) ਤੇ ਗਿਆਨ ਚੰਦ ਹਾਜ਼ਰ ਸਨ।

## ਭਾਰਤ ਜੋੜੋ ਯਾਤਰਾ ਨੂੰ ਮਿਲ ਰਿਹੈ ਵੱਡਾ ਹੁੰਗਾਰਾ : ਬਿੱਟੂ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**-ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਗਈ ਭਾਰਤ ਦੀ ਯਾਤਰਾ ਦੇਸ਼ ਦੇ ਇਤਿਹਾਸ ਵਿੱਚ ਮੀਲ ਪੱਥਰ ਸਾਬਿਤ ਹੋਵੇਗੀ। ਦੇਸ਼ ਦੇ ਟੁੱਕੜੇ-ਟੁੱਕੜੇ ਕਰਨ ਦੀਆਂ ਵਿਉਂਤਾਂ ਬਣਾ ਰਹੀ ਭਾਜਪਾ ਤੇ ਉਸ ਦੀਆਂ ਸਹਿਯੋਗੀ ਪਾਰਟੀਆਂ ਦੀਆਂ ਦੇਸ਼ ਵਿਰੋਧੀ ਨੀਤੀਆਂ ਦਾ ਪਰਦਾਫਾਸ਼ ਕਰਕੇ ਦੇਸ਼ ਨੂੰ ਜੋੜਨ ਦੇ ਨਾਲ ਨਾਲ ਸੰਵਿਧਾਨ ਦੀ ਰਾਖੀ ਲਈ ਲੋਕਾਂ ਨੂੰ ਤਿਆਰ ਕਰ ਰਹੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਭਾਰਤ ਜੋੜੋ ਯਾਤਰਾ ਦੇ ਸਵਾਗਤ ਲਈ ਵਿਧਾਨ ਸਭਾ ਹਲਕਾ ਸ਼ੁਤਰਾਣਾ ਲਈ ਨਿਯੁਕਤ ਕੀਤੇ ਗਏ ਕੁਆਰਡੀਨੇਟਰ ਰਜਿੰਦਰ ਸਿੰਘ ਬਿੱਟੂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਘੱਗਾ ਵਿਖੇ ਪਾਰਟੀ ਵਰਕਰਾਂ ਨਾਲ ਕੀਤੀ ਗਈ ਮੀਟਿੰਗ ਉਪਰੰਤ ਗੱਲਬਾਤ ਕਰਦਿਆਂ ਕਾਂਗਰਸੀ ਆਗੂ ਰਜਿੰਦਰ ਸਿੰਘ ਬਿੱਟੂ ਨੇ ਕਿਹਾ ਕਿ ਦੇਸ਼ ਦੇ ਬਹੁਤ ਸਾਰੇ ਰਾਜਾਂ ਵਿੱਚੋਂ ਹੋ ਕੇ ਪੰਜਾਬ ਪੁੱਜ ਰਹੀ ਭਾਰਤ ਜੋੜੋ ਯਾਤਰਾ ਨੂੰ ਲੋਕਾਂ ਵੱਲੋਂ ਵੱਡਾ ਹੁੰਗਾਰਾ ਮਿਲ ਰਿਹਾ ਹੈ ਤੇ ਪੰਜਾਬ ਦੇ ਲੋਕ ਯਾਤਰਾ ਦੇ ਸਵਾਗਤ ਲਈ ਤਿਆਰ ਬੈਠੇ ਹਨ। ਉਨ੍ਹਾ ਯਾਤਰਾ ਦੇ ਸੁਆਗਤ ਲਈ ਹੁੰਮ-ਹੁਮਾ ਕੇ ਸ਼ੰਭੂ ਬਾਰਡਰ ਪਹੁੰਚਣ ਦੀ ਅਪੀਲ ਕਰਦਿਆਂ ਕਿਹਾ ਕਿ ਦੇਸ਼ ਪੱਧਰ ਉੱਤੇ ਪਾਰਟੀ ਦੀ ਮਜ਼ਬੂਤੀ ਲਈ ਵਰਕਰ ਦਾ ਫਰਜ਼ ਬਣਦਾ ਹੈ ਕਿ ਉਹ ਪਾਰਟੀ ਦੀ ਚੜ੍ਹਦੀ ਕਲਾ ਲਈ ਦਿਲ ਜਾਨ ਤੋਂ ਕੰਮ ਕਰੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਾਕ ਕਾਂਗਰਸ ਦੇ ਪ੍ਰਧਾਨ ਹਰਪ੍ਰੀਤ ਸਿੰਘ ਬੱਬੂ ਬਾਜਵਾ, ਰਣਜੀਤ ਸਿੰਘ ਮਤੋਲੀ, ਨੰਬਰਦਾਰ ਗੁਰਦਰਸ਼ਨ ਸਿੰਘ ਗਲੋਲੀ, ਧਰਮਪਾਲ ਬਰਾਸ, ਸੋਸ਼ਲ ਮੀਡੀਆ ਵਿੰਗ ਦੇ ਇੰਚਾਰਜ ਇੰਦਰ ਕੋਟੀਆ, ਰਾਜੂ ਕੰਬੋਜ ਘੱਗਾ, ਮਲਕੀਤ ਬਾਜ਼ੀਗਰ, ਬਲਦੇਵ ਸਿੰਘ ਬੋਹੜੀ ਵਾਲਾ, ਯੂਥ ਕਾਂਗਰਸ ਦੇ ਪ੍ਰਧਾਨ ਅਮਨਦੀਪ ਸਿੰਘ ਤੇ ਕਰਨ ਦੁਤਾਲ ਆਦਿ ਹਾਜ਼ਰ ਸਨ।

# ਜ਼ਿਲ੍ਹਾ ਪ੍ਰਤੀਨਿਧ ਕੌਂਸਲ ਨੇ ਲਖਵੀਰ ਸਿੰਘ ਹਰੀਕੇ ਨੂੰ ਮੁੜ ਚੁਣਿਆ ਪ੍ਰਧਾਨ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**

ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੀ ਜ਼ਿਲ੍ਹਾ ਪ੍ਰਤੀਨਿਧ ਕੌਂਸਲ ਦਾ ਚੋਣ ਇਜਲਾਸ ਜਥੇਬੰਦੀ ਦੇ ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਤੇ ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਗੋਨਿਆਣਾ ਦੀ ਨਿਗਰਾਨੀ ਹੇਠ ਸੰਪੰਨ ਹੋਇਆ। ਵੱਡੀ ਗਿਣਤੀ ਵਿੱਚ ਹਾਜ਼ਰ ਕੌਂਸਲ ਮੈਂਬਰਾਂ ਤੇ ਅਧਿਆਪਕਾਂ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਕਮੇਟੀ ਦੀ ਕਾਰਗੁਜ਼ਾਰੀ ਦੀ ਰਿਪੋਰਟ ਅਧਿਆਪਕ ਆਗੂ ਸੁਰਿੰਦਰ ਸੇਤੀਆ ਨੇ ਪੇਸ਼ ਕਰਦਿਆਂ ਦੱਸਿਆ ਕਿ ਜਥੇਬੰਦੀ ਦੇ ਆਗੂਆਂ ਵੱਲੋਂ ਪਿਛਲੇ ਤਿੰਨ ਸਾਲਾਂ ਤੋਂ ਲਗਾਤਾਰ ਅਧਿਆਪਕ ਮਸਲਿਆਂ ਦੇ ਨਾਲ -ਨਾਲ ਭਰਾਤਰੀ ਜਥੇਬੰਦੀਆਂ ਕਿਸਾਨਾਂ, ਮਜ਼ਦੂਰਾਂ , ਠੇਕਾ ਮੁਲਾਜ਼ਮਾਂ ਐਸ,ਐਸ.ਏ. ਰਮਸਾ ਅਧਿਆਪਕਾਂ ਦੀ ਤਨਖਾਹ ਕਟੌਤੀ ਖ਼ਿਲਾਫ਼, ਪੁਰਾਣੀ ਪੈਨਸ਼ਨ ਬਹਾਲੀ ਸਮੇਤ ਅਨੇਕਾਂ ਮਸਲਿਆਂ 'ਤੇ ਡਟਵੀਂ ਲੜਾਈ ਲੜੀ ਗਈ। ਅਧਿਆਪਕ ਆਗੂ ਪਰਮਿੰਦਰ ਖੋਖਰ ਵੱਲੋਂ ਵਿੱਤੀ ਰਿਪੋਰਟ ਪੇਸ਼ ਕਰਦਿਆਂ ਕਿਹਾ ਕਿ ਡੈਮੋਕ੍ਰੇਟਿਕ ਟੀਚਰਜ਼ ਫਰੰਟ ਅਧਿਆਪਕਾਂ ਦੀ ਪ੍ਰਤੀਨਿਧ ਜਥੇਬੰਦੀ ਹੈ, ਜਥੇਬੰਦੀ ਦੇ ਵਿੱਤੀ ਸੋਮੇ ਅਧਿਆਪਕਾਂ ਤੋਂ ਸਕੂਲਾਂ ਵਿਚੋਂ ਇਕੱਠਾ ਕੀਤਾ ਜਾਣ ਵਾਲਾ ਫੰਡ ਹੀ ਬਣਦੇ ਹਨ। ਉਨ੍ਹਾਂ ਕਿਹਾ ਕਿ ਫੰਡ ਇਕੱਤਰ ਕਰਨ ਦਾ ਮੁੱਖ ਮਕਸਦ ਜਥੇਬੰਦਕ ਸੰਘਰਸ਼, ਨੀਤੀਆਂ ਤੇ ਵਿਚਾਰਧਾਰਾ ਨੂੰ ਅਧਿਆਪਕਾਂ ਤੱਕ ਲੈ ਕੇ ਜਾਣਾ ਹੁੰਦਾ ਹੈ। ਸੂਬਾ ਪ੍ਰਧਾਨ ਦਿਗਵਿਜੇ ਪਾਲ ਸ਼ਰਮਾ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਸਿੱਖਿਆ ਨੀਤੀ 2020 ਅਤੇ 'ਆਪ' ਸਰਕਾਰ ਵੱਲੋਂ ਸਕੂਲ ਆਫ ਐਮੀਨੈਂਸ ਤਹਿਤ ਪ੍ਰਇਮਰੀ, ਮਿਡਲ, ਹਾਈ ਸਕੂਲਾਂ ਦੀ ਥਾਂ ਸੁਪਰ ਕਲੱਸਟਰ ਸਕੂਲ ਸਥਾਪਤ ਕਰਨ, ਕੇਂਦਰੀ ਤਨਖਾਹ ਸਕੇਲ ਤਹਿਤ ਤਨਖਾਹ ਕਟੌਤੀ ਕਰਨ ਤੇ ਸਿੱਖਿਆ ਖੇਤਰ ਵਿੱਚ ਸਮਾਰਟ ਕਲਾਸ ਰੂਮਾਂ ਦੀ ਆੜ ਹੇਠ ਅਧਿਆਪਕਾਂ ਦੀ ਭੂਮਿਕਾ ਨੂੰ ਨਜ਼ਰਅੰਦਾਜ਼ ਕਰਨ ਦੀਆਂ ਨੀਤੀਆਂ ਦੀ ਸਖ਼ਤ ਸ਼ਬਦਾਂ ਵਿੱਚ ਅਲੋਚਨਾਂ ਕਰਦਿਆਂ ਸਿੱਖਿਆ ਨੂੰ ਸਮਾਜ ਲਈ ਉਪਯੋਗੀ ਤੇ ਲੋਕ ਪੱਖੀ ਸਿੱਖਿਆ ਮਾਡਲ ਉਸਾਰਨ ਦੀ ਮੰਗ ਕੀਤੀ। ਪੁਰਾਣੀ ਜ਼ਿਲ੍ਹਾ ਕਮੇਟੀ ਨੂੰ ਭੰਗ ਕਰਨ ਤੋਂ ਬਾਅਦ ਲਖਵੀਰ ਸਿੰਘ ਹਰੀਕੇ ਕਲਾਂ ਜ਼ਿਲ੍ਹਾ ਪ੍ਰਧਾਨ, ਸੁਰਿੰਦਰ ਸੇਤੀਆ ਨੂੰ ਸੀਨੀਅਰ ਮੀਤ ਪ੍ਰਧਾਨ, ਪਰਮਿੰਦਰ ਖੋਖਰ ਨੂੰ ਮੀਤ ਪ੍ਰਧਾਨ, ਬੂਟਾ ਸਿੰਘ ਵਾਕਫ਼ ਨੂੰ ਪ੍ਰੈੱਸ ਸਕੱਤਰ, ਪਰਮਿੰਦਰ ਪਾਲ ਹਰੀਕੇ ਨੂੰ ਜਥੇਬੰਦਕ ਸਕੱਤਰ ਤੇ ਨੀਰਜ ਬਜਾਜ ਨੂੰ ਵਿੱਤ ਸਕੱਤਰ ਚੁਣਿਆ ਗਿਆ। ਜ਼ਿਲ੍ਹਾ ਪ੍ਰਧਾਨ ਲਖਵੀਰ ਸਿੰਘ ਹਰੀਕੇ ਨੇ ਅਧਿਆਪਕਾਂ ਨੂੰ ਸੰਬੋਧਨ ਕਰਦਿਆਂ ਵਲੰਟੀਅਰ ਕੈਟਾਗਰੀ ਦੇ ਅਧਿਆਪਕਾਂ ਨੂੰ ਰੈਗੂਲਰ ਕਰਨ, ਕੰਪਿਊਟਰ ਅਧਿਆਪਕਾਂ ਨੂੰ ਸਿੱਖਿਆ ਵਿਭਾਗ ਵਿੱਚ ਪੂਰੇ ਤਨਖਾਹ ਸਕੇਲਾਂ 'ਤੇ ਮਰਜ ਕਰਨ ਅਤੇ ਆਊਟਸੋਰਸਿੰਗ ਬੰਦ ਕਰਨ ਦੀ ਮੰਗ ਕਰਦਿਆਂ, ਭਖਵੇਂ ਮਸਲੇ ਜ਼ੀਰਾ ਸ਼ਰਾਬ ਫੈਕਟਰੀ ਸਮੇਤ ਹਵਾ, ਪਾਣੀ ਅਤੇ ਵਾਤਾਵਰਣ ਪ੍ਰਦੂਸ਼ਿਤ ਕਰਨ ਵਾਲੀਆਂ ਸਨਅਤੀ ਇਕਾਈਆਂ ਨੂੰ ਬੰਦ ਦੀ ਮੰਗ ਕੀਤੀ। ਸੂਬਾ ਵਿੱਤ ਸਕੱਤਰ ਜਸਵਿੰਦਰ ਸਿੰਘ ਗੋਨਿਆਣਾ ਨੇ ਬਲਾਕ ਕਮੇਟੀਆਂ ਨੂੰ ਵਿਤੀ ਲੇਖਾ ਸਕੂਲਾਂ ਵਿੱਚ ਪੇਸ਼ ਕਰਨ ਦੀ ਤਾਕੀਦ ਕੀਤੀ। ਇਸ ਸਮੇਂ ਜ਼ਿਲ੍ਹਾ ਫ਼ਰੀਦਕੋਟ ਦੇ ਜ਼ਿਲ੍ਹਾ ਪ੍ਰਧਾਨ ਸੁਖਵਿੰਦਰ ਸਿੰਘ ਸੁੱਖੀ, ਖੇਤ ਮਜ਼ਦੂਰ ਯੂਨੀਅਨ ਦੇ ਆਗੂਆਂ ਤਰਸੇਮ ਸਿੰਘ ਖੁੰਡੇ ਹਲਾਲ ਕਾਕਾ ਸਿੰਘ ਤੇ ਬਾਜ਼ ਸਿੰਘ ਭੁੱਟੀਵਾਲਾ ਸਮੇਤ ਔਰਤ ਅਧਿਆਪਕਾਂ ਵਿੱਚੋਂ ਮਨਜੀਤ ਕੌਰ, ਸੁਖਬੀਰ ਕੌਰ, ਵੀਨਾ ਰਾਣੀ, ਗੁਰਵਿੰਦਰ ਕੌਰ, ਸਵਰਨਜੀਤ ਕੌਰ ਸਮੇਤ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ। ਸਟੇਜ ਸੰਚਾਲਨ ਪਰਮਿੰਦਰ ਪਾਲ ਹਰੀਕੇ ਨੇ ਕੀਤਾ।



ਡੀ.ਟੀ.ਐਫ. ਦੀ ਨਵੀਂ ਚੁਣੀ ਟੀਮ ਜਥੇਬੰਦੀ ਦੇ ਅਹੁਦੇਦਾਰਾਂ ਤੇ ਅਧਿਆਪਕਾਂ ਨਾਲ।

## ਸਾਥੀ ਤੇਜ ਬਹਾਦਰ ਵੱਲੋਂ ਸੇਵਾਮੁਕਤੀ 'ਤੇ ਰਾਸ਼ੀ ਭੇਟ



**ਮੁੱਲਾਂਪੁਰ ਦਾਖਾ (ਗੁਰਮੇਲ ਸਿੰਘ ਮੈਲਡੇ)**-ਸਾਥੀ ਤੇਜ ਬਹਾਦਰ ਲਾਈਨਮੈਨ ਨੇ ਰਿਟਾਇਰਮੈਂਟ ਤੋਂ ਬਾਅਦ ਪਹਿਲੀ ਪੈਨਸ਼ਨ ਮਿਲਣ 'ਤੇ ਪਾਵਰਕਾਮ ਐਂਡਟਰਾਂਸਕੋ ਪੈਨਸਨਰਜ਼ ਯੂਨੀਅਨ ਪੰਜਾਬ ਰਜਿ ਦੇ ਅੱਡਾ ਦਾਖਾ ਮੰਡਲ ਯੂਨਿਟ ਨੂੰ ਸਾਥੀ ਐਸ ਪੀ ਸਿੰਘ ਸਕੱਤਰ ਪੰਜਾਬ ਰਾਹੀਂ 21000/- ਰੁਪਏ ਸਹਾਇਤਾ ਰਾਸ਼ੀ ਭੇਂਟ ਕੀਤੀ। ਜਥੇਬੰਦੀ ਦੇ ਆਗੂ ਬਲਵੀਰ ਸਿੰਘ ਮਾਨ, ਬਲਵਿੰਦਰ ਸਿੰਘ ਭੰਗੂ, ਗੁਰਦੇਵ ਸਿੰਘ ਪੁੜੈਣ, ਜਸਮੇਲ ਸਿੰਘ, ਜੱਸਾ ਮੋਹੀ, ਨਿਰਮਲ ਸਿੰਘ, ਸ਼ਵਿੰਦਰ ਸਿੰਘ ਵੱਲੋਂ ਸਾਥੀ ਤੇਜ਼ ਬਹਾਦਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ। ਦੱਸਿਆ ਜਾਂਦਾ ਹੈ ਕਿ ਸਰਵਿਸ ਦੌਰਾਨ ਸਾਥੀ ਟੀ ਐਸ ਯੂ 'ਚ ਰਿਹਾ ਹੈ, ਹੁਣ ਉਨ੍ਹਾਂ ਦੀਆਂ ਪਾਲਸੀਆਂ ਤੋਂ ਤੰਗ ਆ ਕੇ ਪਾਵਰਕਾਮ ਐਂਡ ਟਰਾਂਸਕੋ ਯੂਨੀਅਨ 'ਚ ਸ਼ਾਮਲ ਹੋਇਆ ਹੈ ਤੇ ਕਿਹਾ ਕਿ ਮਰਦੇ ਦਮ ਤੱਕ ਇਸੇ ਯੂਨੀਅਨ 'ਚ ਰਹਾਂਗਾ। ਸਰਵਿਸ ਦੌਰਾਨ ਵੀ ਸਾਥੀ ਦਾ ਕੰਮ ਸਲਾਹੁਣਯੋਗ ਰਿਹਾ।

## ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦਾ ਆਗਮਨ ਸਮਾਗਮ 5 ਨੂੰ

**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦਾ ਆਗਮਨ 5 ਜਨਵਰੀ ਰਾਜਪੁਰਾ ਵਿੱਚ ਹੋ ਰਿਹਾ ਹੈ। ਉਸੇ ਦਿਨ ਨਿਰੰਕਾਰੀ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਪਾਵਨ ਛਤਰ ਛਾਇਆ ਹੇਠ ਨਵੀਂ ਅਨਾਜ ਮੰਡੀ ਵਿੱਚ ਸਵੇਰੇ 11 ਤੋਂ ਦੁਪਹਿਰ 3 ਵਜੇ ਤੱਕ ਮਾਨਵ ਏਕਤਾ ਸੰਮੇਲਨ ਨਿਰੰਕਾਰੀ ਸੰਤ ਸਮਾਗਮ ਦੇ ਰੂਪ ਵਿੱਚ ਹੋਣ ਜਾ ਰਿਹਾ ਹੈ, ਜਿਸ ਵਿੱਚ



ਵੱਡੀ ਗਿਣਤੀ ਵਿੱਚ ਸੰਗਤਾਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਤੇ ਨਿਰੰਕਾਰੀ ਰਾਜ ਪਿਤਾ ਰਮਿਤ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੇ। ਜ਼ੋਨਲ ਇੰਚਾਰਜ ਪਟਿਆਲਾ ਸ੍ਰੀ ਰਾਧੇ ਸ਼ਾਮ ਤੇ ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ ਸਮਾਣਾ ਨੇ ਜਾਣਕਾਰੀ ਦਿੱਤੀ। ਉਨ੍ਹਾਂ ਇਲਾਕੇ ਦੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਵਧ-ਚੜ੍ਹ ਕੇ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਦੇ ਦਰਸ਼ਨ ਕਰਕੇ ਅਸ਼ੀਰਵਾਦ ਪ੍ਰਾਪਤ ਕਰਨ ਲਈ ਸੰਤ ਸਮਾਗਮ ਵਿੱਚ ਪਹੁੰਚਣ ਦੀ ਕ੍ਰਿਪਾਲਤਾ ਕਰਨ। ਮਨਮੋਹਨ ਸਿੰਘ ਨੇ ਦੱਸਿਆ ਕਿ ਇਲਾਕੇ ਦੀਆਂ ਸੰਗਤਾਂ ਨੂੰ ਇਸ ਸਬੰਧੀ ਸੂਚਿਤ ਕਰ ਦਿੱਤਾ ਗਿਆ ਹੈ ਤਾਂ ਜੁ ਉਹ ਆਪਣੇ ਕੰਮਾਂ ਨੂੰ ਸਮੇਂ ਸਿਰ ਨਿਪਟਾ ਕੇ ਸਤਿਗੁਰ ਦਾ ਅਸ਼ੀਰਵਾਦ ਪ੍ਰਾਪਤ ਕਰਨ ਲਈ ਸੰਤ ਸਮਾਗਮ 'ਤੇ ਪਹੁੰਚ ਸਕਣ।

# ਨਵੇਂ ਸਾਲ ਦੀ ਆਮਦ ਮੌਕੇ 23 ਰੁੱਖ ਲਾਏ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਗਰੀਨ ਮਿਸ਼ਨ ਵੈਲਫੇਅਰ ਸੁਸਾਇਟੀ ਰਜਿ: ਦੇ ਰਾਮਪੁਰਾ ਸ਼ਹਿਰ ਨੂੰ ਹਰਿਆ ਭਰਿਆ ਬਣਾਉਣ ਦੇ ਯਤਨਾਂ ਨੂੰ ਹੁਲਾਰਾ ਦੇਣ ਲਈ ਅਤੇ ਨਵੇਂ ਸਾਲ ਦੀ ਸ਼ੁਭ ਸ਼ੁਰੂਆਤ ਲਈ ਰਾਮਪੁਰਾ ਬੀੜ ਵਿਖੇ ਰਾਕੇਸ਼ ਪੁਰੀ ਚੇਅਰਮੈਨ ਜੰਗਲਾਤ ਵਿਭਾਗ ਪੰਜਾਬ ਸਰਕਾਰ, ਇੰਦਰਜੀਤ ਸਿੰਘ ਮਾਨ ਚੇਅਰਮੈਨ ਖਾਦੀ ਉਦਯੋਗ ਤੇ ਐਡਵੋਕੇਟ ਗੁਰਮੀਤ ਸਿੰਘ ਜ਼ਿਲ੍ਹਾ ਲੀਗਲ ਸੈੱਲ ਬਠਿੰਡਾ ਆਪਣੀ ਟੀਮ ਨਾਲ ਪਹੁੰਚੇ। ਸਾਲ 2023 ਦੀ ਸ਼ੁਰੂਆਤ ਮੌਕੇ ਉਨ੍ਹਾਂ 23 ਨਵੇਂ ਰੁੱਖ ਲਾਏ ਅਤੇ ਗਰੀਨ ਮਿਸ਼ਨ ਸੁਸਾਇਟੀ ਦੇ ਕੰਮ ਕਾਰ ਦਾ ਜਾਇਜ਼ਾ ਲਿਆ। ਉਨ੍ਹਾਂ ਹਰੇ ਭਰੇ ਰੁੱਖ ਦੇਖ ਕੇ ਤਸੱਲੀ ਪ੍ਰਗਟ ਕੀਤੀ। ਰਾਕੇਸ਼ ਪੁਰੀ ਨੇ ਕਿਹਾ ਕਿ ਹਰ ਜ਼ਿੰਮੇਵਾਰ ਨਾਗਰਿਕ ਦਾ ਫ਼ਰਜ਼ ਹੈ ਕਿ ਵਾਤਾਵਰਣ ਬਚਾਉਣ ਤੇ ਗਰੀਨਰੀ ਵਧਾਉਣ ਲਈ ਕੰਮ ਕਰੇ। ਇਸ ਮੌਕੇ ਗਰੀਨ ਮਿਸ਼ਨ ਦੇ ਕਨਵੀਨਰ ਤੇ ਸਮੂਹ ਅਹੁਦੇਦਾਰਾਂ ਵੱਲੋਂ ਚੇਅਰਮੈਨ ਸਾਹਿਬ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਚੇਅਰਮੈਨ ਇੰਦਰਜੀਤ ਸਿੰਘ ਮਾਨ ਨੇ ਵੀ ਸੁਸਾਇਟੀ ਨੂੰ ਹਰ ਤਰ੍ਹਾਂ ਦੀ ਮਦਦ ਦਾ ਭਰੋਸਾ ਦਿੱਤਾ। ਰਾਕੇਸ਼ ਪੁਰੀ ਨੇ ਪਿਛਲੇ ਛੇ ਸਾਲਾਂ ਵਿੱਚ ਸੁਸਾਇਟੀ ਦੇ ਕੰਮਾਂ ਕਾਰਾਂ ਨੂੰ ਦੇਖਿਆ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ। ਕਨਵੀਨਰ ਧਰਮਪਾਲ ਢੱਡਾ ਨੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਤੇ ਵੱਧ ਤੋਂ ਵੱਧ ਲੋਕਾਂ ਨੂੰ ਗਰੀਨ ਮਿਸ਼ਨ ਨਾਲ ਜੁੜਨ ਦੀ ਅਪੀਲ ਕੀਤੀ। ਇਸ ਮੌਕੇ ਸਾਬਕਾ ਪ੍ਰਧਾਨ ਨਾਮਧਾਰੀ ਨਿਰਪਾਲ ਸਿੰਘ, ਪ੍ਰਧਾਨ ਧਰਮਵੀਰ ਖੰਨਾ, ਮਾਸਟਰ ਸੰਜੀਵ ਕੁਮਾਰ ਸਕੱਤਰ, ਮਾਸਟਰ ਸੰਦੀਪ ਕੁਮਾਰ ਖ਼ਜ਼ਾਨਚੀ, ਸਤਵੰਤ ਸਿੰਘ ਵਾਈਸ ਪ੍ਰਧਾਨ, ਨਿਰਭੈ ਸਿੰਘ ਭੁੱਲਰ ਜ਼ਿਲ੍ਹਾ ਕੋਆਰਡੀਨੇਟਰ, ਇੰਜਨੀਅਰ ਰੁਪਿੰਦਰ ਸਿੰਘ ਸਹਾਇਕ ਸਕੱਤਰ, ਸਾਬਕਾ ਪ੍ਰਧਾਨ ਐਡਵੋਕੇਟ ਕ੍ਰਿਸ਼ਨ ਚੰਦ ਜੈਨ, ਗੁਰਗਿਆਨ ਸਿੰਘ ਜੇ ਈ, ਜੀਵਨ ਕੁਮਾਰ ਖੋਖਰ, ਪ੍ਰੋ. ਸੁਖਵਿੰਦਰ ਸਿੰਘ, ਮਾਸਟਰ ਸੁਖਦੇਵ ਸਿੰਘ ਢਿੱਲੋਂ, ਲਖਵੀਰ ਸਿੰਘ ਧਾਲੀਵਾਲ, ਵਿਨੀਤ ਕੁਮਾਰ, ਭੀਮ ਸੈਣ ਗੋਇਲ, ਇਬਰਾਹੀਮ ਖ਼ਾਨ, ਡਾ. ਬੱਬੂ ਖ਼ਾਨ, ਜਸਵੰਤ ਸਿੰਘ ਕਬਾੜੀਆ, ਸ਼ੈਂਕੀ ਸਿੰਗਲਾ ਆੜ੍ਹਤੀਆ, ਤਰੁਨ ਕੁਮਾਰ, ਹਰਪਾਲ ਸਿੰਘ ਜੇ ਈ, ਅੰਮ੍ਰਿਤਪਾਲ ਵਿੱਕੀ, ਰਾਜੂ ਜੇਠੀ, ਰਾਮ ਸਰੂਪ ਜੇਠੀ, ਜਸਵਿੰਦਰ ਸਿੰਘ ਪੀਰ ਫਰੂਟ ਕੰਪਨੀ, ਟੀਨਾ ਬਾਠ, ਸੋਨੂੰ , ਰਾਜੂ ਗਾਂਧੀ ਨਗਰ, ਵਿੱਕੀ ਜੰਤਾ ਕਲੋਨੀ, ਗੋਰਾ ਸਰਪੰਚ, ਰੇਂਜ ਅਫ਼ਸਰ ਗੁਰਸੇਵਕ ਸਿੰਘ, ਵਣਗਾਰਡ ਅਪਿੰਦਰ ਸਿੰਘ, ਗੁਰਮੀਤ ਸਿੰਘ ਤੇ ਪ੍ਰੈਸ ਰਿਪੋਰਟਰ ਮਨਮੋਹਨ ਕੁਮਾਰ ਸਮੇਤ 60 ਤੋਂ ਵੱਧ ਵਿਅਕਤੀਆਂ ਨੇ ਭਾਗ ਲਿਆ। ਸੁਸਾਇਟੀ ਵੱਲੋਂ ਰਾਕੇਸ਼ ਪੁਰੀ, ਇੰਦਰਜੀਤ ਮਾਨ ਤੇ ਐਡਵੋਕੇਟ ਗੁਰਮੀਤ ਸਿੰਘ ਜ਼ਿਲ੍ਹਾ ਲੀਗਲ ਸੈਲ ਬਠਿੰਡਾ ਨੂੰ ਇੱਕ ਯਾਦਗਾਰੀ ਚਿੰਨ੍ਹ ਭੇਟ ਕੀਤਾ ਗਿਆ।



## ਨਵੇਂ ਸਾਲ ਮੌਕੇ ਬੂਟ-ਜੁਰਾਬਾਂ ਵੰਡੇ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)** ਪ੍ਰਾਈਵੇਟ ਡਰਾਈਵਰ ਸਾਥੀਆਂ ਦੀ ਜਥੇਬੰਦੀ ਵੱਲੋਂ ਆਪਣੇ ਸਮਾਜ ਭਲਾਈ ਦੇ ਕੰਮਾਂ ਵਿੱਚ ਵਾਧਾ ਕਰਦਿਆਂ ਪੈ ਰਹੀ ਅੰਤਾਂ ਦੀ ਠੰਡ ਵਿੱਚ ਭੱਠੇ 'ਤੇ ਕੰਮ ਕਰਦੇ ਪ੍ਰਵਾਸੀ ਮਜ਼ਦੂਰਾਂ ਦੇ ਬੱਚਿਆਂ ਤੇ ਉਥੇ ਲੇਬਰ ਦਾ ਕੰਮ ਕਰਨ ਵਾਲੀਆਂ ਬੀਬੀਆਂ ਭੈਣਾਂ ਲਈ ਅਰਦਾਸ ਕਰਦਿਆਂ ਬੂਟ ਅਤੇ ਜੁਰਾਬਾਂ ਵੰਡੀਆਂ ਤੇ ਉਨ੍ਹਾਂ ਦੇ ਚੰਗੇ ਭਵਿੱਖ ਦੀ ਕਾਮਨਾ ਕੀਤੀ।

ਇਸ ਵਿੱਚ ਐਡਵੋਕੇਟ ਜੁਨੇਜਾ ਦਾ ਵੀ ਯੋਗਦਾਨ ਰਿਹਾ। ਜਥੇਬੰਦੀ ਦੇ ਮੈਂਬਰਾਂ ਨੇ ਜੁਨੇਜਾ ਤੇ ਝਾਂਬ ਸਾਹਿਬ ਦਾ ਧੰਨਵਾਦ ਵੀ ਕੀਤਾ ਤੇ ਅੱਗੇ ਤੋਂ ਵੀ ਇਸੇ ਤਰ੍ਹਾਂ ਜਥੇਬੰਦੀ ਦੇ ਹੌਸਲਾ ਅਫ਼ਜ਼ਾਈ ਕਰਦੇ ਰਹਿਣ ਦੀ ਬੇਨਤੀ ਵੀ ਕੀਤੀ। ਇਸ ਸਮੇਂ ਜਥੇਬੰਦੀ ਦੇ ਚੇਅਰਮੈਨ ਜਸਵੀਰ ਸ਼ਰਮਾ, ਸੰਭਾਵੀ ਪ੍ਰਧਾਨ ਗੁਰਪਾਲ ਸਿੰਘ ਖੂਨਣ ਕਲਾਂ, ਮੀਤ ਪ੍ਰਧਾਨ ਪਰਮਜੀਤ ਪੰਮਾ, ਅਮਰਜੀਤ ਸਿੰਘ ਲਾਡੀ ਕੋਆਰਡੀਨੇਟਰ, ਜਗਜੀਤ ਸਿੰਘ ਬਿੱਟੂ ਕੈਸ਼ੀਅਰ, ਜਸਵਿੰਦਰ ਸਿੰਘ ਰਾਜੂ ਸੀ ਆਈ ਡੀ(ਔਰਗੇਨਾਈਜਰ), ਅਵਤਾਰ ਸਿੰਘ ਤੇ ਚਰਨਜੀਤ ਸਿੰਘ ਹਾਜ਼ਰ ਸਨ।



## ਝੁੱਗੀ-ਝੌਂਪੜੀ ਵਾਲਿਆਂ ਨੂੰ ਕੰਬਲ ਵੰਡ ਕੇ ਮਨਾਇਆ ਨਵਾਂ ਸਾਲ



**ਮਲੋਟ (ਗੁਰਮੀਤ ਸਿੰਘ ਮੱਕੜ)**-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਡਾ. ਬਲਜੀਤ ਕੌਰ ਨੇ ਨਵੇਂ ਸਾਲ ਮੌਕੇ ਮਲੋਟ ਦੇ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਜਾ ਕੇ ਕੰਬਲ ਵੰਡ ਕੇ ਨਵਾਂ ਸਾਲ ਮਨਾਇਆ। ਡਾ. ਬਲਜੀਤ ਕੌਰ ਨੇ ਸਰਦੀ ਦੇ ਮੌਸਮ ਵਿੱਚ ਗ਼ਰੀਬਾਂ ਦੀ ਤਕਲੀਫ਼ ਨੂੰ ਮਹਿਸੂਸ ਕਰਦੇ ਹੋਏ ਕਿਹਾ ਕਿ ਸਰਦੀਆਂ ਦੇ ਮੌਸਮ ਵਿੱਚ ਅਸੀਂ ਆਪਣੇ ਘਰਾਂ ਵਿਚ ਆਰਾਮ ਨਾਲ ਜੀਵਨ ਬਤੀਤ ਕਰਦੇ ਹਾਂ, ਪ੍ਰੰਤੂ ਝੁੱਗੀਆਂ ਵਿਚ ਰਹਿਣ ਵਾਲੇ ਵਿਅਕਤੀਆਂ ਦਾ ਇਸ ਕੜਾਕੇ ਦੀ ਠੰਢ ਵਿੱਚ ਗਰਮ ਕੱਪੜਿਆਂ ਤੋਂ ਬਗ਼ੈਰ ਜੀਵਨ ਬਤੀਤ ਕਰਨਾ ਬਹੁਤ ਮੁਸ਼ਕਲ ਹੈ। ਉਨ੍ਹਾਂ ਮਲੋਟ ਅੰਦਰ ਝੁੱਗੀ-ਝੌਂਪੜੀਆਂ ਵਾਲਿਆਂ ਦੀਆਂ ਮੁਸ਼ਕਲਾਂ ਨੂੰ ਦੇਖਦੇ ਹੋਏ ਗ਼ਰਮ ਕੰਬਲ ਵੰਡੇ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਸੇਵਾ ਵਿੱਚ ਲਗਾਤਾਰ ਯਤਨਸ਼ੀਲ ਹੈ। ਇਸ ਤਹਿਤ ਮਲੋਟ ਅੰਦਰ ਝੌਂਪੜੀਆਂ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਅਤਿ ਦੀ ਸਰਦੀ ਤੋਂ ਬਚਾਉਣ ਲਈ ਕੰਬਲ ਵੰਡੇ ਗਏ ਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ।

# ਤੇਜਵੰਤ ਮਾਨ ਮਾਰਕਸਵਾਦ ਤੇ ਪੂਰਬੀ ਚਿੰਤਨ ਦੇ ਸਾਪੇਖੀ ਰਲੇਵੇਂ ਦਾ ਮੁਦਈ ਲੇਖਕ : ਡਾ. ਸਵਰਾਜ ਸਿੰਘ

**ਸੰਗਰੂਰ (ਪ੍ਰਵੀਨ ਸਿੰਘ)**

ਪੰਜਾਬੀ ਸਾਹਿਤ ਸਭਾ ਵੱਲੋਂ ਡਾ. ਤੇਜਵੰਤ ਮਾਨ ਦੇ ਜਨਮ ਦਿਵਸ ਦੇ ਸਬੰਧ ਵਿੱਚ ਪਹਿਲੀ ਜਨਵਰੀ ਨੂੰ ਸਾਹਿਤਕ ਸਮਾਗਮ ਕਰਾਇਆ ਗਿਆ। ਸਮਾਗਮ ਦੀ ਪ੍ਰਧਾਨਗੀ ਡਾ. ਸਵਰਾਜ ਸਿੰਘ ਪ੍ਰਸਿੱਧ ਵਿਸ਼ਵ ਚਿੰਤਕ ਨੇ ਕੀਤੀ। ਉਨ੍ਹਾਂ ਨਾਲ ਪ੍ਰਧਾਨਗੀ ਮੰਡਲ ਵਿੱਚ ਡਾ. ਨਰਵਿੰਦਰ ਸਿੰਘ ਕੌਸ਼ਲ, ਡਾ. ਚਰਨਜੀਤ ਸਿੰਘ ਉਡਾਰੀ, ਡਾ. ਭਗਵੰਤ ਸਿੰਘ ਤੇ ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਰਜਿ: ਸ਼ਾਮਲ ਹੋਏ। ਸਮਾਗਮ ਦੇ ਮੁੱਖ ਮਹਿਮਾਨ ਡਾ. ਤੇਜਵੰਤ ਮਾਨ ਸਾਹਿਤ ਰਤਨ ਸਨ।

ਡਾ. ਤੇਜਵੰਤ ਮਾਨ ਦੀ ਸਾਹਿਤਕ ਦੇਣ ਬਾਰੇ ਵੱਖੋ-ਵੱਖ ਵਿਦਵਾਨਾਂ ਨੇ ਵਿਚਾਰ ਪੇਸ਼ ਕੀਤੇ। ਡਾ. ਸਵਰਾਜ ਸਿੰਘ ਨੇ ਕਿਹਾ ਕਿ ਤੇਜਵੰਤ ਮਾਨ ਮਾਰਕਸਵਾਦ ਤੇ ਪੂਰਬੀਚਿੰਤਨ ਦੇ ਸਾਪੇਖੀ ਰਲੇਵੇਂ ਦਾ ਮੁਦੱਈ ਲੇਖਕ ਹੈ। ↔ਡਾ. ਭਗਵੰਤ ਸਿੰਘ ਨੇ ਕਿਹਾ ਕਿ ਡਾ. ਤੇਜਵੰਤ ਮਾਨ ਦਾ ਚਿੰਤਨ ਮਾਰਕਸਵਾਦ ਅਤੇ ਗੁਰਮਤਿ ਦਾ ਸੁਮੇਲ ਹੈ। ਪਵਨ ਹਰਚੰਦਪੁਰੀ ਨੇ ਕਿਹਾ ਕਿ ਤੇਜਵੰਤ ਮਾਨ ਕੇਂਦਰੀ ਪੰਜਾਬੀ ਲੇਖਕ ਸਭਾ (ਸੇਖੋਂ) ਦੀ ਸ਼ਾਨ ਹੈ। ਉਸ ਨੇ ਇਸ ਸਭਾ ਦੇ ਆਰੰਭ ਤੋਂ ਹੀ 14 ਸਾਲ ਜਨਰਲ ਸਕੱਤਰ ਤੇ 9 ਸਾਲ ਪ੍ਰਧਾਨ ਦੇ ਤੌਰ ਬੜੀ ਸੁਹਿਰਦਤਾ ਨਾਲ ਸੇਵਾ ਕੀਤੀ ਹੈ। ਡਾ. ਨਰਵਿੰਦਰ ਸਿੰਘ ਕੌਸ਼ਲ ਨੇ ਕਿਹਾ ਕਿ ਡਾ. ਮਾਨ ਦੀ ਵਿਚਾਰਧਾਰਕ ਪ੍ਰਤੀਬੱਧਤਾ ਕਮਾਲ ਦੀ ਹੈ, ਉਹ ਕਦੇ ਆਪਣੇ ਬੌਧਿਕ ਮਿਆਰਾਂ ਤੋਂ ਨਹੀਂ ਥਿੜਕਿਆ, ਭਾਵੇਂ ਉਸਨੂੰ ਇਸ ਲਈ ਬੜੀਆਂ ਔਕੜਾਂ ਦਾ ਸਾਹਮਣਾ ਹੀ ਕਿਉਂ ਨਹੀਂ ਕਰਨਾ ਪਿਆ। ਚਰਨਜੀਤ ਉਡਾਰੀ ਨੇ ਕਿਹਾ ਕਿ ਉਹ ਡਾ. ਮਾਨ ਦੀ ਨਿਰੰਤਰ ਲਿਖਣ ਸ਼ਕਤੀ ਤੋਂ ਬੜਾ ਪ੍ਰਭਾਵਤ ਹਨ। ਨਿਹਾਲ ਸਿੰਘ ਮਾਨ ਨੇ ਕਿਹਾ ਕਿ ਨਵੇਂ ਲੇਖਕਾਂ ਨੂੰ ਉਤਸ਼ਾਹਤ ਕਰਨ ਵਿੱਚ ਡਾ. ਤੇਜਵੰਤ ਮਾਨ ਦੀ ਦੇਣ ਸ਼ਲਾਘਾਯੋਗ ਹੈ। ਇਸ ਅਵਸਰ ਤੇ ਅਜਮੇਰ ਸ਼ਰੀਫ਼ ਰਾਜਸਥਾਨ ਦੀ ਪੰਜਾਬੀ ਕਵਿੱਤਰੀ ਬਲਜਿੰਦਰ ਕੌਰ ਦੀ ਕਾਵਿ ਪੁਸਤਕ ਮੇਰੀਆਂ ਕਵਿਤਾਵਾਂ ਤੇ ਰਾਮ ਮੂਰਤ ਵਰਮਾ ਦੀ ਪੁਸਤਕ ਵੀ ਲੋਕ ਅਰਪਣ ਕੀਤੀ ਗਈ। ਉਪਰੰਤ ਡਾ. ਤੇਜਵੰਤ ਮਾਨ ਦਾ ਸਨਮਾਨ ਕੀਤਾ ਗਿਆ। ਡਾ. ਭਗਵੰਤ ਸਿੰਘ ਦੀ ਪੁਸਤਕ ਪੀਲੂ ਦਾ ਮਿਰਜ਼ਾ ਸਾਹਿਬਾਂ ਤੇ ਹੋਰ ਰਚਨਾ ਚੋਣਵੇਂ ਵਿਦਵਾਨਾਂ ਨੂੰ ਭੇਟ ਕੀਤੀ ਗਈ। ਡਾ. ਤੇਜਵੰਤ ਮਾਨ ਨੇ ਧੰਨਵਾਦੀ ਸ਼ਬਦ ਕਹਿੰਦਿਆਂ ਕਿਹਾ ਕਿ ਉਹ ਸ਼ਬਦ ਦੀ ਚੋਣ ਉਤੇ ਵਧੇਰਾ ਧਿਆਨ ਦਿੰਦੇ ਹਨ। ਸ਼ਬਦ ਦੀ ਜੜ੍ਹਤ ਉਤੇ ਨਹੀਂ।



# ਗੁਰਪ੍ਰੀਤ ਸਿੰਘ ਸੰਧੂ ਪ੍ਰੈੱਸ ਕਲੱਬ ਦੇ ਪ੍ਰਧਾਨ ਨਿਯੁਕਤ




**ਮਮਦੋਟ (ਹਰਪਾਲ ਸਿੰਘ ਸੋਢੀ, ਜਸਬੀਰ ਸਿੰਘ ਕੰਬੋਜ)**-ਪ੍ਰੈਸ ਕਲੱਬ ਵਿਖੇ ਸਾਲ 2023 ਵਾਸਤੇ ਪ੍ਰਧਾਨਗੀ ਦੇ ਅਹੁਦੇ ਦੀ ਚੋਣ ਹੋਈ, ਜਿਸ 'ਚ ਗੁਰਪ੍ਰੀਤ ਸਿੰਘ ਸੰਧੂ ਨੂੰ ਪ੍ਰਧਾਨ ਚੁਣਿਆ ਗਿਆ। ਇਸ ਚੋਣ ਪ੍ਰਣਾਲੀ ਦੌਰਾਨ ਪਿਛਲੀ ਪ੍ਰੈਸ ਕਲੱਬ ਦੀ ਕੈਬਨਿਟ ਨੂੰ ਭੰਗ ਕਰਕੇ ਨਵੀਂ ਚੋਣ ਕੀਤੀ ਗਈ। ਇਸ ਚੋਣ ਵਿੱਚ ਡਾ. ਨਿਰਵੈਰ ਸਿੰਘ ਸਿੰਧੀ (ਬੁਲਾਰੇ ਜ਼ਿਲ੍ਹਾ ਇੰਚਾਰਜ), ਬਲਦੇਵ ਸ਼ਰਮਾ, ਰਜਿੰਦਰ ਹਾਂਡਾ, ਜਸਵੰਤ ਕੰਬੋਜ ਥਿੰਦ, ਸੰਜੀਵ ਮਦਾਨ, ਭੁਪਿੰਦਰ ਨਰੂਲਾ, ਬਗੀਚਾ ਸਿੰਘ, ਜੋਗਿੰਦਰ ਸਿੰਘ ਭੋਲਾ, ਜਸਬੀਰ ਕੰਬੋਜ, ਹਰਪ੍ਰੀਤ ਹੈਪੀ, ਹਰਪਾਲ ਸੋਢੀ, ਤੇਜਿੰਦਰ ਢੀਂਗਰਾ, ਬਲਜੀਤ ਸਿੰਘ ਆਦਿ ਬਹੁਗਿਣਤੀ ਵਿੱਚ ਪੱਤਰਕਾਰ ਸ਼ਾਮਲ ਹੋਏ।

## ਖੇਡਾਂ ਸਿਹਤਮੰਦ ਸਮਾਜ ਦੀ ਸਿਰਜਣਾ 'ਚ ਵੱਡਾ ਰੋਲ ਅਦਾ ਕਰਦੀਆਂ : ਡਾ. ਦਈਆ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਖੇਡਾਂ ਜਿੱਥੇ ਸਾਨੂੰ ਸਰੀਰਕ ਤਾਕਤ ਦਿੰਦੀਆਂ ਹਨ, ਉਥੇ ਇਹ ਸਾਨੂੰ ਮਾਨਸਿਕ ਤੌਰ 'ਤੇ ਵੀ ਤੰਦਰੁਸਤ ਰੱਖਣ ਵਿੱਚ ਸਹਾਈ ਹੁੰਦੀਆਂ ਹਨ, ਇਸ ਲਈ ਹਰੇਕ ਵਿਅਕਤੀ ਨੂੰ ਕਿਸੇ ਨਾ ਕਿਸੇ ਖੇਡ 'ਚ ਜ਼ਰੂਰ ਰੁਚੀ ਰੱਖਣੀ ਚਾਹੀਦੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਆਮ ਆਦਮੀ ਪਾਰਟੀ ਦੇ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਨੇ ਬਰੋਨਕਸ ਅਕੈਡਮੀ ਕੋਚ ਕੈਫ ਵਲੋਂ ਵੜੈਚਾਂ ਕ੍ਰਿਕਟ ਸਟੈਡੀਅਮ ਵਿਖੇ ਕਰਾਏ ਗਏ ਸਿੰਗਲ ਵਿਕਟ ਲੈਦਰ ਕ੍ਰਿਕਟ ਟੂਰਨਾਮੈਂਟ ਦੌਰਾਨ ਜੇਤੂ ਖਿਡਾਰੀਆਂ ਨੂੰ ਇਨਾਮ ਤਕਸੀਮ ਕਰਦਿਆਂ ਕੀਤਾ। ਉਨ੍ਹਾਂ ਕਿਹਾ ਕਿ ਖੇਡਾਂ ਨਾਲ ਖਿਡਾਰੀ ਆਪਣੀ ਤੇ ਆਪਣੇ ਦੇਸ਼ ਦੀ ਪਛਾਣ ਪੂਰੀ ਦੁਨੀਆਂ 'ਚ ਬਣਾਉਣ 'ਚ ਅਹਿਮ ਰੋਲ ਅਦਾ ਕਰਦੇ ਹਨ ਅਤੇ ਖੇਡਾਂ ਸਾਡੇ ਅੰਦਰ ਪਿਆਰ ਅਤੇ ਭਾਈਚਾਰਕ ਸਾਂਝ ਪੈਦਾ ਕਰਦੀਆਂ ਹੋਈਆਂ ਇੱਕ ਸਿਹਤਮੰਦ ਸਮਾਜ ਦੀ ਸਿਰਜਣਾ ਕਰਨ ਵਿੱਚ ਵੱਡਾ ਰੋਲ ਅਦਾ ਕਰਦੀਆਂ ਹਨ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਐਸ ਸੀ ਵਿੰਗ ਦੇ ਬਲਾਕ ਇੰਚਾਰਜ ਅਮਿਤ ਧਾਲੀਵਾਲ, ਆਪ ਪਾਰਟੀ ਦੀ ਮਹਿਲਾ ਵਿੰਗ ਪ੍ਰਧਾਨ ਸੁਨੈਨਾ ਮਿੱਤਲ ਤੇ ਸੀਨੀਅਰ 'ਆਪ' ਆਗੂ ਕਿਰਨਜੀਤ ਕੌਰ ਆਦਿ ਨੇ ਹਾਜ਼ਰੀ ਭਰੀ।

# ਭਾਸ਼ਾ ਵਿਭਾਗ ਪੰਜਾਬ ਦਾ 75ਵਾਂ ਸਥਾਪਨਾ ਦਿਵਸ ਮਨਾਇਆ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਉਚੇਰੀ ਸਿੱਖਿਆ ਤੇ ਭਾਸ਼ਾਵਾਂ ਮੰਤਰੀ ਸ਼੍ਰੀ ਮੀਤ ਹੇਅਰ ਦੀ ਅਗਵਾਈ ਵਿੱਚ ਤੇ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਿਰੋਜ਼ਪੁਰ ਵੱਲੋਂ ਭਾਸ਼ਾ ਵਿਭਾਗ ਪੰਜਾਬ ਦਾ 75ਵਾਂ ਸਥਾਪਨਾ ਦਿਵਸ ਬਹੁਤ ਹੀ ਸੁਚੱਜੇ ਤੇ ਵਿਉਂਤਬੱਧ ਤਰੀਕੇ ਨਾਲ ਮਨਾਇਆ ਗਿਆ।ਇਸ ਸਮਾਗਮ ਵਿੱਚ ਫ਼ਿਰੋਜ਼ਪੁਰ ਜ਼ਿਲ੍ਹੇ ਦੇ ਸਾਹਿਤਕਾਰਾਂ ਤੇ ਕਲਾਕਾਰਾਂ ਨੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਜਗਦੀਪ ਸਿੰਘ ਸੰਧੂ ਨੇ ਦੱਸਿਆ ਕਿ ਪੰਜਾਬ ਸਰਕਾਰ ਜਿੱਥੇ ਸਿਹਤ ਤੇ ਸਿੱਖਿਆ ਪ੍ਰਤੀ ਸੰਜੀਦਗੀ ਨਾਲ ਕੰਮ ਕਰ ਰਹੀ ਹੈ, ਉੱਥੇ ਭਾਸ਼ਾ ਤੇ ਸਾਹਿਤ ਪ੍ਰਤੀ ਵੀ ਆਪਣੀ ਬਣਦੀ ਭੂਮਿਕਾ ਪੂਰੀ ਤਰ੍ਹਾਂ ਤਨਦੇਹੀ ਨਾਲ ਨਿਭਾਉਣ ਲਈ ਯਤਨਸ਼ੀਲ ਹੈ। ਵਿਭਾਗੀ ਧੁਨੀ 'ਧਨੁ ਲੇਖਾਰੀ ਨਾਨਕਾ' ਦੇ ਵਾਦਨ ਤੋਂ ਬਾਅਦ ਡਾ. ਜਗਦੀਪ ਸਿੰਘ ਸੰਧੂ ਵੱਲੋਂ ਆਏ ਹੋਏ ਮਹਿਮਾਨਾਂ ਨੂੰ 'ਜੀ ਆਇਆਂ' ਆਖਦਿਆਂ ਨਵੇਂ ਸਾਲ ਤੇ ਭਾਸ਼ਾ ਵਿਭਾਗ ਪੰਜਾਬ ਦੇ 75ਵੇਂ ਸਥਾਪਨਾ ਦਿਵਸ ਦੀ ਵਧਾਈ ਦਿੱਤੀ ਗਈ।ਇਸ ਤੋਂ ਬਾਅਦ ਉਨ੍ਹਾਂ ਨੇ ਭਾਸ਼ਾ ਵਿਭਾਗ ਦੇ ਗੌਰਵਮਈ ਇਤਿਹਾਸ, ਪ੍ਰਾਪਤੀਆਂ ਤੇ ਗਤੀਵਿਧੀਆਂ ਬਾਰੇ ਜਾਣੂ ਕਰਵਾਇਆ।ਉਨ੍ਹਾਂ ਦੱਸਿਆ ਕਿ ਭਾਸ਼ਾ ਵਿਭਾਗ ਦਾ ਪ੍ਰਕਾਸ਼ਨਾ ਦੇ ਖੇਤਰ ਵਿੱਚ ਬਹੁਤ ਵੱਡਮੁੱਲਾ ਕਾਰਜ ਰਿਹਾ ਹੈ।ਇਸ ਵਿੱਚ ਸਿਰਜਨਾਤਮਕ ਸਾਹਿਤ ਦੇ ਨਾਲ-ਨਾਲ ਕੋਸ਼ਕਾਰੀ, ਬਾਲ ਸਾਹਿਤ, ਕਲਾਸਕੀ ਸਾਹਿਤ ਦਾ ਅਨੁਵਾਦ, ਸੰਪਾਦਨਾ ਤੇ ਭਾਸ਼ਾ ਵਿਭਾਗ ਦੇ ਚਾਰ ਰਸਾਲੇ (ਪੰਜਾਬੀ ਦੁਨੀਆ, ਜਨ ਸਾਹਿਤ, ਪੰਜਾਬ ਸੌਰਭ ਤੇ ਪ੍ਰਵਾਜ਼-ਏ-ਅਦਬ) ਜ਼ਿਕਰਯੋਗ ਕਾਰਜ ਹਨ।ਇਸ ਤੋਂ ਇਲਾਵਾ ਭਾਸ਼ਾ ਵਿਭਾਗ ਵੱਲੋਂ ਸਾਹਿਤ ਸਿਰਜਣ, ਸਾਹਿਤ ਸਭਾਵਾਂ ਨਾਲ ਮਿਲ ਕੇ ਸਾਹਿਤਕ ਸਮਾਗਮ ਕਰਵਾਉਣੇ, ਪੰਜਾਬੀ ਪ੍ਰਚਾਲਣ, ਉਰਦੂ ਆਮੋਜ਼ ਦੇ ਕੋਰਸ ਦੀ ਸਿਖਲਾਈ ਲਈ ਕਲਾਸਾਂ ਤੇ ਵੱਖ-ਵੱਖ ਵਿੱਦਿਅਕ ਸੰਸਥਾਵਾਂ ਵਿੱਚ ਭਾਸ਼ਾ ਮੰਚਾਂ ਰਾਹੀਂ ਸਾਹਿਤਕ ਤੇ ਕਲਾਤਮਿਕ ਸਮਾਗਮ ਕਰਵਾਉਣਾ ਵੀ ਵਿਭਾਗ ਦੀਆਂ ਗਤੀਵਿਧੀਆਂ ਦਾ ਪ੍ਰਮੁੱਖ ਹਿੱਸਾ ਹੈ।ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਿਰੋਜ਼ਪੁਰ ਵੱਲੋਂ ਵੱਖ-ਵੱਖ ਵਿਧਾਵਾਂ ਦੇ ਲਗਭਗ ਪੰਦਰਾਂ ਸਾਹਿਤਕ ਸਮਾਗਮ ਵੀ ਕਰਵਾਏ ਗਏ।ਇਸ ਸਮਾਗਮ ਵਿੱਚ ਸ਼ਾਇਰ ਗੁਰਤੇਜ ਕੋਹਾਰਵਾਲਾ, ਪ੍ਰੋ. ਕੁਲਦੀਪ ਜਲਾਲਾਬਾਦੀ, ਡਾ. ਕੁਲਬੀਰ ਮਲਿਕ, ਸੁਖਜਿੰਦਰ, ਡਾ. ਰਾਮੇਸ਼ਵਰ ਸਿੰਘ, ਅਮਰਜੀਤ ਸਨ੍ਹੇਰਵੀ, ਜਗਤਾਰ ਸਿੰਘ ਸੋਖੀ, ਮੀਨਾ ਮਹਿਰੋਕ, ਡਾ. ਜਸਵਿੰਦਰ ਕੌਰ, ਗੁਰਨਾਮ ਸਿੱਧੂ (ਗਾਮਾ ਸਿੱਧੂ), ਸੁਖਦੇਵ ਭੱਟੀ ਫ਼ਿਰੋਜ਼ਪੁਰੀ, ਹਰਿੰਦਰ ਭੁੱਲਰ, ਲੈਕਚਰਾਰ ਨਰਿੰਦਰ ਸਿੰਘ, ਲੈਕਚਰਾਰ ਰਜਨੀ ਜੱਗਾ, ਰਵੀਇੰਦਰ ਸਿੰਘ, ਬਲਕਾਰ ਸਿੰਘ, ਅਵਤਾਰ ਸਿੰਘ ਪੁਰੀ, ਨਿਸ਼ਾਨ ਸਿੰਘ ਵਿਰਦੀ, ਗੁਰਦਿਆਲ ਸਿੰਘ ਵਿਰਕ, ਸੁਰਿੰਦਰ ਕੰਬੋਜ, ਬਲਵਿੰਦਰ ਪਨੇਸਰ ਤੇ ਉਰਦੂ ਅਧਿਆਪਕ ਰਾਮਨਾਥ ਚੋਪੜਾ ਨੇ ਆਪੋ-ਆਪਣੇ ਵਿਚਾਰ ਪੇਸ਼ ਕੀਤੇ।ਸਮਾਗਮ ਦੀ ਸ਼ੁਰੂਆਤ ਵਿੱਛੜ ਚੁੱਕੇ ਸ਼ਾਇਰ ਸ਼੍ਰੀ ਅਨਿਲ ਆਦਮ ਨੂੰ ਦੋ ਮਿੰਟ ਦਾ ਮੌਨ ਧਾਰ ਕੇ ਸ਼ਰਧਾਂਜਲੀ ਦੇ ਕੇ ਕੀਤੀ ਗਈ।ਸਮਾਗਮ ਦੇ ਅੰਤ 'ਤੇ ਸਮੇਟਵੀਂ ਟਿੱਪਣੀ ਕਰਦੇ ਹੋਏ ਸ਼ਾਇਰ ਗੁਰਤੇਜ ਕੋਹਾਰਵਾਲਾ ਨੇ ਸੰਕੇਤਕ ਰੂਪ ਵਿੱਚ ਕਿਹਾ ਕਿ ਭਾਸ਼ਾ ਬਾਰੇ ਸਾਨੂੰ ਲਿੱਪੀ, ਕਿਤਾਬਾਂ, ਸੈਮੀਨਾਰਾਂ ਤੇ ਸਾਹਿਤਕ ਸਮਾਗਮਾਂ ਦੇ ਰੂਪ ਵਿੱਚ ਹੀ ਨਹੀਂ ਸੋਚਣਾ ਚਾਹੀਦਾ, ਸਗੋਂ ਇਹ ਮਨੁੱਖ ਦੀ ਹੋਂਦ, ਰਹਿਤਲ ਤੇ ਜੀਵਨ ਜਾਚ ਨਾਲ ਵੀ ਸਬੰਧ ਰੱਖਦੀ ਹੈ।ਇਸ ਲਈ ਵਿਭਾਗ ਭਾਸ਼ਾ ਪ੍ਰਤੀ ਆਪਣੀ ਪਹੁੰਚ ਇਸ ਦ੍ਰਿਸ਼ਟੀਕੋਣ ਤੋਂ ਵੀ ਰੱਖ ਸਕਦਾ ਹੈ।ਇਸ ਮੌਕੇ ਜ਼ਿਲ੍ਹਾ ਭਾਸ਼ਾ ਦਫ਼ਤਰ ਫ਼ਿਰੋਜ਼ਪੁਰ ਵੱਲੋਂ ਪੁਸਤਕ ਪ੍ਰਦਰਸ਼ਨੀ ਲਗਾਈ ਗਈ ਤੇ ਉਰਦੂ ਅਧਿਆਪਕ ਰਾਮਨਾਥ ਚੋਪੜਾ ਨੂੰ ਉਨ੍ਹਾਂ ਦੀਆਂ ਨਿਰੰਤਰ ਸੇਵਾਵਾਂ ਬਦਲੇ ਸਨਮਾਨਤ ਕੀਤਾ ਗਿਆ।ਸਮਾਗਮ ਦੀ ਸਫ਼ਲਤਾ ਵਿੱਚ ਸੀਨੀ. ਸਹਾਇਕ ਰਮਨ ਕੁਮਾਰ, ਜੂਨੀ. ਸਹਾਇਕ ਨਵਦੀਪ ਸਿੰਘ ਤੇ ਰਵੀ ਕੁਮਾਰ ਦਾ ਵਿਸ਼ੇਸ਼ ਯੋਗਦਾਨ ਰਿਹਾ।



## ਸੀਨੀਅਰ ਸਿਟੀਜ਼ਨ ਵੈੱਲਫੇਅਰ ਸੋਸਾਇਟੀ ਨੇ ਸਭਾ ਨੂੰ ਦਵਾਈਆਂ ਦਿੱਤੀਆਂ



**ਜਲਾਲਾਬਾਦ (ਦਹੂਜਾ)**

ਗਾਂਧੀ ਨਗਰ 'ਚ ਚੱਲ ਰਹੀ ਪ੍ਰਸਵਾਰਥ ਸਭਾ ਵੱਲੋਂ ਹਰ ਬੁੱਧਵਾਰ ਤੇ ਐਤਵਾਰ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾ ਕੇ ਮੁਫ਼ਤ ਦਵਾਈਆਂ ਵੀ ਦਿੱਤੀਆਂ ਜਾਂਦੀਆਂ ਹਨ, ਉਸੇ ਨੂੰ ਦੇਖਦਿਆਂ ਅੱਜ ਸੀਨੀਅਰ ਸਿਟੀਜ਼ਨ ਵੈੱਲਫੇਅਰ ਸੋਸਾਇਟੀ ਜਲਾਲਾਬਾਦ ਵੱਲੋਂ ਦਵਾਈਆਂ ਦੀ ਸੇਵਾ ਕੀਤੀ ਗਈ, ਜਿਸ 'ਚ ਰਮੇਸ਼ ਵਧਵਾ ਪ੍ਰਧਾਨ ਤੇ ਉਨ੍ਹਾਂ ਦੇ ਨਾਲ ਡਾ. ਤਿਲਕਰਾਜ ਕੁਮਾਰ, ਖਰੈਤ ਲਾਲ ਮੌਂਗਾ, ਜਸਰਾਜ ਭਠੇਜਾ, ਦੇਵ ਰਾਜ ਸ਼ਰਮਾ, ਦਾਬੜਾ ਸਾਹਿਬ ਤੇ ਪ੍ਰਸਵਾਰਥ ਸਭਾ ਦੇ ਸਮੂਹ ਅਹੁਦੇਦਾਰ ਮੌਜੂਦ ਸਨ।

## ਸੁਖਚੈਨ ਤੋਂ ਸਦਰਪੁਰਾ ਤੱਕ ਸੜਕ ਦਾ ਉਦਘਾਟਨ



**ਫ਼ਾਜ਼ਿਲਕਾ (ਨਿਸ਼ਾ ਸ਼ਰਮਾ)**-ਹਲਕਾ ਬੱਲੂਆਣਾ ਦੇ ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਪਿੰਡ ਸੁਖਚੈਨ ਵਿੱਚ ਵਿਕਾਸ ਪ੍ਰੋਜੈਕਟ ਲੋਕਾਂ ਨੂੰ ਸਮਰਪਤ ਕੀਤੇ। ਉਨ੍ਹਾਂ ਨੇ ਪਿੰਡ ਸੁਖਚੈਨ ਤੋਂ ਸਰਦਾਰਪੁਰਾ ਤੱਕ ਸੜਕ ਤੇ ਪਿੰਡ ਵਿਚ ਇੰਟਰਲਾਕ ਗਲੀ ਦਾ ਉਦਘਾਟਨ ਕੀਤਾ। ਵਿਧਾਇਕ ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਰਾਜ ਸਰਕਾਰ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ। ਉਨ੍ਹਾਂ ਇਸ ਮੌਕੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਪਿੰਡਾਂ ਦੇ ਵਿਕਾਸ ਲਈ ਫੰਡ ਦੀ ਕੋਈ ਘਾਟ ਨਹੀਂ ਆਉਣ ਦਿੱਤੀ ਜਾਵੇਗੀ। ਵਿਧਾਇਕ ਨੇ ਦੱਸਿਆ ਕਿ ਰਾਜ ਸਰਕਾਰ ਵੱਲੋਂ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ 600 ਯੂਨਿਟ ਬਿਜਲੀ ਮੁਫ਼ਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਇਸ ਨਾਲ ਲੱਖਾਂ ਪਰਵਾਰਾਂ ਦੇ ਬਿਜਲੀ ਦੇ ਬਿੱਲ ਜ਼ੀਰੋ ਆ ਰਹੇ ਹਨ। ਉਨ੍ਹਾਂ ਕਿਹਾ ਕਿ ਮਹਿੰਗਾਈ ਦੇ ਇਸ ਦੌਰ ਵਿੱਚ ਲੋਕਾਂ ਲਈ ਇਹ ਵੱਡੀ ਰਾਹਤ ਹੈ। ਸ੍ਰੀ ਅਮਨਦੀਪ ਸਿੰਘ ਗੋਲਡੀ ਮੁਸਾਫਿਰ ਨੇ ਕਿਹਾ ਕਿ ਸਿਹਤ ਖੇਤਰ ਵਿੱਚ ਜ਼ਿਲ੍ਹੇ 'ਚ ਜਿੱਥੇ ਪਹਿਲਾਂ ਦੋ ਆਮ ਆਦਮੀ ਕਲੀਨਿਕ ਖੋਲ੍ਹੇ ਗਏ ਸਨ ਤੇ ਦੋਨੋਂ ਹੀ ਬੱਲੂਆਣਾ ਹਲਕੇ ਵਿਚ ਖੋਲ੍ਹੇ ਗਏ ਸਨ, ਹੁਣ ਪੰਜਾਬ ਸਰਕਾਰ ਵੱਲੋਂ ਫ਼ਾਜ਼ਿਲਕਾ ਜ਼ਿਲ੍ਹੇ ਵਿੱਚ 22 ਹੋਰ ਆਮ ਆਦਮੀ ਕਲੀਨਿਕਾਂ ਦੀ ਸਥਾਪਨਾ ਕੀਤੀ ਜਾ ਰਹੀ ਹੈ। ਇਸ ਨਾਲ ਲੋਕਾਂ ਨੂੰ ਉਨ੍ਹਾਂ ਦੇ ਘਰਾਂ ਦੇ ਨਜ਼ਦੀਕ ਹੀ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਇਸ ਮੌਕੇ ਸਮੂਹ ਗ੍ਰਾਮ ਪੰਚਾਇਤ, ਪਿੰਡ ਵਾਸੀ ਤੇ ਪਾਰਟੀ ਦੇ ਅਹੁਦੇਦਾਰ ਹਾਜ਼ਰ ਸਨ।

## ...ਸ.ਫ਼ਾ 1 ਦੇ ਬਾਕੀ

### ਨੋਟਬੰਦੀ ਨੂੰ ਸੁਪਰੀਮ ਕੋਰਟ...

ਮੁਤਾਬਕ ਹੋਈ। ਭਾਜਪਾ ਨੇ ਨੋਟਬੰਦੀ 'ਤੇ ਸੁਪਰੀਮ ਕੋਰਟ ਦੇ ਫੈਸਲੇ ਨੂੰ ਇਤਿਹਾਸਕ ਕਰਾਰ ਦਿੰਦਿਆਂ ਕਾਂਗਰਸ ਨੇਤਾ ਰਾਹੁਲ ਗਾਂਧੀ ਨੂੰ ਪੁੱਛਿਆ ਕਿ ਕੀ ਉਹ ਦੇਸ਼ 'ਚ ਨੋਟਬੰਦੀ ਵਿਰੁੱਧ ਮੁਹਿੰਮ ਚਲਾਉਣ ਲਈ ਮੁਆਫੀ ਮੰਗਣਗੇ। ਸਾਬਕਾ ਕੇਂਦਰੀ ਵਿੱਤ ਮੰਤਰੀ ਪੀ ਚਿਦੰਬਰਮ ਨੇ ਸੁਪਰੀਮ ਕੋਰਟ ਦੇ ਫੈਸਲੇ ਤੋਂ ਤੁਰੰਤ ਬਾਅਦ ਕਿਹਾ ਕਿ 'ਘੱਟਗਿਣਤੀ' ਫੈਸਲੇ ਨੇ ਨੋਟਬੰਦੀ 'ਚ 'ਗੈਰ-ਕਾਨੂੰਨੀ' ਅਤੇ 'ਬੇਨਿਯਮੀਆਂ' ਵੱਲ ਇਸ਼ਾਰਾ ਕੀਤਾ ਹੈ। ਉਨ੍ਹਾ ਕਿਹਾ ਕਿ 4:1 ਦੇ ਬਹੁਮਤ ਦੇ ਫੈਸਲੇ ਨੇ ਇਸ ਸਵਾਲ ਨੂੰ ਸਪੱਸ਼ਟ ਕਰ ਦਿੱਤਾ ਹੈ ਕਿ ਕੀ ਨੋਟਬੰਦੀ ਦੇ ਉਦੇਸ਼ ਹਾਸਲ ਕੀਤੇ ਗਏ।

### ਸ਼ਰਾਬ ਫੈਕਟਰੀ ਖਿਲਾਫ...

ਪੰਜਾਬ ਸਰਕਾਰ ਤੇ ਮਸਲੇ ਨੂੰ ਉਲਝਾਉਣ ਦਾ ਦੋਸ਼ ਲਗਾਇਆ। ਕਿਸਾਨ ਆਗੂਆਂ ਨੇ ਕਿਹਾ ਕਿ ਅਸੀਂ ਉਦਯੋਗ ਧੰਦਿਆਂ ਰਾਹੀਂ ਪੰਜਾਬ ਦੇ ਵਿਕਾਸ ਖਿਲਾਫ ਨਹੀਂ ਹਾਂ, ਪਰ ਜਿਹੜਾ ਉਦਯੋਗ ਵਾਤਾਵਰਨ ਨੂੰ ਜ਼ਹਿਰੀਲਾ ਬਣਾ ਕੇ ਲੋਕਾਂ ਦੀ ਜਾਨ ਲਈ ਖਤਰਾ ਬਣ ਜਾਵੇ, ਇਹੋ ਜਿਹੀਆਂ ਫੈਕਟਰੀਆਂ ਦਾ ਵਿਰੋਧ ਕਰਨਾ ਹਰ ਸੰਘਰਸ਼ਸ਼ੀਲ ਜਥੇਬੰਦੀ ਦਾ ਪਹਿਲਾ ਫਰਜ਼ ਹੈ। ਕਿਸਾਨ ਆਗੂਆਂ ਨੇ ਜ਼ੋਰ ਦਿੰਦੇ ਹੋਏ ਮੰਗ ਕੀਤੀ ਕਿ ਹਰ ਉਦਯੋਗ ਦੀ ਮਨਜ਼ੂਰੀ ਦੇਣ ਸਮੇਂ ਸਰਕਾਰ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਟ੍ਰੀਟਮੈਂਟ ਪਲਾਂਟ ਦੀ ਗਰੰਟੀ ਕਰਨ। ਫੈਕਟਰੀ ਵੱਲੋਂ ਇਲਾਕੇ ਦੇ ਕੀਤੇ ਨੁਕਸਾਨ ਦਾ ਪੂਰਾ ਮੁਆਵਜ਼ਾ ਇਸ ਦੇ ਮਾਲਕਾਂ ਤੋਂ ਵਸੂਲ ਕੀਤਾ ਜਾਵੇ। ਸੂਬਾ ਪ੍ਰਧਾਨ ਬਲਕਰਨ ਸਿੰਘ ਬਰਾੜ ਨੇ ਕਿਹਾ ਕਿ 5 ਜਨਵਰੀ ਨੂੰ ਪਹਿਲੇ ਜਥੇ ਵਿੱਚ ਮੋਗੇ ਜ਼ਿਲ੍ਹੇ ਦੇ ਸਾਥੀ ਸ਼ਾਮਲ ਹੋਣਗੇ।

# ਨਸ਼ਾ ਮੁਕਤ ਪੰਜਾਬ ਲਈ ਲੋਕਾਂ ਦਾ ਸਹਿਯੋਗ ਜ਼ਰੂਰੀ : ਡਾ. ਰਵਜੋਤ ਗਰੇਵਾਲ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਨਸ਼ਾ ਮੁਕਤ ਪੰਜਾਬ ਬਣਾਉਣ ਲਈ ਵਿਸ਼ੇਸ਼ ਮੁਹਿੰਮ ਚਲਾਈ ਗਈ ਹੈ, ਜਿਸ ਵਿੱਚ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਜ਼ਿਲ੍ਹਾ ਪੁਲਸ ਮੁਖੀ ਡਾ. ਰਵਜੋਤ ਗਰੇਵਾਲ ਨੇ ਸਿਵਲ ਹਸਪਤਾਲ ਵਿਖੇ ਬਣੇ ਨਸ਼ਾ ਛੁਡਾਊ ਕੇਂਦਰ ਵਿਖੇ ਇਲਾਜ ਲਈ ਦਾਖਲ ਮਰੀਜ਼ਾਂ ਨਾਲ ਨਵੇਂ ਸਾਲ ਮੌਕੇ ਗੱਲਬਾਤ ਕਰਦਿਆਂ ਕੀਤਾ।

ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਨਸ਼ਾ ਮੁਕਤ ਪੰਜਾਬ ਕਰਨ ਲਈ ਨਸ਼ਾ ਛੁਡਾਊ ਕੇਂਦਰਾਂ ਦਾ ਅਹਿਮ ਰੋਲ ਹੈ, ਇਸ ਲਈ ਸਾਨੂੰ ਚਾਹੀਦਾ ਹੈ ਕਿ ਸਾਡੇ ਆਲੇ-ਦੁਆਲੇ ਦੇ ਲੋਕ, ਜੋ ਨਸ਼ੇ ਦਾ ਸ਼ਿਕਾਰ ਹੋਣ ਉਨ੍ਹਾਂ ਨੂੰ ਪ੍ਰੇਰਤ ਕਰਕੇ ਨਸ਼ਾ ਛੁਡਾਊ ਕੇਦਰਾਂ ਵਿੱਚ ਲੈ ਕੇ ਆਉਣ। ਜ਼ਿਲ੍ਹਾ ਪੁਲਸ ਮੁਖੀ ਨੇ ਕਿਹਾ ਕਿ ਡੀ ਜੀ ਪੀ ਪੰਜਾਬ ਦੇ ਆਦੇਸ਼ਾਂ ਅਨੁਸਾਰ ਪੰਜਾਬ ਪੁਲਿਸ ਵੱਲੋਂ ਨਸ਼ੇ ਨੂੰ ਖਤਮ ਕਰਨ ਵਾਸਤੇ ਆਪਣੀ ਜ਼ਿੰਮੇਵਾਰੀ ਸਮਝਦੇ ਵਿਸ਼ੇਸ਼ ਯੋਗਦਾਨ ਪਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਦੀਆਂ ਪੰਚਾਇਤਾਂ ਤੇ ਲੋਕਾਂ ਦਾ ਵੀ ਫ਼ਰਜ਼ ਬਣਦਾ ਹੈ ਕਿ ਉਹ ਨਸ਼ੇ ਦੇ ਸ਼ਿਕਾਰ ਵਿਅਕਤੀਆਂ ਨੂੰ ਸਰਕਾਰ ਵੱਲੋਂ ਖੋਲ੍ਹੇ ਨਸ਼ਾ ਛੁਡਾਊ ਕੇਂਦਰਾਂ ਵਿੱਚ ਲੈ ਕੇ ਆਉਣ, ਜਿੱਥੇ ਦਵਾਈਆਂ ਦੇ ਕੇ ਨਸ਼ੇ ਛੁਡਾਏ ਜਾਂਦੇ ਹਨ। ਨਸ਼ਾ ਛੁਡਾਊ ਕੇਂਦਰ ਦੇ ਮਾਹਿਰ ਡਾਕਟਰ ਸਨਪ੍ਰੀਤ ਨੇ ਦੱਸਿਆ ਕਿ ਫ਼ਤਹਿਗੜ੍ਹ ਸਾਹਿਬ ਵਿਖੇ 18 ਓਟ ਕਲੀਨਿਕ ਹਨ, ਜਿਨ੍ਹਾਂ ਵਿੱਚ ਨਸ਼ੇ ਦੇ ਸ਼ਿਕਾਰ ਵਿਅਕਤੀਆਂ ਦਾ ਓ ਪੀ ਡੀ ਵਿੱਚ ਇਲਾਜ ਕਰਨਾ ਹੁੰਦਾ ਹੈ, ਉਨ੍ਹਾਂ ਨੂੰ ਦਵਾਈਆਂ ਦਿੱਤੀਆਂ ਜਾਂਦੀਆਂ ਹਨ ਤੇ ਫ਼ਤਹਿਗੜ੍ਹ ਸਾਹਿਬ ਵਿਖੇ 6500 ਦੇ ਕਰੀਬ ਵਿਅਕਤੀ ਇਨ੍ਹਾਂ ਓਟ ਕਲੀਨਿਕਾਂ ਤੋਂ ਦਵਾਈਆਂ ਲੈ ਰਹੇ ਹਨ। ਉਨ੍ਹਾਂ ਦੱਸਿਆ ਕਿ ਨਸ਼ਾ ਛੁਡਾਊ ਕੇਂਦਰ ਵਿੱਚ ਆਉਣ ਵਾਲੇ ਲੋਕਾਂ ਦਾ ਪਹਿਲਾਂ ਚੈੱਕਅਪ ਕੀਤਾ ਜਾਂਦਾ ਹੈ ਤੇ ਉਸ ਅਨੁਸਾਰ ਉਹ ਜਿਸ ਵੀ ਨਸ਼ੇ ਦੇ ਆਦੀ ਹਨ, ਉਸ ਮੁਤਾਬਕ ਦਵਾਈ ਦੇ ਨਸ਼ਾ ਛੁਡਾਇਆ ਜਾਂਦਾ ਹੈ। ਇਸ ਮੌਕੇ ਐਸ ਐਮ ਓ ਡਾ ਹਰਬੰਸ ਸਿੰਘ, ਡੀ.ਐਸ ਪੀ ਜਸਪਿੰਦਰ ਸਿੰਘ, ਡੀ ਐਸ ਪੀ ਸ੍ਰੀ ਸੁਖਬੀਰ ਸਿੰਘ, ਡੀ ਐਸ ਪੀ ਸ੍ਰੀ ਹਰਬੰਸ ਸਿੰਘ ਨੇ ਵੀ ਦਾਖ਼ਲ ਮਰੀਜ਼ਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਾਇਆ ਤੇ ਆਪਣੇ ਆਲੇ-ਦੁਆਲੇ ਦੇ ਪੀੜਤ ਲੋਕਾਂ ਨੂੰ ਨਸ਼ਾ ਛੁਡਾਊ ਕੇਂਦਰ ਵਿੱਚ ਲਿਆਉਣ ਦੀ ਅਪੀਲ ਕੀਤੀ। ਇਸ ਮੌਕੇ ਡਿਪਟੀ ਮੈਡੀਕਲ ਕਮਿਸ਼ਨਰ ਡਾ. ਸਰਿਤਾ ਤੇ ਸਿਹਤ ਵਿਭਾਗ ਦੇ ਹੋਰ ਅਧਿਕਾਰੀ ਵੀ ਹਾਜ਼ਰ ਸਨ।



ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri
ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

# ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਗੁਰਦਾਸਪੁਰ ਲੱਗਾ ਪੱਕਾ ਮੋਰਚਾ ਨਿਰੰਤਰ ਜਾਰੀ

**ਗੁਰਦਾਸਪੁਰ (ਜਨਕ ਮਹਾਜਨ)**

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ 26 ਨਵੰਬਰ ਤੋਂ ਲੋਕਾਂ ਦੀਆਂ ਹੱਕੀ ਮੰਗਾਂ ਅਤੇ ਅਤੀਤ ਵਿਚ ਸਰਕਾਰ ਵੱਲੋਂ ਮੰਨੀਆਂ ਮੰਗਾਂ ਲਾਗੂ ਕਰਵਾਉਣ ਲਈ, ਟੋਲ ਪਲਾਜ਼ੇ ਫ੍ਰੀ ਕਰਵਾਉਣ ਲਈ ਪਠਾਨਕੋਟ ਤੋਂ ਦੀਨਾਨਗਰ ਅਤੇ ਗੁਰਦਾਸਪੁਰ ਡੀਸੀ ਦਫਤਰ 'ਤੇ ਮੋਰਚੇ ਨਿਰੰਤਰ ਜਾਰੀ ਹਨ ਜੋ 37ਵੇਂ ਦਿਨ 'ਚ ਦਾਖਲ ਹੋ ਗਏ ਹਨ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਹਰਦੀਪ ਸਿੰਘ ਫੌਜੀ ਦੀ ਅਗਵਾਈ ਵਿਚ ਗੁਰਦਾਸਪੁਰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤੇ ਚਲਦੇ ਮੋਰਚੇ ਤੋਂ ਬੋਲਦੇ ਜ਼ਿਲ੍ਹਾ ਪ੍ਰੈੱਸ ਸਕੱਤਰ ਸੁਖਦੇਵ ਸਿੰਘ ਅੱਲੜ ਪਿੰਡੀ ਨੇ ਕਿਹਾ ਕਿ ਅੱਜ ਦੇਸ਼ ਅਤੇ ਪੰਜਾਬ ਦੇ ਕਿਸਾਨਾਂ ਤੇ ਮਜ਼ਦੂਰਾਂ ਸਮੇਤ ਸਭ ਵਰਗਾਂ ਦੀ ਆਰਥਿਕ ਹਾਲਤ ਲਗਾਤਾਰ ਨਿਘਾਰ ਵੱਲ ਜਾ ਰਹੀ ਹੈ, ਕਰਜ਼ੇ ਅਤੇ ਆਰਥਿਕ ਤੰਗੀਆਂ ਕਾਰਨ ਖ਼ੁਦਕੁਸ਼ੀਆਂ ਕਰਨ ਵਾਲਿਆਂ ਦੇ ਕੁਝ ਸਾਲਾਂ ਦੇ ਅੰਕੜੇ ਦੇਖੇ ਜਾਣ ਤਾਂ ਇਸ ਮਾਮਲੇ ਵਿਚ ਵੱਡੇ ਉਛਾਲ ਆਏ ਹਨ। ਉਨ੍ਹਾਂ ਕਿਹਾ ਕਿ ਅੱਜ ਖੇਤੀਬਾੜੀ ਘਾਟੇਵੰਦਾ ਧੰਦਾ ਬਣ ਗਈ ਹੈ, ਮਨਰੇਗਾ ਵਰਗੀਆਂ ਸਕੀਮਾਂ ਤਹਿਤ ਮਜ਼ਦੂਰਾਂ ਨੂੰ 100 ਦਿਨ ਦਾ ਰੁਜ਼ਗਾਰ ਦੇਣ ਲਈ ਵੀ ਸਰਕਾਰ ਨੇ ਪੂਰੇ ਬਜਟ ਨਹੀਂ ਰੱਖੇ। ਉਨ੍ਹਾਂ ਕਿਹਾ ਕਿ ਅਜਿਹੇ ਹਾਲਾਤ ਵਿਚ ਜਥੇਬੰਦੀ ਵੱਲੋਂ ਸ਼ੁਰੂ ਕੀਤੇ ਗਏ ਅੰਦੋਲਨ ਨੇ ਲੋਕਾਂ ਵਿਚ ਇੱਕ ਆਸ ਬੰਨ੍ਹੀ ਹੈ ਕਿ ਸਰਕਾਰਾਂ ਦੀਆਂ ਗ਼ਲਤ ਨੀਤੀਆਂ ਖਿਲਾਫ ਖੜਨਾ ਸ਼ੁਰੂਰੀ ਹੈ। ਉਨ੍ਹਾਂ ਕਿਹਾ ਕਿ ਅੰਦੋਲਨ ਦੀ ਰਫਤਾਰ ਲਗਾਤਾਰ ਵਧ ਰਹੀ ਹੈ। ਸਿਆਸਤਦਾਨ ਚਾਹੇ



ਕੇਂਦਰ ਦੇ ਹੋਣ ਜਾਂ ਪੰਜਾਬ ਸਰਕਾਰ ਦੇ, ਉਨ੍ਹਾਂ ਦੀਆਂ ਨੀਤੀਆਂ ਵੱਡੇ ਵਪਾਰਕ ਘਰਾਣਿਆਂ ਨੂੰ ਮੁਨਾਫ਼ੇ ਪਹੁੰਚਾਉਣ ਵਾਲੀਆਂ ਹਨ ਪਰ ਉਨ੍ਹਾਂ ਨੂੰ ਚਾਹੀਦਾ ਕਿ ਜਨਤਾ ਦੇ ਮੂਡ ਨੂੰ ਸਮਝਦਿਆਂ ਇਨ੍ਹਾਂ ਨੀਤੀਆਂ ਤੋਂ ਬਾਜ਼ ਆਉਣ ਤੇ ਆਮ ਲੋਕਾਂ ਦੇ ਉਥਾਨ ਲਈ ਮੋਰਚੇ ਦੀਆਂ ਮੰਗਾਂ 'ਤੇ ਧਿਆਨ ਦੇਣ। ਉਨ੍ਹਾਂ ਕਿਹਾ ਕਿ ਪੀਣ ਲਈ ਸਾਫ ਪਾਣੀ ਮੁਹੱਈਆ ਕਰਨ ਦੇ ਨਾਮ 'ਤੇ ਨਹਿਰਾਂ 'ਤੇ ਲਾਏ ਜਾ ਰਹੇ ਪ੍ਰੋਜੈਕਟਾਂ ਦੀ ਆੜ ਹੇਠ ਪੰਜਾਬ ਦੇ ਦਰਿਆਈ ਪਾਣੀਆਂ 'ਤੇ ਕਾਰਪੋਰੇਟਾਂ ਦੇ ਕਬਜ਼ੇ ਕਰਵਾਉਣ ਜਾ ਰਹੀ ਹੈ, ਜਿਸਦਾ ਕਿ ਜਥੇਬੰਦੀ ਪੁਰਜ਼ੋਰ ਵਿਰੋਧ ਕਰਦੀ ਹੈ ਅਤੇ ਮੰਗ ਕਰਦੀ ਹੈ ਕਿ ਇਹ ਪ੍ਰੋਜੈਕਟ ਬੰਦ ਕੀਤੇ ਜਾਣ ਅਤੇ ਧਰਤੀ ਹੇਠਲੇ ਪਾਣੀ ਨੂੰ ਰਿਚਾਰਜ ਕਰਨ ਲਈ ਬਰਸਾਤ ਦੇ ਪਾਣੀ ਦੀ ਵਰਤੋਂ ਕਰਨ ਲਈ ਠੋਸ ਨੀਤੀ ਬਣਾਈ ਜਾਵੇ, ਜ਼ੀਰਾ ਸ਼ਰਾਬ ਫੈਕਟਰੀ ਅਤੇ ਅਜਿਹੀਆਂ ਹੋਰ ਫੈਕਟਰੀਆਂ ਜੋ ਦਰਿਆਈ ਤੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਿਤ ਕਰ ਰਹੀਆਂ ਹਨ, ਉਨ੍ਹਾਂ ਦੇ ਮਾਲਕਾਂ ਉਪਰ ਪਰਚੇ ਦਰਜ ਕਰਕੇ ਮਿਸਾਲੀ ਕਾਰਵਾਈ ਕੀਤੀ ਜਾਵੇ। ਉਨ੍ਹਾਂ ਦੱਸਿਆ ਕਿ ਜ਼ਿਲ੍ਹੇ ਅੰਦਰ ਪੈਂਦੇ ਟੋਲ ਪਲਾਜ਼ਿਆਂ 'ਤੇ ਕਿਸਾਨ ਤੇ ਮਜ਼ਦੂਰ ਲਗਾਤਾਰ ਡਟੇ ਹੋਏ ਹਨ। ਜ਼ਿਲ੍ਹੇ ਵਿਚ ਲੱਗੇ ਵੱਖ-ਵੱਖ ਮੋਰਚਿਆਂ 'ਤੇ ਹੋਰਨਾਂ ਤੋਂ ਇਲਾਵਾ ਜ਼ੋਨ ਤੇਜਾ ਸਿੰਘ ਸੁਤੰਤਰ ਦੇ ਪ੍ਰਧਾਨ ਸੁਖਵਿੰਦਰ ਸਿੰਘ ਅੱਲੜ ਪਿੰਡੀ, ਰਣਬੀਰ ਸਿੰਘ ਡੁਗਰੀ, ਸਤਨਾਮ ਸਿੰਘ ਖਜ਼ਾਨਚੀ, ਨਰਿੰਦਰ ਸਿੰਘ ਆਲੀਨੰਗਲ, ਲਖਵਿੰਦਰ ਸਿੰਘ ਨੰਗਲ ਡਾਲਾ, ਰਮੇਸ਼ ਚੰਦਰ, ਅਨੋਖ ਸਿੰਘ ਅੱਲੜ ਪਿੰਡੀ, ਜਸਪਾਲ ਸਿੰਘ ਅਲੂਣਾ, ਰਸ਼ਪਾਲ ਸਿੰਘ ਡੁਗਰੀ, ਦਿਲਬਾਗ ਸਿੰਘ ਹਰਦੋਛੰਨੀ, ਸੁੱਚਾ ਸਿੰਘ ਬਲੱਗਣ, ਪਰਮਜੀਤ ਸਿੰਘ ਆਂਦੀ ਨੇ ਹਾਜ਼ਰੀ ਭਰੀ।

# ਕਿਸਾਨਾਂ ਦਾ ਨਵਾਂ ਸਾਲ ਤਾਂ ਉਦੋਂ ਸ਼ੁਰੂ ਹੋਣੈ, ਜਦੋਂ ਫਸਲ ਤੇ ਕਿਰਤ ਦਾ ਪੂਰਾ ਮੁੱਲ ਮਿਲੂ : ਚੱਬਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**

ਕਿਸਾਨ ਸੰਘਰਸ਼ ਕਮੇਟੀ ਦੇ ਸੂਬਾ ਪ੍ਰਧਾਨ ਸਤਨਾਮ ਸਿੰਘ ਪੰਨੂ ਅਤੇ ਸੂਬਾ ਜਨਰਲ ਸਕੱਤਰ ਸਰਵਣ ਸਿੰਘ ਪੰਧੇਰ ਦੀ ਅਗਵਾਈ ਵਿਚ ਕਿਸਾਨਾਂ ਤੇ ਮਜ਼ਦੂਰਾਂ ਦੀਆਂ ਹੱਕੀ ਮੰਗਾਂ ਲਾਗੂ ਕਰਵਾਉਣ ਲਈ ਪੰਜਾਬ ਭਰ ਦੇ ਡੀਸੀ ਦਫਤਰਾਂ 'ਤੇ ਜਾਰੀ ਲੰਬੇ ਮੋਰਚੇ ਸੰਨ 2023 ਵਿਚ ਦਾਖਿਲ ਹੋ ਗਏ ਹਨ। ਡੀਸੀ ਦਫਤਰ ਅੰਮ੍ਰਿਤਸਰ ਤੇ ਸੂਬਾ ਆਗੂ ਗੁਰਬਚਨ ਸਿੰਘ ਚੱਬਾ, ਜ਼ਿਲ੍ਹਾ ਪ੍ਰਧਾਨ ਰਣਜੀਤ ਸਿੰਘ ਕਲੇਰ ਬਾਲਾ ਅਤੇ ਜ਼ਿਲ੍ਹਾ ਸਕੱਤਰ ਗੁਰਲਾਲ ਸਿੰਘ ਮਾਨ ਦੀ ਅਗਵਾਈ ਵਿਚ ਚੱਲ ਰਹੇ ਮੋਰਚੇ ਤੋਂ ਅੱਜ ਮੀਡੀਆ ਨਾਲ ਗੱਲਬਾਤ ਕਰਦੇ ਆਗੂਆਂ ਨੇ ਕਿਹਾ ਕਿ ਬੇਸ਼ੱਕ ਅੱਜ ਇਸ ਵੀ ਕੈਲੰਡਰ ਦੇ ਮੁਤਾਬਿਕ ਨਵਾਂ ਸਾਲ ਸ਼ੁਰੂ ਹੋ ਚੁੱਕਾ ਹੈ ਪਰ ਭਾਰਤ ਦੇ ਆਮ ਨਾਗਰਿਕ ਲਈ ਕੁਝ ਨਹੀਂ ਬਦਲਿਆ।



ਕਿਸਾਨਾਂ ਤੇ ਮਜ਼ਦੂਰਾਂ ਦਾ ਨਵਾਂ ਸਾਲ ਉਦੋਂ ਸ਼ੁਰੂ ਹੋ ਸਕਦਾ ਜਦੋਂ ਉਸਦੀ ਫ਼ਸਲ ਅਤੇ ਮਿਹਨਤ ਦਾ ਪੂਰਾ ਮੁੱਲ ਪਵੇਗਾ। ਉਨ੍ਹਾਂ ਕਿਹਾ ਕਿ ਪੰਜਾਬ ਦੇ ਕਿਸਾਨ, ਮਜ਼ਦੂਰ ਅਤੇ ਬੀਬੀਆਂ ਅੱਤ ਦੀ ਸਰਦੀ ਵਿਚ ਘਰਾਂ ਤੋਂ ਬਾਹਰ ਧਰਨਿਆਂ ਵਿਚ ਟਰਾਲੀਆਂ ਤੇ ਤਰਪਾਲਾਂ ਪਾ ਕੇ ਰਹਿਣ ਤੇ ਸੌਣ ਨੂੰ ਮਜਬੂਰ ਹਨ ਅਤੇ ਇਹ ਸਰਕਾਰਾਂ ਦੀ ਨਾਲਾਇਕੀ ਤੇ ਲੋਕ ਵਿਰੋਧੀ ਨੀਤੀਆਂ ਦੀ ਜ਼ਿੰਦਾ ਜਾਗਦੀ ਮਿਸਾਲ ਹੈ। ਉਨ੍ਹਾਂ ਕਿਹਾ ਕਿ ਲੋਕ ਇਨ੍ਹਾਂ ਦੀਆਂ ਨੀਤੀਆਂ ਨਾਲ ਸਹਿਮਤ ਨਹੀਂ ਅਤੇ ਜਿੰਨੀ ਦੇਰ ਸਰਕਾਰ ਮੋਰਚੇ ਦੀਆਂ ਹੱਕੀ ਮੰਗਾ ਮੰਨ ਕੇ ਲੋਕਾਂ ਦੇ ਹੱਕ ਨਹੀਂ ਦਿੰਦੀ ਓਨੀ ਦੇਰ ਲੋਕ ਸੰਘਰਸ਼ਾਂ ਦੇ ਪਿੜ ਵਿਚ ਡਟੇ ਹਨ ਅਤੇ ਸ਼ਾਂਤਮਈ ਸੰਘਰਸ਼ ਜਾਰੀ ਰੱਖਣਗੇ। ਉਨ੍ਹਾਂ ਕਿਹਾ ਕਿ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ। ਇਸ ਸਮੇਂ ਜ਼ਿਲ੍ਹਾ ਆਗੂ ਕੰਵਰਦਲੀਪ ਸੈਦੋਲੇਹਲ ਅਤੇ ਸੁਖਦੇਵ ਸਿੰਘ ਚਾਟੀਵਿੰਡ ਨੇ ਜਾਣਕਾਰੀ ਦਿੱਤੀ ਕਿ ਮੋਰਚੇ ਵਿਚ ਬਾਰਡਰ ਬੈਲਟ ਦੇ 100 ਦੇ ਕਰੀਬ ਪਿੰਡਾਂ ਤੋਂ ਨਵੇਂ ਜਥੇ ਸ਼ਾਮਿਲ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਅੰਦਲੋਨ ਨੇ ਸਰਕਾਰਾਂ ਦੇ ਦੋਗਲੇ ਚਿਹਰਿਆਂ ਦੀ ਨੀਤੀ ਨੰਗੀ ਕੀਤੀ ਹੈ। ਆਗੂਆਂ ਨੇ ਕਿਹਾ ਕਿ ਸਰਕਾਰ ਦੀ ਨਾਲਾਇਕੀ ਤੇ ਅਵੇਸਲੇਪਣ ਦਾ ਸਬੂਤ ਹੈ ਕਿ ਗੁੰਮਟਾਲਾ ਏਰੀਏ ਵਿਚ ਜਾਨਵਰਾਂ ਵਿਚ ਲੰਪੀ ਸਕਿਨ ਬਿਮਾਰੀ ਤੋਂ ਬਾਅਦ ਹੁਣ ਮੂੰਹਖ਼ੁਰ ਦੀ ਬਿਮਾਰੀ ਫ਼ੈਲ ਰਹੀ ਹੈ ਪਰ ਸਰਕਾਰ ਸੁੱਤੀ ਪਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਜਲਦ ਤੋਂ ਜਲਦ ਇਸ ਨਾਲ ਨਿਪਟਣ ਦਾ ਪ੍ਰਬੰਧ ਕਰੇ ਤਾਂ ਜੋ ਇਸ ਬਿਮਾਰੀ ਨੂੰ ਸ਼ੁਰੂਆਤੀ ਦੌਰ ਵਿਚ ਹੀ ਕੰਟਰੋਲ ਕੀਤਾ ਜਾ ਸਕੇ ਅਤੇ ਅਗਰ ਕਿਸੇ ਪਸ਼ੂਧਨ ਦਾ ਨੁਕਸਾਨ ਹੁੰਦਾ ਹੈ ਤਾਂ ਮੁਆਵਜ਼ਾ ਦੇਣ ਦਾ ਪ੍ਰਬੰਧ ਕੀਤਾ ਜਾਵੇ। ਆਗੂਆਂ ਜਾਣਕਰੀ ਦਿੱਤੀ ਕਿ ਬੀਤੀ ਸ਼ਾਮ ਮੋਰਚੇ ਵਿਚ ਮੌਜੂਦ ਕਿਸਾਨਾਂ ਤੇ ਮਜ਼ਦੂਰਾਂ ਵੱਲੋਂ ਸਫਾਈ ਮੁਹਿੰਮ ਚਲਾ ਕੇ ਅੰਦੋਲਨ ਸਥਲ ਦੀ ਸਾਫ ਸਫਾਈ ਕੀਤੀ ਗਈ। ਡੀਸੀ ਦਫਤਰ ਸਮੇਤ ਮੋਰਚੇ 37ਵੇਂ ਅਤੇ ਜ਼ਿਲ੍ਹੇ ਦੇ 3 ਟੋਲ ਪਲਾਜ਼ਿਆਂ 'ਤੇ ਮੋਰਚੇ 18ਵੇਂ ਦਿਨ ਜਾਰੀ ਰਹੇ। ਵੱਖ-ਵੱਖ ਮੋਰਚਿਆਂ 'ਤੇ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਆਗੂ ਅਮਰਦੀਪ ਸਿੰਘ ਬਾਗੀ, ਰਣਜੀਤ ਸਿੰਘ ਚਾਟੀਵਿੰਡ, ਗੁਰਭੇਜ ਸਿੰਘ ਭੀਲੋਵਾਲ, ਅਮਨਿੰਦਰ ਸਿੰਘ ਮਾਲੋਵਾਲ, ਬਲਦੇਵ ਸਿੰਘ ਭੰਗਵਾ, ਸਤਨਾਮ ਸਿੰਘ ਧਾਰੜ, ਸੁਖਦੇਵ ਸਿੰਘ ਧੀਰੇਕੋਟ, ਹਰਮੀਤ ਸਿੰਘ ਧੀਰੇਕੋਟ, ਚਰਨ ਸਿੰਘ ਕਲੇਰ ਘੁਮਾਣ, ਅਮਰੀਕ ਸਿੰਘ ਜਮਾਲਪੁਰ, ਸਵਰਨ ਸਿੰਘ ਉਧੋਨੰਗਲ, ਬਲਵਿੰਦਰ ਸਿੰਘ ਸੈਦੂਕੇ, ਚਰਨਜੀਤ ਸਿੰਘ ਸਫ਼ੀਪੁਰ, ਪ੍ਰਗਟ ਸਿੰਘ ਗੁੰਨੋਵਾਲ ਅਤੇ ਕਾਬਲ ਸਿੰਘ ਮਹਾਵਾ ਨੇ ਸੰਬੋਧਨ ਕੀਤਾ।

# 'ਸੁਨੱਖੀ ਪੰਜਾਬਣ ਮੁਟਿਆਰ' ਮੁਕਾਬਲਾ ਫਰਵਰੀ 'ਚ : ਜੈਕਬ ਮਸੀਹ ਤੇਜਾ

**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**

ਲੋਕ ਸੱਭਿਆਚਾਰਕ ਪਿੜ (ਰਜਿ:) ਗੁਰਦਾਸਪੁਰ ਵੱਲੋਂ ਪੰਜਾਬਣਾਂ ਦਾ ਖੂਬਸੂਰਤ ਤੇ ਵਿਲੱਖਣ ਵਿਰਾਸਤੀ ਮੇਲਾ ਲੋਕ-ਕਲਾਵਾਂ ਮੁਕਾਬਲਾ 'ਸੁਨੱਖੀ ਪੰਜਾਬਣ ਮੁਟਿਆਰ' ਫਰਵਰੀ ਵਿੱਚ ਕਰਵਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਪਿੜ ਦੇ ਪ੍ਰਧਾਨ ਤੇ ਭੰਗੜਾ ਕੋਚ ਜੈਕਬ ਮਸੀਹ ਤੇਜਾ ਨੇ ਦੱਸਿਆ ਕਿ ਪੰਜਾਬ ਦੇ ਮੇਲਿਆਂ ਦੀ ਟੁੱਟੀ ਰਵਾਇਤ ਨੂੰ ਗੰਢਣ ਵਾਲਾ ਮੇਲਿਆਂ ਵਿੱਚੋਂ ਇੱਕ ਗੁਰਦਾਸਪੁਰ ਜ਼ਿਲ੍ਹੇ ਦਾ ਸਰਤਾਜ ਮੁਕਾਬਲਾ ਸੁਨੱਖੀ ਪੰਜਾਬਣ ਮੁਟਿਆਰ ਹੈ। ਸੰਸਾਰ ਭਰ ਦੀਆਂ ਪੰਜਾਬਣ ਧੀਆਂ ਦਾ ਵਿਲੱਖਣ ਵਿਰਾਸਤੀ ਪ੍ਰਸਿੱਧ ਮੁਕਾਬਲਾ ਸੁਨੱਖੀ ਪੰਜਾਬਣ ਮੁਟਿਆਰ ਫਰਵਰੀ 2023 ਵਿੱਚ ਬੜੀ ਸ਼ਾਨੋ-ਸ਼ੌਕਤ ਨਾਲ ਕਰਵਾਇਆ ਜਾ ਰਿਹਾ ਹੈ। ਪਿੜ ਕੁਨਬੇ ਦੇ ਸਾਰੇ ਮੈਂਬਰ ਸਾਹਿਬਾਨ ਵੱਲੋਂ ਇਕ ਮੀਟਿੰਗ ਕਰਕੇ ਮਤਾ ਪਾਸ ਕੀਤਾ ਗਿਆ। ਵਿਸ਼ਵ ਪੱਧਰ 'ਤੇ ਪਛਾਣ ਬਣਾਉਣ ਵਾਲਾ ਧੀਆਂ-ਧਿਆਣੀਆਂ ਦੇ ਇਸ ਵਿਰਾਸਤੀ 'ਸੁਨੱਖੀ ਪੰਜਾਬਣ ਮੁਟਿਆਰ' ਮੁਕਾਬਲੇ ਵਿੱਚ ਪੰਜਾਬ ਦੇ ਦਿਨੋਂ-ਦਿਨ ਗੁਆਚ ਰਹੇ ਪੰਜਾਬੀ ਸੱਭਿਆਚਾਰ ਦੀਆਂ ਵੱਖ-ਵੱਖ ਵੰਨਗੀਆਂ ਨਾਲ ਰੂ-ਬ-ਰੂ ਕਰਵਾਇਆ ਜਾਵੇਗਾ। ਨੌਜੁਆਨ ਧੀਆਂ ਨੂੰ ਆਪਣੇ ਰੀਤੀ ਰਿਵਾਜਾਂ ਨਾਲ ਪਿਛੋਕੜ ਦੀ ਗੁੜਤੀ ਦੇਣ ਵਾਲਾ ਅਤੇ ਸੱਭਿਆਚਾਰਕ ਵਿਰਸੇ ਨਾਲ ਜੋੜਨ ਹਿੱਤ ਇਹ ਮੁਕਾਬਲਾ ਅਹਿਮ ਰੋਲ ਨਿਭਾਏਗਾ। ਇਸ ਰਵਾਇਤੀ ਲੋਕ-ਕਲਾਵਾਂ ਮੁਕਾਬਲੇ ਵਿੱਚ ਬਹੁਤ ਕੁੱਝ ਸਿੱਖਣ ਅਤੇ ਦੇਖਣ ਲਈ ਮਿਲੇਗਾ। ਤੇਜਾ ਨੇ ਕਿਹਾ ਕਿ ਜਲਦ ਹੀ ਇਸ ਸੱਭਿਆਚਾਰਕ ਮੁਕਾਬਲੇ ਦੀ ਮਿਤੀ ਅਤੇ ਸਥਾਨ ਬਾਰੇ ਵਿਸਥਾਰ ਸਹਿਤ ਪੂਰੀ ਜਾਣਕਾਰੀ ਸਭ ਨੂੰ ਦੱਸ ਦਿੱਤੀ ਜਾਵੇਗੀ।



# ਮੰਨਣ ਟੋਲ ਪਲਾਜ਼ੇ 'ਤੇ ਮਨਾਇਆ ਸੰਘਰਸ਼ੀ ਯੋਧਿਆਂ ਨਵਾਂ ਸਾਲ



**ਝਬਾਲ (ਹਰਜਿੰਦਰ ਸਿੰਘ ਸੋਨੀ/ਗੌਬਿਨ ਸਿੰਘ ਸੋਨੀ)**

ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਤਰਨਤਾਰਨ ਅੱਗੇ ਲੱਗਾ ਮੋਰਚਾ 36ਵੇਂ ਦਿਨ ਵਿੱਚ ਅਤੇ ਮੰਨਣ ਟੋਲ ਪਲਾਜ਼ੇ 'ਤੇ 18 ਦਿਨਾਂ ਤੋਂ ਲਗਾਤਾਰ ਮੋਰਚੇ ਜਾਰੀ ਹਨ। ਮੰਨਣ ਟੋਲ ਪਲਾਜ਼ੇ 'ਤੇ ਕਿਰਤੀ ਕਿਸਾਨਾਂ ਅਤੇ ਮਜ਼ਦੂਰਾਂ ਨੇ ਆਪਣੇ ਘਰਾਂ ਤੋਂ ਦੂਰ ਨਵਾਂ ਸਾਲ ਮਨਾਇਆ। ਇਸ ਮੌਕੇ ਵਿਚਾਰ ਸਾਂਝੇ ਕਰਦਿਆਂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਜ਼ਿਲ੍ਹਾ ਆਗੂ ਹਰਪਾਲ ਸਿੰਘ ਪੰਡੋਰੀ ਸਿੱਧਵਾਂ, ਪ੍ਰਧਾਨ ਮਨਜਿੰਦਰ ਸਿੰਘ ਗੋਹਲਵੜ, ਜ਼ੋਨ ਖਜ਼ਾਨਚੀ ਹਰਜਿੰਦਰ ਸਿੰਘ ਪੰਡੋਰੀ ਸਿੱਧਵਾਂ ਨੇ ਕਿਹਾ ਕਿ ਜ਼ੁਲਮ ਤੇ ਜਬਰ ਖਿਲਾਫ ਡਟ ਕੇ ਖੜਨਾ ਕਿਰਤੀ ਜਮਾਤ ਦਾ ਦਸਤੂਰ ਰਿਹੈ। ਉਨ੍ਹਾਂ ਕਿਹਾ ਕਿ ਅੱਤ ਦੀ ਠੰਡ ਵਿੱਚ ਹਾਕਮਾਂ ਦੇ ਜਬਰ ਖਿਲਾਫ ਲੋਕ ਯੁੱਧ ਨੂੰ ਤੇਜ਼ ਕਰਨ ਅਤੇ ਆਖਰ ਤੱਕ ਲੜਨ ਦੀ ਵੱਡੀ ਲੋੜ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਜ਼ੀਰਾ ਸ਼ਰਾਬ ਫੈਕਟਰੀ ਤੁਰੰਤ ਬੰਦ ਕਰਨ, ਪੰਜਾਬ ਦੇ ਪਾਣੀਆਂ ਨੂੰ ਬਚਾਉਣ ਲਈ ਦਰਿਆਵਾਂ, ਡਰੇਨਾਂ ਤੇ ਧਰਤੀ ਹੇਠ ਪੈ ਰਿਹਾ ਗੰਦਾ ਤੇ ਪ੍ਰਦੂਸ਼ਿਤ ਪਾਣੀ ਰੋਕਣ, ਸਨਅਤਕਾਰਾਂ ਉੱਤੇ ਅਪਰਾਧਿਕ ਪਰਚੇ ਦਰਜ ਕਰਨ, ਮਨਰੇਗਾ ਅਧੀਨ 365 ਦਿਨ ਕੰਮ ਦੇਣ, ਸਾਢੇ ਸਤਾਰਾਂ ਹੱਦਬੰਦੀ ਕਾਨੂੰਨ ਲਾਗੂ ਕਰਕੇ ਸਰਪਲੱਸ ਜ਼ਮੀਨਾਂ ਬੇਜ਼ਮੀਨਿਆਂ ਵਿੱਚ ਵੰਡਣ, ਕਿਸਾਨਾਂ ਤੇ ਮਜ਼ਦੂਰਾਂ ਦਾ ਸਮੁੱਚਾ ਕਰਜ਼ਾ ਖਤਮ ਕਰਨ, ਆਬਾਦਕਾਰਾਂ ਦਾ ਉਜਾੜਾ ਬੰਦ ਕਰਕੇ ਪੱਕੇ ਮਾਲਕੀ ਹੱਕ ਦੇਣ, ਬਿਜਲੀ ਵੰਡ ਕਾਨੂੰਨ-2022 ਰੱਦ ਕਰਨ ਆਦਿ ਮੰਗਾਂ ਤੁਰੰਤ ਮੰਨੀਆਂ ਜਾਣ। ਇਸ ਮੌਕੇ ਪ੍ਰਧਾਨ ਸਤਵਿੰਦਰ ਸਿੰਘ ਪੰਡੋਰੀ ਸਿੱਧਵਾਂ, ਹਰਭਿੰਦਰ ਸਿੰਘ, ਜਸਵਿੰਦਰ ਸਿੰਘ, ਲਖਬੀਰ ਸਿੰਘ, ਸੁਖਜਿੰਦਰ ਸਿੰਘ, ਡਾਕਟਰ ਜਸਵਿੰਦਰ ਸਿੰਘ, ਕਾਰਜ ਸਿੰਘ, ਬਾਬਾ ਬਲਜੀਤ ਸਿੰਘ, ਹੈਪੀ ਸ਼ਾਹ, ਜਗੀਰ ਸਿੰਘ, ਹਰਜੀਤ ਸਿੰਘ, ਗੱਜਣ ਸਿੰਘ, ਚਰਨਜੀਤ ਸਿੰਘ, ਕੰਵਲਜੀਤ ਸਿੰਘ, ਹਰਮਨਪ੍ਰੀਤ ਸਿੰਘ, ਪ੍ਰਗਟ ਸਿੰਘ, ਸ਼ਮਸ਼ੇਰ ਸਿੰਘ ਅਤੇ ਹਰਜੀਤ ਸਿੰਘ ਮੰਨਣ ਆਦਿ ਹਾਜ਼ਰ ਸਨ।

# ਮੁੜ ਬਹਾਲੀ ਦੀ ਮੰਗ ਨੂੰ ਲੈ ਕੇ ਜੀ ਓ ਜੀ ਟੀਮ ਨੇ ਸੌਂਪਿਆ ਮੰਗ ਪੱਤਰ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**

ਜੀਓਜੀ (ਗਾਰਡੀਅਨਜ਼ ਆਫ ਗਵਰਨੈਂਸ) ਸਕੀਮ ਨੂੰ ਸਰਕਾਰ ਨੇ ਬਿਨਾਂ ਨੋਟਿਸ ਦਿੱਤੇ 9 ਸਤੰਬਰ 2022 ਨੂੰ ਬਰਖ਼ਾਸਤ ਕਰ ਦਿੱਤਾ ਸੀ ਜਿਸ ਤੋਂ ਬਾਅਦ ਉਨ੍ਹਾਂ ਵੱਲੋਂ ਸਰਕਾਰ ਖਿਲਾਫ ਸੰਘਰਸ਼ ਕੀਤਾ ਗਿਆ ਸੀ ਅਤੇ ਹੁਣ ਇਨ੍ਹਾਂ ਸਾਬਕਾ ਫੌਜੀਆਂ ਅਤੇ ਸਰਕਾਰ ਵਿਚਾਲੇ ਸੁਝਾਵਾਂ ਦਾ ਦੌਰ ਚੱਲ ਰਿਹਾ ਹੈ ਜਿਸ ਦੇ ਚਲਦੇ ਜੀਓਜੀ ਟੀਮ ਤਹਸੀਲ ਡੇਰਾ ਬਾਬਾ ਨਾਨਕ ਵੱਲੋਂ ਕਰਨਲ ਅਮਰਜੀਤ ਸਿੰਘ ਭੁੱਲਰ ਦੀ ਅਗਵਾਈ 'ਚ ਸਾਲ ਦੇ ਪਹਿਲੇ ਦਿਨ ਹੀ ਚੰਗੇ ਦੀ ਕਾਮਨਾ ਕਰਦੇ ਹੋਏ ਅਹਿਮ ਮੀਟਿੰਗ ਕੀਤੀ ਗਈ ਅਤੇ ਇਸ ਮੀਟਿੰਗ 'ਚ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਨੂੰ ਬੁਲਾ ਕੇ ਇਨ੍ਹਾਂ ਸਾਬਕਾ ਫੌਜੀਆਂ ਨੇ ਆਪਣਾ ਪੱਖ ਰੱਖਦੇ ਹੋਏ ਕਿਹਾ ਕਿ ਜੋ ਉਨ੍ਹਾਂ ਨੂੰ ਜੀਓਜੀ, ਸਕੀਮ (ਖੁਸ਼ਹਾਲੀ ਦੇ ਰਾਖੇ) ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਉਸ ਕਾਰਨ ਸਮੂਹ ਸੈਨਿਕਾਂ ਦੇ ਸਵੈਮਾਨ ਨੂੰ ਇਹ ਕਹਿ ਕੇ ਠੇਸ ਪਹੁੰਚਾਈ ਗਈ ਹੈ ਕਿ ਜਿਸ ਮੰਤਵ ਲਈ ਇਨ੍ਹਾਂ ਨੂੰ ਨਿਯੁਕਤ ਕੀਤਾ ਗਿਆ ਸੀ, ਉਸ ਮੰਤਵ ਨੂੰ ਪੂਰਾ ਕਰਨ ਵਿੱਚ ਇਹ ਸਕੀਮ (ਜੀ. ਓ. ਜੀ.) ਅਸਫਲ ਰਹੀ ਹੈ। ਪਿਛਲੇ ਚਾਰ ਸਾਲਾਂ ਵਿਚ ਇਨ੍ਹਾਂ ਦਾ ਕੋਈ ਯੋਗਦਾਨ ਨਹੀਂ ਰਿਹਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਕੰਮ ਜੀਓਜੀ ਨੂੰ ਦਿੱਤਾ ਗਿਆ ਸੀ, ਉਹ ਅੱਖਾਂ ਨਾਲ ਵੇਖਣਾ ਅਤੇ ਕੰਨਾਂ ਨਾਲ ਸੁਣਨਾ ਅਤੇ ਜ਼ਮੀਨੀ ਹਕੀਕਤ ਨੂੰ ਸਰਕਾਰ ਦੇ ਧਿਆਨ ਵਿੱਚ ਲਿਆਉਣਾ ਸੀ। ਅਸਲ ਵਿੱਚ ਕੇਂਦਰ ਅਤੇ ਪੰਜਾਬ ਸਰਕਾਰ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰ ਰਹੇ ਪਰਿਵਾਰਾਂ ਲਈ ਜੋ 26 ਭਲਾਈ ਸਕੀਮਾਂ ਉਨ੍ਹਾਂ ਦਾ ਜੀਵਨ ਪੱਧਰ ਉਪਰ ਉਠਾਉਣ ਲਈ ਸਹਾਇਤਾ ਵਜੋਂ ਚਲਾਈਆਂ ਜਾ ਰਹੀਆਂ ਸਨ, ਨੇ ਮੰਗ ਰੱਖੀ ਕਿ ਸਰਕਾਰ ਜੀਓਜੀ ਸਕੀਮ ਨੂੰ ਮੁੜ ਜਲਦੀ ਬਹਾਲ ਕਰੇ। ਇਸ ਬਾਬਤ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਗੁਰਦੀਪ ਸਿੰਘ ਰੰਧਾਵਾ ਨੂੰ ਸਰਕਾਰ ਦੇ ਨਾਂਅ ਹੇਠ ਮੰਗ ਪੱਤਰ ਦਿੱਤਾ ਗਿਆ। ਗੁਰਦੀਪ ਸਿੰਘ ਰੰਧਾਵਾ ਦਾ ਕਹਿਣਾ ਸੀ ਕਿ ਇਸ ਮਾਮਲੇ ਨੂੰ ਉਹ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸਾਹਮਣੇ ਪੂਰੀ ਸ਼ਿੱਦਤ ਨਾਲ ਉਠਾਉਣਗੇ।



# ਭਗਤੀ ਭਾਵ ਨਾਲ ਨਵੇਂ ਸਾਲ ਦਾ ਕੀਤਾ ਆਗਾਜ਼



**ਫਿਲੌਰ, (ਨਿਰਮਲ)** ਸੰਤ ਨਿਰੰਕਾਰੀ ਭਵਨ ਬ੍ਰਾਂਚ ਫਿਲੌਰ ਵੱਲੋਂ ਵਿਸ਼ਵ ਸ਼ਾਂਤੀ ਦੀ ਕਾਮਨਾ ਕਰਦੇ ਹੋਏ ਭਗਤੀ ਭਾਵ ਨਾਲ ਨਵੇਂ ਸਾਲ ਦਾ ਆਗਾਜ਼ ਕੀਤਾ ਗਿਆ। ਸੰਤਾਂ-ਮਹਾਂਪੁਰਸ਼ਾਂ ਨੇ ਵਿਸ਼ਵ ਨੂੰ ਭਾਈਚਾਰੇ ਦਾ ਸੰਦੇਸ਼ ਦਿੰਦੇ ਹੋਏ 'ਏਕ ਕੋ ਜਾਣੋ, ਏਕ ਕੋ ਮਾਨੋ , ਏਕ ਹੋ ਜਾਓ' ਦੇ ਵਿਚਾਰ ਨੂੰ ਮੁੱਖ ਰੱਖਦੇ ਹੋਏ ਪ੍ਰਵਚਨ ਦਿੱਤੇ। ਇਸ ਮੌਕੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਰਜਿੰਦਰ ਸੰਧੂ ਅਤੇ ਰਘੂ ਅਰੋੜਾ ਨੇ ਹਾਜ਼ਰੀ ਲਗਵਾਈ ਅਤੇ ਆਏ ਹੋਏ ਸੰਤਾਂ-ਮਹਾਂਪੁਰਸ਼ਾਂ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਸੰਗਤ 'ਚ ਸੰਤ ਮਹਾਤਮਾ ਜਗਤਾਰ, ਕੁਲਵੰਤ ਜੀ, ਭੈਣ ਮੀਨੂ ਗਰੋਵਰ, ਕਿਰਨ, ਬਾਲ ਸੰਗਤ ਦੇ ਇੰਚਾਰਜ ਭੈਣ ਸ਼ਾਲੂ, ਸੁਖਵਿੰਦਰ, ਰਾਮ ਸਰੂਪ, ਲਖਵੀਰ, ਰਾਮ ਜੀ, ਪਰਮਜੀਤ ਸਿੰਘ, ਰਜਿੰਦਰ ਸਾਹਿਲ, ਦੀਪੂ, ਸੁਨੀਤਾ, ਸਿਮਰਨ ਕੌਰ, ਸੰਤੋਸ਼ ਕੁਮਾਰੀ ਹੇਮਲ, ਜਸ਼ਨ, ਨਿਤਪ੍ਰੀਤ, ਸੁਰਿੰਦਰ, ਗੁਰਦੇਵ ਸਿੰਘ, ਕੁਲਵੰਤ ਹਰੀਪੁਰ, ਚਰਨਾ ਦਾਸ, ਭੈਣ ਅੰਜਲੀ, ਬੌਬੀ, ਸੰਤ ਰਣਜੀਤ ਗੋਰਾ, ਸੁਰਜੀਤ, ਭੈਣ ਕਾਂਤਾ, ਮਾਧੋ ਰਾਮ ਤੇ ਡਾਕਟਰ ਅਮਨ ਮੌਜੂਦ ਸਨ।

# 'ਅਧਿਆਪਕਾਂ ਦੀਆਂ ਤਰੱਕੀਆਂ ਨਵੇਂ ਵਿੱਦਿਅਕ ਸ਼ੈਸ਼ਨ 'ਚ ਕੀਤੀਆਂ ਜਾਣ'

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**-ਇੱਕ ਪਾਸੇ ਪੰਜਾਬ ਸਰਕਾਰ ਦਾ ਸਿੱਖਿਆ ਵਿਭਾਗ ਵਧੀਆ ਸਲਾਨਾ ਨਤੀਜੇ ਪ੍ਰਾਪਤ ਕਰਨ ਲਈ 100 ਫੀਸਦੀ ਮਿਸ਼ਨ ਮੁਹਿੰਮ ਚਲਾ ਰਿਹਾ ਹੈ ਅਤੇ ਦੂਸਰੇ ਪਾਸੇ ਪੰਜਾਬ ਦੇ ਸਿੱਖਿਆ ਮੰਤਰੀ ਜਨਵਰੀ 2023 ਮਹੀਨੇ ਵਿੱਚ ਅਧਿਆਪਕਾਂ ਦੀਆਂ ਤਰੱਕੀਆਂ ਕਰਨ ਦੇ ਬਿਆਨ ਦੇ ਰਹੇ ਹਨ। ਸਰਕਾਰੀ ਸਕੂਲਾਂ ਵਿੱਚ ਪੜ੍ਹ ਰਹੇ ਵਿਦਿਆਰਥੀਆਂ ਦੇ ਮਾਪਿਆਂ ਦਾ ਕਹਿਣਾ ਹੈ ਕਿ ਸਰਕਾਰ ਦੋਗਲੀ ਨੀਤੀ ਅਪਣਾ ਰਹੀ ਹੈ। ਅਧਿਆਪਕਾਂ ਦੀਆਂ ਤਰੱਕੀਆਂ ਕਰਨ ਦਾ ਇਹ ਸਮਾਂ ਢੁੱਕਵਾਂ ਨਹੀਂ ਹੈ, ਕਿਉਂਕਿ 100 ਫੀਸਦੀ ਮਿਸ਼ਨ ਨੂੰ ਪੂਰਾ ਕਰਨ ਲਈ ਪੜ੍ਹਾਈ ਜੋਰਾਂ 'ਤੇ ਚਲ ਰਹੀ ਹੈ। ਇੱਥੋਂ ਤੱਕ ਕਿ ਕਈ ਅਧਿਆਪਕ ਸਰਦੀਆਂ ਦੀਆਂ ਛੁੱਟੀਆਂ ਵਿੱਚ ਵੀ ਆਨ-ਲਾਈਨ ਪੜ੍ਹਾ ਰਹੇ ਹਨ। ਇਮਤਿਹਾਨ ਸਿਰ 'ਤੇ ਹੋਣ ਕਾਰਨ ਅਧਿਆਪਕਾਂ ਦੀਆਂ ਤਰੱਕੀਆਂ ਕਰਨ ਨਾਲ ਪੜ੍ਹਾਈ ਦਾ ਬਹੁਤ ਨੁਕਸਾਨ ਹੋਵੇਗਾ। ਪ੍ਰਾਪਤ ਜਾਣਕਾਰੀ ਅਨੁਸਾਰ ਮਾਸਟਰ ਕੇਡਰ ਦੇ ਅਧਿਆਪਕਾਂ ਨੂੰ 4 ਜਨਵਰੀ 2023 ਨੂੰ ਦਸਤਾਵੇਜ ਚੈਕ ਕਰਨ ਲਈ ਮੁਹਾਲੀ ਵਿਖੇ ਬੁਲਾਇਆ ਗਿਆ ਹੈ। ਅਧਿਆਪਕਾਂ ਦੀ ਤਰੱਕੀ ਕਰਨੀ ਇੱਕ ਸ਼ਲਾਘਾਯੋਗ ਕਦਮ ਹੈ। ਪਰ ਜੇ ਸਰਕਾਰ ਅਧਿਆਪਕਾਂ ਦੀਆਂ ਤਰੱਕੀਆਂ ਅਗਲੇ ਵਿੱਦਿਅਕ ਸ਼ੈਸ਼ਨ ਵਿੱਚ ਅਪ੍ਰੈਲ ਮਹੀਨੇ ਵਿੱਚ ਕਰਦੀ ਹੈ ਤਾਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਕੋਈ ਨੁਕਸਾਨ ਨਹੀਂ ਹੋਵੇਗਾ। ਮਾਪਿਆਂ ਨੇ ਮੰਗ ਕੀਤੀ ਹੈ ਕਿ ਵਿਦਿਆਰਥੀਆਂ ਦੀ ਪੜ੍ਹਾਈ ਨੂੰ ਮੱਦੇਨਜ਼ਰ ਰੱਖਦੇ ਹੋਏ ਅਧਿਆਪਕਾਂ ਦੀਆਂ ਤਰੱਕੀਆਂ ਨਵੇਂ ਵਿੱਦਿਅਕ ਸ਼ੈਸ਼ਨ ਵਿੱਚ ਕੀਤੀਆਂ ਜਾਣ।

# ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਨੇ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ



**ਮੁਹਾਲੀ (ਗੁਰਜੀਤ ਬਿੱਲਾ)**

ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ, ਸੈਕਟਰ 39ਡੀ, ਚੰਡੀਗੜ੍ਹ ਦੀ ਸਮੂਹ ਕਮੇਟੀ ਅਤੇ ਇਲਾਕੇ ਦੀਆਂ ਸੰਗਤਾਂ ਨੇ ਦਸਮ ਪਿਤਾ, ਸਾਹਿਬ ਏ ਕਮਾਲ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਆਗਮਨ ਪੁਰਬ ਅਤੇ ਨਵੇਂ ਵਰ੍ਹੇ ਦੀ ਆਮਦ ਨੂੰ ਅੱਜ ਬੜੇ ਹੀ ਸ਼ਰਧਾਪੂਰਵਕ ਅਤੇ ਜੋਸ਼ੋ ਖਰੋਸ਼ ਨਾਲ ਮਨਾਇਆ ਗਿਆ। ਇਸ ਮੌਕੇ ਇਲਾਕਾ ਕੌਂਸਲਰ ਮੈਡਮ ਗੁਰਬਖਸ਼ ਰਾਵਤ, ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ, ਸੈਕਟਰ 40 ਦੇ ਪ੍ਰਧਾਨ ਦਲਵਿੰਦਰ ਸਿੰਘ ਸੈਣੀ, ਬਰਿੰਦਰ ਰਾਵਤ, ਰਕੇਸ਼ ਬਰੌਟੀਆ ਅਤੇ ਇੰਦਰਜੀਤ ਸਿੰਘ ਹੈਪੀ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਐਸੋਸੀਏਸ਼ਨ ਦੇ ਪ੍ਰਧਾਨ ਗੁਰਮੀਤ ਸਿੰਘ ਰਾਓ ਅਤੇ ਜਨਰਲ ਸਕੱਤਰ ਦਵਿੰਦਰ ਸਿੰਘ ਬੈਨੀਪਾਲ ਨੇ ਦੱਸਿਆ ਕਿ ਦਸਮ ਪਿਤਾ ਦੇ ਆਗਮਨ ਪੁਰਬ ਨੂੰ ਲੈ ਕੇ ਇਲਾਕੇ ਦੀਆਂ ਸੰਗਤਾਂ ਵਲੋਂ ਤਿੰਨ ਦਿਨਾਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੇ ਪਾਠ ਦੀ ਸ਼ੁਰੂਆਤ ਕੀਤੀ ਗਈ, ਜਿਨ੍ਹਾਂ ਦੇ ਅੱਜ ਭੋਗ ਪਾਏ ਗਏ । ਇਸ ਦੌਰਾਨ ਤਿੰਨ ਦਿਨਾਂ ਤੋਂ ਸੰਗਤਾਂ ਨੇ ਗੁਰੂ ਕੀ ਬਾਣੀ ਦਾ ਜਸ ਸਰਵਣ ਕੀਤਾ ਅਤੇ ਸੰਗਤਾਂ 'ਚ ਸੇਵਾ ਭਾਵਨਾ ਬੇਮਿਸਾਲ ਦੇਖਣ ਨੂੰ ਮਿਲੀ। ਉਨ੍ਹਾਂ ਦੱਸਿਆ ਕਿ ਅੱਜ ਵਿਸ਼ੇਸ਼ ਤੌਰ 'ਤੇ ਬਾਬਾ ਗੁਲਾਬ ਸਿੰਘ ਚਮਕੌਰ ਸਾਹਿਬ ਵਾਲਿਆਂ ਦੇ ਜਥੇ ਵੱਲੋਂ ਗੁਰੂ ਜਸ ਰਾਹੀਂ ਸੰਗਤਾਂ ਨੂੰ ਸ਼ਬਦ ਗੁਰੂ ਨਾਲ ਜੋੜਿਆ। ਇਸ ਦੌਰਾਨ ਉਨ੍ਹਾਂ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਅਤੇ ਪਰਿਵਾਰ ਵਿਛੋੜੇ ਅਤੇ ਸ਼ਹਾਦਤ ਦੇ ਇਤਿਹਾਸ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਇਸ ਉਪਰੰਤ ਆਨੰਦ ਸਾਹਿਬ ਦਾ ਪਾਠ ਅਤੇ ਅਰਦਾਸ ਕੀਤੀ ਗਈ। ਅਖੀਰ 'ਚ ਸਮੂਹ ਸੰਗਤ ਨੂੰ ਦੇਗ ਵਰਤਾਈ ਗਈ ਅਤੇ ਗ੍ਰੰਥੀ ਸਿੰਘ ਗੁਰਵਿੰਦਰ ਸਿੰਘ ਨੇ ਗੁਰੂ ਸਾਹਿਬ ਦੇ ਬਖਸ਼ੇ ਹੁਕਮਨਾਮੇ ਰਾਹੀਂ ਸਮੂਹ ਸੰਗਤਾਂ ਨੂੰ ਨਿਹਾਲ ਕੀਤਾ ਅਤੇ ਰੈਜ਼ੀਡੈਂਟਸ ਵੈਲਫੇਅਰ ਐਸੋਸੀਏਸ਼ਨ ਤੇ ਇਲਾਕੇ ਦੀਆਂ ਸੰਗਤਾਂ ਦੇ ਇਸ ਉਦਮ ਅਤੇ ਸੇਵਾ ਭਾਵਨਾ ਦੀ ਪ੍ਰਸੰਸਾ ਕੀਤੀ। ਇਸ ਦੌਰਾਨ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਇਸ ਮੌਕੇ ਐਸੋਸੀਏਸ਼ਨ ਵੱਲੋਂ ਬੱਚਿਆਂ ਦੇ ਵੱਖ ਵੱਖ ਉਮਰ ਵਰਗ ਦੇ ਦਸਤਾਰਬੰਦੀ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਦੇ ਜੇਤੂਆਂ ਨੂੰ ਇਨਾਮ ਦੇ ਸਨਮਾਨਤ ਕੀਤਾ ਗਿਆ।

# ਲੁਟੇਰਿਆਂ ਵੱਲੋਂ ਏ ਟੀ ਐੱਮ ਲੁੱਟਣ ਦੀ ਕੋਸ਼ਿਸ਼

**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-




ਕਸਬਾ ਭਿੱਖੀਵਿੰਡ ਵਿਖੇ ਬੀਤੀ ਰਾਤ ਲੁਟੇਰਿਆਂ ਵੱਲੋਂ ਬੈਂਕ ਦਾ ਏਟੀਐੱਮ ਤੋੜਨ ਦੀ ਕੋਸ਼ਿਸ਼ ਕੀਤੇ ਜਾਣ ਦੀ ਖਬਰ ਸਾਹਮਣੇ ਆਈ ਹੈ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਖੇਮਕਰਨ ਰੋਡ 'ਤੇ ਬਣੇ ਐੱਚਡੀਐੱਫਸੀ ਬੈਂਕ ਦੇ ਏਟੀਐੱਮ ਨੂੰ ਬੀਤੀ ਰਾਤ ਅਣਪਛਾਤੇ ਲੁਟੇਰਿਆਂ ਵੱਲੋਂ ਲੁੱਟਣ ਦੀ ਕੋਸ਼ਿਸ਼ ਕਰਨ ਸਬੰਧੀ ਜਾਣਕਾਰੀ ਦਿੰਦਿਆਂ ਥਾਣਾ ਭਿੱਖੀਵਿੰਡ ਦੇ ਮੁਖੀ ਚਰਨ ਸਿੰਘ ਨੇ ਦੱਸਿਆ ਕਿ ਸਵੇਰੇ ਤੜਕਸਾਰ ਕਰੀਬ 4 ਵਜੇ ਅਣਪਛਾਤੇ ਲੁਟੇਰਿਆਂ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਜਾ ਰਿਹਾ ਸੀ। ਜਦੋਂ ਪੀਸੀਆਰ ਮੁਲਾਜ਼ਮਾਂ ਨੇ ਦੌਰਾਨੇ ਗਸ਼ਤ ਬੈਂਕ ਨਜ਼ਦੀਕ ਹੂਟਰ ਮਾਰਿਆ ਤਾਂ ਅਣਪਛਾਤੇ ਲੁਟੇਰੇ ਮੌਕੇ ਤੋਂ ਦੌੜ ਗਏ। ਚਰਨ ਸਿੰਘ ਨੇ ਦੱਸਿਆ ਕਿ ਏਟੀਐੱਮ ਦੀ ਲੁੱਟ ਹੋਣ ਤੋਂ ਬਚਾਅ ਹੋ ਗਿਆ ਹੈ।

# ਬੇਲਾ ਕਾਲਜ 'ਚ ਮਨਾਇਆ ਰਾਸ਼ਟਰੀ ਗਣਿਤ ਦਿਵਸ



**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਅਮਰ ਸ਼ਹੀਦ ਬਾਬਾ ਅਜੀਤ ਸਿੰਘ ਜੁਝਾਰ ਸਿੰਘ ਮੈਮੋਰੀਅਲ ਕਾਲਜ, ਬੇਲਾ, ਰੋਪੜ ਵਿਖੇ ਪੋਸਟ ਗ੍ਰੈਜੂਏਟ ਗਣਿਤ ਵਿਭਾਗ ਦੀ ਮੈਥ ਉਲੰਪਿਕ ਐਸੋਸੀਏਸ਼ਨ ਵੱਲੋਂ "ਰਾਸ਼ਟਰੀ ਗਣਿਤ ਦਿਵਸ" ਮਨਾਇਆ ਗਿਆ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਵਿਭਾਗ ਮੁਖੀ ਡਾ. ਅਨਖ ਸਿੰਘ ਨੇ ਦੱਸਿਆ ਕਿ ਇਹ ਦਿਨ ਭਾਰਤ ਦੇ ਮਹਾਨ ਗਣਿਤ ਵਿਗਿਆਨੀ ਸ੍ਰੀਨਿਵਾਸ ਰਾਮਾਨੁਜਨ ਦੇ ਜਨਮ ਦਿਨ ਨੂੰ, ਉਨ੍ਹਾ ਦੇ ਗਣਿਤ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਨੂੰ ਯਾਦ ਕਰਨ ਲਈ ਮਨਾਇਆ ਜਾਂਦਾ ਹੈ । ਇਸ ਮੌਕੇ ਡਾ. ਅਨਖ ਸਿੰਘ ਵੱਲੋਂ ਵਿਦਿਆਰਥੀਆਂ ਨੂੰ ਸ੍ਰੀਨਿਵਾਸ ਰਾਮਾਨੁਜਨ ਦੀ ਜੀਵਨੀ 'ਤੇ ਅਧਾਰਤ ਵਿਸ਼ੇਸ਼ ਲੈਕਚਰ ਦਿੱਤਾ ਗਿਆ। ਇਸ ਉਪਰੰਤ ਗਣਿਤ ਕੁਇਜ਼, ਗਣਿਤ ਸਕੈਵੇਂਜਰ ਹੰਟ, ਮੈਥੇਮੈਟਿਕਸ ਡਿਲਾਇਮਾ ਅਤੇ ਕੁਝ ਮਨੋਰੰਜਕ ਖੇਡਾਂ ਕਰਵਾਈਆਂ ਗਈਆਂ। ਇਸ ਪ੍ਰੋਗਰਾਮ ਵਿੱਚ ਵੱਖ- ਵੱਖ ਵਿਭਾਗਾਂ ਦੇ 50 ਤੋਂ ਵੱਧ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਮੌਕੇ ਵਿਦਿਆਰਥੀਆਂ ਦੇ ਸਨਮੁੱਖ ਹੁੰਦਿਆਂ ਕਾਲਜ ਪ੍ਰਿੰਸੀਪਲ ਡਾ. ਸਤਵੰਤ ਕੌਰ ਸ਼ਾਹੀ ਨੇ ਕਿਹਾ , ਸ੍ਰੀਨਿਵਾਸ ਰਾਮਾਨੁਜਨ ਨੇ ਆਪਣੀ ਛੋਟੀ ਉਮਰੇ ਅੱਤ ਦੀ ਗਰੀਬੀ ਅਤੇ ਕਠਿਨਾਈਆਂ ਦਾ ਸਾਹਮਣਾ ਕਰਦਿਆਂ ਦੁਨੀਆ ਭਰ ਵਿੱਚ ਭਾਰਤ ਦਾ ਨਾਂਅ ਰੌਸ਼ਨ ਕੀਤਾ ਅਤੇ ਯੁਵਾ ਪੀੜ੍ਹੀ ਨੂੰ ਅਜਿਹੀਆਂ ਸ਼ਖ਼ਸੀਅਤਾਂ ਤੋਂ ਪ੍ਰੇਰਨਾ ਲੈਣ ਦੀ ਲੋੜ ਹੈ। ਉਨ੍ਹਾਂ ਇਹ ਵੀ ਕਿਹਾ ਕਿ ਰਾਮਾਨੁਜਨ ਦੁਨੀਆ ਭਰ ਵਿੱਚ ਪ੍ਰਸਿੱਧ ਹੋਣ ਦੇ ਬਾਵਜੂਦ ਆਪਣੇ ਮੂਲ ਨਾਲ ਜੁੜੇ ਹੋਏ ਸਨ ਅਤੇ ਅਜੋਕੇ ਸਮੇਂ ਦੇ ਵਿਦਿਆਰਥੀਆਂ ਨੂੰ ਵੀ ਇਸ ਤੋਂ ਸਿੱਖਣਾ ਚਾਹੀਦਾ ਹੈ। ਇਸ ਮੌਕੇ ਡਾ. ਮਮਤਾ ਅਰੋੜਾ, ਅਸਿ.ਪ੍ਰੋ.ਰਵੀਨਾ ਸੈਣੀ, ਅਸਿ.ਪ੍ਰੋ.ਰੁਪਿੰਦਰ ਕੌਰ, ਅਸਿ.ਪ੍ਰੋ.ਕਿਰਨਦੀਪ ਕੌਰ, ਅਸਿ.ਪ੍ਰੋ.ਸਪਿੰਦਰ ਕੌਰ ਹਾਜ਼ਰ ਸਨ।

# 'ਆਪ' ਸਰਕਾਰ ਦੀਆਂ ਨੀਤੀਆਂ ਤੋਂ ਲੋਕ ਪ੍ਰਭਾਵਤ ਹੋਏ : ਸ਼ਮਸ਼ੇਰ ਸਿੰਘ

**ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)**

ਨਵੇਂ ਸਾਲ ਦੇ ਮੌਕੇ 'ਤੇ ਆਮ ਆਦਮੀ ਪਾਰਟੀ ਹਲਕਾ ਦੀਨਾਨਗਰ ਦੇ ਅਹੁਦੇਦਾਰਾਂ ਅਤੇ ਵਲੰਟੀਅਰਾਂ ਦੀ ਇਕ ਵਿਸ਼ੇਸ਼ ਮੀਟਿੰਗ ਪਾਰਟੀ ਦਫਤਰ ਵਿਖੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਡੀ ਗਿਣਤੀ ਵਿੱਚ ਪਾਰਟੀ ਦੇ ਅਹੁਦੇਦਾਰਾਂ ਅਤੇ ਵਲੰਟੀਅਰਾਂ ਨੇ ਭਾਗ ਲਿਆ।

ਮੀਟਿੰਗ ਦੌਰਾਨ ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਸੰਬੰਧੀ ਵਿਚਾਰਾਂ ਕੀਤੀਆਂ ਗਈਆਂ ਅਤੇ ਪਾਰਟੀ ਦੀਆਂ ਨੀਤੀਆਂ ਤੇ ਪ੍ਰਾਪਤੀਆਂ ਨੂੰ ਘਰ-ਘਰ ਪਹੁੰਚਾਉਣ ਦੀ ਯੋਜਨਾਬੰਦੀ ਕੀਤੀ ਗਈ। ਇਸ ਮੌਕੇ ਸੰਬੋਧਨ ਕਰਦਿਆਂ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀਆਂ ਲੋਕ ਹਿਤੈਸ਼ੀ ਨੀਤੀਆਂ ਕਾਰਨ ਵਿਧਾਨ ਸਭਾ ਹਲਕਾ ਦੀਨਾਨਗਰ ਅੰਦਰ ਪਾਰਟੀ ਪਹਿਲਾਂ ਨਾਲੋਂ ਮਜ਼ਬੂਤ ਹੋਈ ਹੈ ਅਤੇ ਲੋਕ ਲਗਾਤਾਰ ਦੂਸਰੀਆਂ ਪਾਰਟੀਆਂ ਨੂੰ ਛੱਡ ਕੇ ਆਮ ਆਦਮੀ ਪਾਰਟੀ ਨਾਲ ਜੁੜ ਰਹੇ ਹਨ। ਆਮ ਆਦਮੀ ਪਾਰਟੀ ਵੱਲੋਂ ਕੀਤੇ ਗਏ ਵਾਅਦੇ ਮੁਤਾਬਕ ਘਰੇਲੂ ਵਰਤੋਂ ਲਈ ਬਿਜਲੀ ਦੇ 600 ਯੂਨਿਟ ਪ੍ਰਤੀ ਬਿੱਲ ਮੁਆਫੀ ਗੰਨੇ ਦੀ ਬਕਾਇਆ ਰਾਸ਼ੀ ਦੀ ਅਦਾਇਗੀ, ਝੋਨੇ ਦੀ ਖਰੀਦ ਤੋਂ 24 ਘੰਟੇ ਅੰਦਰ ਰਾਸ਼ੀ ਦੀ ਅਦਾਇਗੀ,



ਪੁਰਾਣੀ ਪੈਨਸਨ ਬਹਾਲ ਕਰਨੀ ਵਰਗੇ ਚੁੱਕੇ ਗਏ ਕਦਮਾਂ ਨੇ ਲੋਕਾਂ ਅੰਦਰ ਪਾਰਟੀ ਪ੍ਰਤੀ ਵੱਡਾ ਭਰੋਸਾ ਪੈਦਾ ਕੀਤਾ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਪਾਰਟੀ ਵੱਲੋਂ ਹੋਰ ਵੀ ਅਨੇਕਾਂ ਲੋਕ ਹਿਤੂ ਫੈਸਲੇ ਲਏ ਜਾਣਗੇ। ਉਨ੍ਹਾ ਦੱਸਿਆ ਕਿ ਸਿਹਤ ਸਹੂਲਤਾਂ ਪ੍ਰਦਾਨ ਕਰਨ ਲਈ ਖੋਲ੍ਹੇ ਗਏ ਆਮ ਆਦਮੀ ਕਲੀਨਿਕ ਵੀ 26 ਜਨਵਰੀ ਨੂੰ ਲੋਕਾਂ ਦੇ ਹਵਾਲੇ ਕਰ ਦਿੱਤੇ ਜਾਣਗੇ, ਜਿਸ ਨਾਲ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਮਿਲਣਗੀਆਂ। ਉਹਨਾ ਅਹੁਦੇਦਾਰਾਂ ਅਤੇ ਵਲੰਟੀਅਰਾਂ ਨੂੰ ਕਿਹਾ ਕਿ ਉਹ ਪਾਰਟੀ ਦੀਆਂ ਨੀਤੀਆਂ ਅਤੇ ਕੰਮਾਂ ਨੂੰ ਲੋਕਾਂ ਤੱਕ ਪਹੁੰਚਾਉਣ ਅਤੇ ਸਰਕਾਰੀ ਯੋਜਨਾਵਾਂ ਦਾ ਲੋਕਾਂ ਨੂੰ ਬਿਨਾਂ ਕਿਸੇ ਭੇਦਭਾਵ ਲਾਭ ਦਿਵਾਉਣ।

ਇਸ ਮੌਕੇ ਮਨਮੋਹਨ ਸਿੰਘ ਧਮਰਾਈ, ਪਰਦੀਪ ਠਾਕੁਰ, ਪਰਮਿੰਦਰ ਸਿੰਘ ਬਿੱਟੂ, ਨਿਸ਼ਾਨ ਸਿੰਘ ਗੁੰਝੀਆਂ, ਅਮਨਦੀਪ ਭੂਣ, ਬਲਵਿੰਦਰ ਕੁਮਾਰ, ਦੀਪਕ ਕੁਮਾਰ, ਗੁਰਬਖਸ ਸਿੰਘ, ਵਿਜੇ ਕੁਮਾਰ, ਰਾਜ ਕੁਮਾਰ, ਕਸ਼ਮੀਰਾ, ਅਰਵਿੰਦਰ ਕੁਮਾਰ, ਸਾਂਝੀ ਰਾਮ, ਸ਼ਿਸ਼ੂ ਪਾਲ, ਮਲਕੀਤ ਸਿੰਘ ਥੰਮਣ, ਰਮੇਸ਼ ਕੁਮਾਰ, ਰਵੀ ਭੱਟੀ, ਬਲਵਿੰਦਰ ਸਿੰਘ, ਸੂਬਾ ਸਿੰਘ, ਰਣਜੀਤ ਸਿੰਘ, ਸੁਖਜਿੰਦਰ ਸਿੰਘ, ਜਸਵਿੰਦਰ ਸਿੰਘ, ਜਸਵੀਰ ਸਿੰਘ, ਸੁਖਵਿੰਦਰ ਸਿੰਘ, ਐੱਸ ਪੀ ਸਿੰਘ, ਸਿਮਰਜੀਤ ਸਿੰਘ ਸੇਖਾ, ਰੇਸ਼ਮ ਸਿੰਘ, ਗੁਰਨਾਮ ਸਿੰਘ, ਜਗੀਰ ਸਿੰਘ, ਡੇਜੀ ਸਿੰਘ ਅਤੇ ਜੋਬਨਜੀਤ ਸਿੰਘ ਦੇ ਇਲਾਵਾ ਵੱਡੀ ਗਿਣਤੀ 'ਚ ਪਾਰਟੀ ਦੇ ਅਹੁਦੇਦਾਰ ਤੇ ਵਲੰਟੀਅਰ ਹਾਜ਼ਰ ਸਨ।

# ਬਾਬਾ ਬਲਵੰਤ ਸਿੰਘ ਦੁਧਾਧਾਰੀ ਦੇ ਦਰਬਾਰ 'ਤੇ ਕਰਵਾਇਆ ਸਮਾਗਮ



**ਨੂਰਮਹਿਲ (ਬਾਲੀ)**

ਪਿੰਡ ਖੁਵਾਜਕੇ ਵਿਖੇ ਬਾਬਾ ਬਲਵੰਤ ਸਿੰਘ ਦੁਧਾਧਾਰੀ ਦੇ ਦਰਬਾਰ 'ਤੇ ਮੁੱਖ ਸੇਵਾਦਾਰ ਬਾਬਾ ਗੁਰਮੀਤ ਸਿੰਘ ਦੀ ਰਹਿਨੁਮਾਈ ਹੇਠ ਬਾਬਾ ਜੀ ਦੀ ਯਾਦ ਵਿੱਚ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬਾਬਾ ਬਲਦੇਵ ਸਿੰਘ ਮੁੱਖ ਸੇਵਾਦਾਰ ਗੁਰਦੁਆਰਾ ਬਾਬਾ ਬਗਾ ਸਿੰਘ ਵੱਲੋਂ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ। ਲੋਕ ਰਾਜ ਪਾਰਟੀ ਦੇ ਕੌਮੀ ਪ੍ਰਧਾਨ ਬਲਕਾਰ ਸਿੰਘ ਮੰਗਲੀ ਅਤੇ ਯੂਥ ਵਿੰਗ ਦੇ ਕੌਮੀ ਪ੍ਰਧਾਨ ਵਿਸ਼ਾਲ ਅਰੋੜਾ ਨੂੰ ਸਿਰੋਪਾਉ ਦੇ ਕੇ ਸਨਮਾਨਤ ਕੀਤਾ ਗਿਆ।

ਇਸ ਮੌਕੇ ਸ਼ਿੰਗਾਰਾ ਸਿੰਘ, ਕੁਲਵਿੰਦਰ ਸਿੰਘ ਖੁਆਜਕੇ, ਨਿਰਮਲ ਸਿੰਘ ਹੈੱਡ ਗ੍ਰੰਥੀ, ਜਰਨੈਲ ਸਿੰਘ, ਪਿਆਰਾ ਸਿੰਘ, ਸੋਨੀ, ਲਾਡੀ, ਛਮਾ, ਨਵਦੀਪ ਸਿੰਘ, ਹਰਬੰਸ ਸਿੰਘ, ਪ੍ਰਿੰਸੀਪਲ ਪਿਆਰਾ ਸਿੰਘ, ਰਾਜਵਿੰਦਰ ਸਿੰਘ ਜਿੰਦੀ ਆਦਿ ਸੇਵਾਦਾਰਾਂ ਨੇ ਸੇਵਾ ਕੀਤੀ ਅਤੇ ਸਮੂਹ ਇਲਾਕਾ ਨਿਵਾਸੀ ਸੰਗਤਾਂ ਨੇ ਸ਼ਮੂਲੀਅਤ ਕੀਤੀ।

# ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਤੇ ਘੱਟ ਗਿਣਤੀ ਵਰਗ ਲਈ ਪੰਜਾਬ ਸਰਕਾਰ ਨੇ ਕੀਤੇ ਵੱਡੇ ਉਪਰਾਲੇ

**ਚੰਡੀਗੜ੍ਹ, (ਗੁਰਜੀਤ ਬਿੱਲਾ)**

ਸੂਬੇ ਦੇ ਲੋਕਾਂ ਨੂੰ ਆਨਲਾਈਨ ਸਹੂਲਤਾਂ ਮੁਹੱਈਆ ਕਰਵਾਉਣ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇੱਕ ਨਿਵੇਕਲੀ ਪਹਿਲਕਦਮੀ ਕਰਦਿਆਂ ਪੰਜਾਬ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਸੰਬੰਧੀ ਨਵੇਂ ਸਾਲ ਤੋਂ ਅਰਜ਼ੀਆਂ ਸੰਬੰਧੀ ਸਮੁੱਚੀ ਪ੍ਰਕਿਰਿਆ ਪੋਰਟਲ 'ਤੇ ਸ਼ੁਰੂ ਕਰਕੇ ਇੱਕ ਵੱਡਾ ਉੱਦਮ ਕੀਤਾ ਗਿਆ। ਅਸ਼ੀਰਵਾਦ ਸਕੀਮ ਨੂੰ ਹੋਰ ਸੁਖਾਲਾ ਅਤੇ ਪਾਰਦਰਸ਼ੀ ਢੰਗ ਨਾਲ ਲਾਗੂ ਕਰਨ ਲਈ 1 ਜਨਵਰੀ, 2023 ਤੋਂ ਇਸ ਸਕੀਮ ਅਧੀਨ ਸਾਰੀਆਂ ਅਰਜ਼ੀਆਂ ਆਨਲਾਈਨ ਪ੍ਰਾਪਤ ਕੀਤੀਆਂ ਜਾਣਗੀਆਂ। ਲਾਭਪਾਤਰੀ ਅਸੀਰਵਾਦ ਸਕੀਮ ਦਾ ਲਾਭ ਲੈਣ ਲਈ http://ashirwad.punjab.gov.in ਪੋਰਟਲ ਤੇ ਅਪਲਾਈ ਕਰ ਸਕਦਾ ਹੈ। ਸਮਾਜਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਡਾ.ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦਾ ਵਿੱਦਿਅਕ, ਸਮਾਜਕ ਅਤੇ ਆਰਥਕ ਵੱਖ ਵੱਖ ਸਕੀਮਾਂ ਲਾਗੂ ਕੀਤੀਆਂ ਗਈਆਂ। ਇਸ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਮਾਜਕ ਨਿਆਂ, ਅਧਿਕਾਰਤਾ ਅਤੇ ਘੱਟ ਗਿਣਤੀ ਮੰਤਰੀ ਨੇ ਦੱਸਿਆ ਕਿ ਸਰਕਾਰ ਵੱਲੋਂ ਅਸ਼ੀਰਵਾਦ ਸਕੀਮ ਤਹਿਤ ਅਨੁਸੂਚਿਤ ਜਾਤੀਆਂ ਦੇ 19646 ਲਾਭਪਾਤਰੀਆਂ ਨੂੰ ਅਤੇ ਪਛੜੀਆਂ ਸ਼੍ਰੇਣੀਆਂ ਅਤੇ ਆਰਥਕ ਤੌਰ 'ਤੇ ਕਮਜ਼ੋਰ ਵਰਗਾਂ ਦੇ 12090 ਲਾਭਪਾਤਰੀਆਂ ਕੁੱਲ 31736 ਲਾਭਪਾਤਰੀਆਂ ਨੂੰ 161.61 ਕਰੋੜ ਰੁਪਏ ਦੀ ਰਾਸ਼ੀ ਵੰਡੀ ਜਾ ਚੁੱਕੀ ਹੈ। ਡਾ.ਬਲਜੀਤ ਕੌਰ ਨੇ ਦੱਸਿਆ ਕਿ ਪੋਸਟ ਮੈਟ੍ਰਿਕ ਸਕਾਲਰਸ਼ਿਪ ਫਾਰ ਐਸ ਸੀ ਸਟੂਡੈਂਟਸ ਸਕੀਮ ਤਹਿਤ 1,95,139 ਵਿਦਿਆਰਥੀਆਂ ਲਈ 184.04 ਕਰੋੜ ਰੁਪਏ ਜਾਰੀ ਕੀਤੇ ਗਏ। ਇਸ ਸਕੀਮ ਤਹਿਤ ਵਿਦਿਆਰਥੀਆਂ ਵੱਲੋਂ ਵਿੱਦਿਅਕ ਸੈਸ਼ਨ 2022-23 ਦੌਰਾਨ ਅਪਲਾਈ ਕਰਨ ਲਈ ਡਾ.ਅੰਬੇਡਕਰ ਸਕਾਲਰਸ਼ਿਪ ਪੋਰਟਲ ਮਿਤੀ 08-06-2022 ਤੋਂ ਖੋਲ੍ਹਿਆ ਗਿਆ, ਜਿਸ ਤੇ ਮਿਤੀ 22-12-2022 ਤੱਕ 2,42,463 ਵਿਦਿਆਰਥੀਆਂ ਵੱਲੋਂ ਅਪਲਾਈ ਕੀਤਾ ਗਿਆ ਹੈ। ਇਨ੍ਹਾਂ ਵਿਦਿਆਰਥੀਆਂ ਦੀ ਪੂਰੀ ਫੀਸ ਅਤੇ ਵਜ਼ੀਫਾ ਰਾਸ਼ੀ ਸਰਕਾਰ ਵੱਲੋਂ ਦਿੱਤੀ ਜਾਵੇਗੀ। ਕੈਬਨਿਟ ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਨੌਜਵਾਨਾਂ ਨੂੰ ਆਤਮ ਨਿਰਭਰ ਬਣਾਉਣ ਦੇ ਮਕਸਦ ਨਾਲ ਨਿਊ ਵੋਕੇਸ਼ਨਲ ਟਰੇਨਿੰਗ ਇੰਨ ਆਈ ਟੀ ਆਈਜ਼ ਸਕੀਮ ਤਹਿਤ 1744 ਸਿਖਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਗਈ। ਪ੍ਰੀ-ਮੈਟ੍ਰਿਕ, ਪੋਸਟ ਮੈਟ੍ਰਿਕ ਅਤੇ ਮੈਰਿਟ ਕਮ ਮੀਨਸ ਬੇਸਡ ਸਕਾਲਰਸ਼ਿਪ ਸਕੀਮ ਤਹਿਤ ਘੱਟ ਗਿਣਤੀ ਵਰਗ ਨਾਲ ਸੰਬੰਧਤ 556857 ਵਿਦਿਆਰਥੀਆਂ ਨੂੰ 109.66 ਕਰੋੜ ਰੁਪਏ ਦੀ ਰਾਸ਼ੀ ਡੀ ਬੀ ਟੀ ਮੈਡ ਰਾਹੀਂ ਸਕਾਲਰਸ਼ਿਪ ਵਜੋਂ ਦਿੱਤੀ ਗਈ। ਪੰਜਾਬ ਅਨੁਸੂਚਿਤ ਜਾਤੀਆਂ ਤੇ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਰਾਹੀਂ ਅਨੁਸੂਚਿਤ ਜਾਤੀਆਂ ਦੇ 242 ਲਾਭਪਾਤਰੀਆਂ ਨੂੰ ਸੈਲਫ ਇੰਪਲਾਇਮੈਂਟ ਸਕੀਮਾਂ ਅਧੀਨ 4.85 ਕਰੋੜ ਰੁਪਏ ਦੇ ਕਰਜ਼ੇ ਅਤੇ 0.06 ਕਰੋੜ ਰੁਪਏ ਦੀ ਸਬਸਿਡੀ ਦੀ ਰਕਮ ਵੰਡੀ ਗਈ। ਪੰਜਾਬ ਪਛੜੀਆਂ ਸ਼੍ਰੇਣੀਆਂ ਤੇ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਵੱਲੋਂ ਸੈਲਫ ਇੰਪਲਾਇਮੈਂਟ ਸਕੀਮਾਂ ਅਧੀਨ 135 ਲਾਭਪਾਤਰੀਆਂ ਨੂੰ 2.86 ਕਰੋੜ ਰੁਪਏ ਦੇ ਕਰਜੇ ਦੀ ਰਕਮ ਵੰਡੀ। ਉਨ੍ਹਾ ਦੱਸਿਆ ਕਿ ਅੰਬੇਡਕਰ ਇੰਸਟੀਚਿਊਟ ਆਫ ਕਰੀਅਰਜ਼ ਐਂਡ ਕੋਰਸਿਜ਼ ਸੰਸਥਾ, ਐਸ ਏ ਐਸ ਨਗਰ ਵਿਖੇ ਸਾਲ ਦੌਰਾਨ ਆਈ ਏ ਐਸ ਪੀ ਸੀ ਐਸ ਅਤੇ ਬੈਂਕ ਪੀ ਓ ਦੇ ਪ੍ਰੀਲਿਮਨਰੀ ਇਗਜ਼ਾਮੀਨੇਸ਼ਨ ਵਾਸਤੇ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਘੱਟ ਗਿਣਤੀ ਵਰਗ ਦੇ 102 ਵਿਦਿਆਰਥੀਆਂ ਨੂੰ ਕੋਚਿੰਗ ਦਿੱਤੀ ਜਾ ਰਹੀ ਹੈ। ਸਟੈਨੋਗ੍ਰਾਫੀ ਸਿਖਲਾਈ ਸਕੀਮ ਅਧੀਨ ਪੰਜਾਬੀ ਅਤੇ ਅੰਗਰੇਜ਼ੀ ਭਾਸ਼ਾ ਦੇ ਕੁੱਲ 67 ਵਿਦਿਆਰਥੀਆਂ ਨੂੰ ਟ੍ਰੇਨਿੰਗ ਦਿੱਤੀ ਜਾ ਰਹੀ ਹੈ। ਇਨ੍ਹਾਂ ਵਿਦਿਆਰਥੀਆਂ ਨੂੰ ਸੰਸਥਾ ਵਿੱਚ ਮੁਫਤ ਰਿਹਾਇਸ਼ ਅਤੇ ਖਾਣ ਪੀਣ ਦਾ ਉਪਬੰਧ ਕੀਤਾ ਗਿਆ। ਵਜ਼ੀਫੇ ਵਜੋਂ 1500/-ਰੁਪਏ ਪ੍ਰਤੀ ਮਹੀਨਾ ਦਿੱਤਾ ਗਿਆ। ਮੰਤਰੀ ਨੇ ਦੱਸਿਆ ਕਿ ਪੰਜਾਬ ਦੇ ਹਰ ਜ਼ਿਲ੍ਹੇ ਵਿੱਚ ਡਾ.ਬੀ ਆਰ ਅੰਬੇਡਕਰ ਭਵਨ ਸਥਾਪਤ ਕਰਨ ਦਾ ਫੈਸਲਾ ਲਿਆ ਗਿਆ ਸੀ ਤਾਂ ਜੋ ਅਨੁਸੂਚਿਤ ਜਾਤੀਆਂ, ਪਛੜੀਆਂ ਸ਼੍ਰੇਣੀਆਂ ਅਤੇ ਹੋਰ ਗਰੀਬ ਵਰਗ ਦੇ ਲੋਕਾਂ ਲਈ ਸਿੰਗਲ ਵਿੰਡੋ ਇੱਕ ਛੱਤ ਹੇਠ ਸਹੂਲਤਾਂ ਮੁਹੱਈਆ ਕਰਵਾਈਆਂ ਜਾਣ। ਹੁਣ ਤੱਕ 17 ਜ਼ਿਲ੍ਹਿਆਂ ਵਿੱਚ ਡਾ.ਬੀ ਆਰ ਅੰਬੇਡਕਰ ਭਵਨ ਦੀ ਸਥਾਪਨਾ ਕੀਤੀ ਗਈ ਹੈ। ਬਾਕੀ ਰਹਿੰਦੇ 6 ਜ਼ਿਲ੍ਹਿਆਂ ਵਿੱਚ (ਐਸ ਏ ਐਸ ਨਗਰ, ਬਰਨਾਲਾ ਅਤੇ ਮਲੇਰਕੋਟਲਾ) ਡਾ. ਅੰਬੇਡਕਰ ਭਵਨ ਸਥਾਪਤ ਕਰਨ ਲਈ ਜ਼ਮੀਨ ਦਾ ਪ੍ਰਬੰਧ ਕਰਨ ਲਈ ਉਪਰਾਲੇ ਕੀਤੇ ਜਾ ਰਹੇ ਹਨ। ਇਨ੍ਹਾਂ ਵਿੱਚੋਂ ਜ਼ਿਲ੍ਹਾ ਪਠਾਨਕੋਟ, ਤਰਨ ਤਾਰਨ ਅਤੇ ਫਾਜ਼ਿਲਕਾ ਵਿਖੇ ਜ਼ਮੀਨ ਦਾ ਪ੍ਰਬੰਧ ਹੋ ਚੁੱਕਾ ਹੈ।

# ਸੇਂਟ ਸੋਲਜਰ ਨੇ ਸ਼ਰਧਾਪੂਰਵਕ ਮਨਾਇਆ ਪ੍ਰਕਾਸ਼ ਪੁਰਬ

**ਜਲੰਧਰ, (ਇਕਬਾਲ ਸਿੰਘ ਉੱਭੀ)**

ਸੇਂਟ ਸੋਲਜਰ ਡਿਵਾਈਨ ਪਬਲਿਕ ਸਕੂਲ, ਅਰਜੁਨ ਨਗਰ ਬ੍ਰਾਂਚ ਦੇ ਸਟਾਫ ਵੱਲੋਂ 10ਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪ੍ਰਕਾਸ਼ ਦਿਹਾੜਾ ਸ਼ਰਧਾਪੂਰਵਕ ਮਨਾਇਆ ਗਿਆ। ਇਸ ਮੌਕੇ ਸਕੂਲ ਪ੍ਰਿੰਸੀਪਲ ਮਨੀਸ਼ ਅਰੋੜਾ ਅਤੇ ਸਟਾਫ ਨੇ ਗੁਰੂ ਸਾਹਿਬ ਦੀ ਤਸਵੀਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਦੇ ਹੋਏ ਅਰਦਾਸ ਕਰਦੇ ਹੋਏ ਸਭ ਦੀ ਤਰੱਕੀ ਦੀ ਕਾਮਨਾ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਅਰੋੜਾ ਨੇ ਸਟਾਫ ਨੂੰ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ ਤੇ ਗੁਰੂ ਜੀ ਦੇ ਜੀਵਨ ਸਬੰਧੀ ਸੰਖੇਪ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰੂ ਗੋਬਿੰਦ ਸਿੰਘ ਜੀ ਸਿੱਖਾਂ ਦੇ ਦਸਵੇਂ ਗੁਰੂ ਸਨ। ਉਨ੍ਹਾਂ ਦਾ ਜਨਮ 9ਵੇਂ ਗੁਰੂ ਤੇਗ ਬਹਾਦਰ ਤੇ ਮਾਤਾ ਗੁਜਰੀ ਜੀ ਦੇ ਘਰ 1666 ਈ. ਨੂੰ ਹੋਇਆ ਸੀ। ਉਸ ਸਮੇਂ ਭਾਰਤ 'ਚ ਮੁਗਲਾਂ ਦਾ ਰਾਜ ਸੀ। ਅਪ੍ਰੈਲ 1699 ਈ. 'ਚ ਉਨ੍ਹਾਂ ਨੇ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ ਤੇ ਸਿੱਖ ਕੌਮ ਨੂੰ ਇਕ ਵੱਖਰੀ ਪਛਾਣ ਦਿੱਤੀ। ਉਨ੍ਹਾਂ ਨੇ ਮੁਗਲਾਂ ਦੇ ਜ਼ੁਲਮਾਂ ਵਿਰੁੱਧ ਲੜਦਿਆਂ ਆਪਣਾ ਤੇ ਆਪਣੇ ਪੂਰੇ ਪਰਿਵਾਰ ਦਾ ਬਲਿਦਾਨ ਦੇ ਦਿੱਤਾ। ਉਨ੍ਹਾਂ ਨੇ ਸਟਾਫ ਨੂੰ ਗੁਰੂ ਜੀ ਦੇ ਦਰਸਾਏ ਰਸਤੇ 'ਤੇ ਚੱਲਣ ਤੇ ਸਮਾਜਿਕ ਬੁਰੀਆਂ ਵਿਰੁੱਧ ਆਵਾਜ ਬੁਲੰਦ ਕਰਨ ਲਈ ਪ੍ਰੇਰਿਤ ਕੀਤਾ। ਚੇਅਰਮੈਨ ਅਨਿਲ ਚੋਪੜਾ, ਵਾਇਸ ਚੇਅਰਪਰਸਨ ਸ੍ਰੀਮਤੀ ਸੰਗੀਤਾ ਚੋਪੜਾ ਨੇ ਸਭ ਨੂੰ ਪ੍ਰਕਾਸ਼ ਦਿਹਾੜੇ ਦੀ ਵਧਾਈ ਦਿੰਦੇ ਹੋਏ ਗੁਰੂ ਜੀ ਵਲੋਂ ਦਿੱਤੀਆਂ ਗਈਆਂ ਕੁਰਬਾਨੀਆਂ, ਜੀਵਨ ਸਬੰਧੀ ਸਿੱਖਿਆ ਤੋਂ ਪ੍ਰੇਰਨਾ ਲੈਣ ਨੂੰ ਕਿਹਾ ਅਤੇ ਦੱਸਿਆ ਕਿ ਇਤਿਹਾਸ ਵਿੱਚ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਹੀ ਸੰਤ ਅਤੇ ਸਿਪਾਹੀ ਦੋਨਾਂ ਦਾ ਸਵਰੂਪ ਹਨ ਅਤੇ ਉਨ੍ਹਾਂ ਤੋਂ ਪ੍ਰਭਾਵਤ ਹੋ ਕੇ ਸੇਂਟ ਸੋਲਜਰ ਦਾ ਨਾਂਅ ਰੱਖਿਆ ਗਿਆ ਸੀ।

# ਹਰਬੰਸਪੁਰ/ਜਗਜੀਤਪੁਰ ਵਿਖੇ ਸਜਾਇਆ ਨਗਰ ਕੀਰਤਨ

**ਫਗਵਾੜਾ (ਡਾ. ਰਮਨ)**

ਗੁਰਦੁਆਰਾ ਨਾਨਕਸਰ ਸਾਹਿਬ ਪਿੰਡ ਹਰਬੰਸਪੁਰ/ਜਗਜੀਤਪੁਰ ਦੀ ਪ੍ਰਬੰਧਕ ਕਮੇਟੀ ਵੱਲੋਂ ਗ੍ਰਾਮ ਪੰਚਾਇਤ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਵਿਸ਼ਾਲ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਸਾਹਿਬ ਤੋਂ ਸਵੇਰੇ ਅਰਦਾਸ ਉਪਰੰਤ ਰਵਾਨਾ ਹੋਇਆ ਅਤੇ ਪਿੰਡ ਦੀ ਪਰਿਕਰਮਾ ਕਰਨ ਉਪਰੰਤ ਵਾਪਸ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਦਾ ਸਮੂਹ ਨਗਰ ਨਿਵਾਸੀਆਂ ਵੱਲੋਂ ਫੁੱਲਾਂ ਦੀ ਵਰਖਾ ਕਰਕੇ ਸਵਾਗਤ ਕੀਤਾ ਗਿਆ। ਨਗਰ ਕੀਰਤਨ ਦੌਰਾਨ ਢਾਡੀ ਭਾਈ ਹਰਜਿੰਦਰ ਸਿੰਘ ਫੱਕਰ ਅਤੇ ਢਾਡੀ ਭਾਈ ਨਰਿੰਦਰ ਸਿੰਘ ਭੱਲਾ ਦੇ ਜਥਿਆਂ ਨੇ ਵੱਖ ਵੱਖ ਪੜਾਵਾਂ ਉੱਪਰ ਢਾਡੀ ਵਾਰਾਂ ਸੁਣਾ ਕੇ ਸੰਗਤਾਂ ਨੂੰ ਨਿਹਾਲ ਕੀਤਾ। ਸੰਗਤਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਸੁੰਦਰ ਪਾਲਕੀ ਅੱਗੇ ਨਤਮਸਤਕ ਹੁੰਦਿਆਂ ਸੁੰਦਰ ਰੁਮਾਲੇ ਭੇਟ ਕੀਤੇ ਗਏ ਅਤੇ ਪੰਜ ਪਿਆਰਿਆਂ ਨੂੰ ਸਿਰੋਪੇ ਪਾ ਕੇ ਸਨਮਾਨਤ ਕੀਤਾ। ਸਾਰੇ ਪਿੰਡ ਨੂੰ ਸੁੰਦਰ ਸਵਾਗਤੀ ਗੇਟ ਬਣਾ ਕੇ ਸਜਾਇਆ ਗਿਆ ਸੀ ਅਤੇ ਗੁਰਪੁਰਬ ਦੇ ਸੰਬੰਧ 'ਚ ਗੁਰਦੁਆਰਾ ਸਾਹਿਬ ਨੂੰ ਵੀ ਰੰਗ-ਬਰੰਗੀਆਂ ਲਾਈਟਾਂ ਨਾਲ ਸਜਾਇਆ ਗਿਆ। ਕਮੇਟੀ ਪ੍ਰਧਾਨ ਅਜੈਬ ਸਿੰਘ ਅਤੇ ਸਰਪੰਚ ਨਛੱਤਰ ਸਿੰਘ ਨੇ ਸਮੂਹ ਸੰਗਤਾਂ ਨੂੰ ਗੁਰਪੁਰਬ ਤੇ ਨਵੇਂ ਸਾਲ ਦੀ ਵਧਾਈ ਦਿੱਤੀ ਅਤੇ ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚੱਲਣ ਲਈ ਪ੍ਰੇਰਿਆ। ਇਸ ਮੌਕੇ ਵੱਡੀ ਗਿਣਤੀ 'ਚ ਸੰਗਤਾਂ ਨੇ ਸ਼ਮੂਲੀਅਤ ਕੀਤੀ।



ਨਵਾਂ ਜ਼ਮਾਨਾ
ਮੰਗਲਵਾਰ, 3 ਜਨਵਰੀ 2023

# ਠੋਕਵਾਂ ਜਵਾਬ

*ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਹਰ ਰੈਲੀ ਵਿਚ ਭਾਰਤ ਮਾਤਾ ਤੇ ਰਾਮ ਦੇ ਨਾਅਰੇ ਲੁਆਉਣ ਤੋਂ ਇਲਾਵਾ ਵਿਰੋਧੀ ਪਾਰਟੀਆਂ 'ਤੇ ਪਰਵਾਰਵਾਦ ਦਾ ਦੋਸ਼ ਲਾਉਣ ਤੋਂ ਨਹੀਂ ਖੁੰਝਦੇ। ਜਿਸ ਰਾਜ ਵਿਚ ਉਨ੍ਹਾਂ ਦਾ ਕਿਸੇ ਪਾਰਟੀ ਨਾਲ ਗੱਠਜੋੜ ਹੁੰਦਾ ਹੈ, ਉਥੇ ਉਹ ਪਰਵਾਰਵਾਦ ਦਾ ਦੋਸ਼ ਭੁਲਾ ਦਿੰਦੇ ਹਨ, ਜਿਵੇਂ ਕਿ ਅਕਾਲੀ ਦਲ ਨਾਲ ਗੱਠਜੋੜ ਵੇਲੇ ਉਹ ਪੰਜਾਬ ਵਿਚ ਪਰਵਾਰਵਾਦ ਦੀ ਗੱਲ ਨਹੀਂ ਕਰਦੇ ਸਨ। ਪਿਛਲੇ ਦਿਨੀਂ ਕਰਨਾਟਕ 'ਚ ਕੁਝ ਮਹੀਨਿਆਂ ਤੱਕ ਅਸੰਬਲੀ ਚੋਣਾਂ ਹੋਣ ਵਾਲੀਆਂ ਹਨ ਤੇ ਸ਼ਾਹ ਨੇ 30 ਦਸੰਬਰ ਨੂੰ ਕਰਨਾਟਕ ਦੌਰੇ ਦੌਰਾਨ ਕਾਂਗਰਸ ਤੇ ਜਨਤਾ ਦਲ (ਸੈਕੂਲਰ) 'ਤੇ ਪਰਵਾਰਵਾਦੀ ਸਿਆਸਤ ਕਰਨ ਤੇ ਭ੍ਰਿਸ਼ਟ ਹੋਣ ਦੇ ਦੋਸ਼ ਲਾਏ ਸਨ। ਇਸ ਦੇ ਨਾਲ ਹੀ ਮਾਂਡਿਆ ਤੇ ਪੁਰਾਣੇ ਮੈਸੂਰ ਦੇ ਲੋਕਾਂ ਨੂੰ ਸੱਦਾ ਦਿੱਤਾ ਸੀ ਕਿ ਉਹ ਭਾਜਪਾ ਦੀ ਬਹੁਮਤ ਨਾਲ ਮੁੜ ਸਰਕਾਰ ਬਣਵਾਉਣ। ਉਨ੍ਹਾ ਇਹ ਵੀ ਕਿਹਾ ਸੀ ਕਿ ਜੇ ਜਨਤਾ ਦਲ (ਸੈਕੂਲਰ) ਜਿੱਤਦਾ ਹੈ ਤਾਂ ਕਰਨਾਟਕ ਇਸ ਦਾ ਏ ਟੀ ਐੱਮ ਬਣ ਜਾਏਗਾ। ਪੱਛਮੀ ਬੰਗਾਲ ਦੀਆਂ ਅਸੰਬਲੀ ਚੋਣਾਂ ਦੌਰਾਨ ਵੀ ਮੋਦੀ ਤੇ ਸ਼ਾਹ ਨੇ ਮਮਤਾ ਬੈਨਰਜੀ ਨੂੰ ਪਰਵਾਰਵਾਦੀ ਤੇ ਉਨ੍ਹਾ ਦੀ ਪਾਰਟੀ ਨੂੰ ਕਮਿਸ਼ਨਖੋਰ ਗਰਦਾਨਣ ਦਾ ਖ਼ੂਬ ਪ੍ਰਚਾਰ ਕੀਤਾ ਸੀ, ਪਰ ਪੱਛਮੀ ਬੰਗਾਲ ਦੇ ਲੋਕਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ। ਮੋਦੀ ਤੇ ਸ਼ਾਹ ਵੱਲੋਂ ਸੂਬੇ ਵਿਚ ਸਾਲ-ਭਰ ਰੈਲੀਆਂ ਕਰਨ ਦਾ ਭਾਜਪਾ ਨੂੰ ਕੋਈ ਲਾਭ ਨਹੀਂ ਸੀ ਹੋਇਆ। ਇਹ ਠੀਕ ਹੈ ਕਿ ਪਰਵਾਰਵਾਦੀ ਪਾਰਟੀਆਂ ਨੂੰ ਅਜਿਹੇ ਦੋਸ਼ਾਂ ਦਾ ਜਵਾਬ ਦੇਣਾ ਔਖਾ ਹੁੰਦਾ ਹੈ, ਪਰ ਮੋਦੀ ਤੇ ਸ਼ਾਹ ਜਿਸ ਤਰ੍ਹਾਂ ਇਸ ਹਥਿਆਰ ਨੂੰ ਵਰਤਦੇ ਹਨ, ਉਸ ਦਾ ਹੁਣ ਉਨ੍ਹਾਂ ਦੀ ਭਾਸ਼ਾ ਵਿਚ ਹੀ ਜਨਤਾ ਦਲ (ਸੈਕੂਲਰ) ਦੇ ਆਗੂ ਤੇ ਕਰਨਾਟਕ ਦੇ ਸਾਬਕਾ ਮੁੱਖ ਮੰਤਰੀ ਐੱਚ ਡੀ ਕੁਮਾਰਸਵਾਮੀ ਨੇ ਠੋਕਵਾਂ ਜਵਾਬ ਦਿੱਤਾ ਹੈ। ਉਨ੍ਹਾ ਭਾਜਪਾ ਨੂੰ ਪਖੰਡੀ ਤੇ ਝੂਠੀ ਪਾਰਟੀ ਕਰਾਰ ਦਿੰਦਿਆਂ ਸ਼ਾਹ ਨੂੰ ਸਿਆਸੀ ਗਿਰਗਿਟ ਤੇ ਝੂਠ 'ਤੇ ਝੂਠ ਬੋਲਣ ਵਾਲੇ ਨਾਜ਼ੀ ਪ੍ਰਚਾਰਕ ਜੋਸੇਫ ਗੋਏਬਲਜ਼ ਦਾ ਪੁਨਰ-ਜਨਮ ਗਰਦਾਨਿਆ ਹੈ। ਕਰਨਾਟਕ ਦੇ ਜਨਤਾ ਦਲ (ਸੈਕੂਲਰ) ਦਾ ਏ ਟੀ ਐੱਮ ਬਣਨ ਦੇ ਦੋਸ਼ ਦੇ ਜਵਾਬ ਵਿਚ ਉਨ੍ਹਾ ਕਿਹਾ ਹੈ ਕਿ ਜੇ ਉਨ੍ਹਾ ਦੀ ਸਰਕਾਰ ਬਣਦੀ ਹੈ ਤਾਂ ਉਹ ਕਰੋੜਾਂ ਕੰਨੜ ਲੋਕਾਂ, ਕਿਸਾਨਾਂ, ਮਜ਼ਦੂਰਾਂ ਤੇ ਸ਼ੋਸ਼ਤਾਂ ਦਾ ਏ ਟੀ ਐੱਮ ਹੋਵੇਗੀ। ਜਨਤਾ ਦਲ (ਸੈਕੂਲਰ) ਲੋਕਾਂ ਦਾ ਏ ਟੀ ਐੱਮ ਹੈ। ਉਸ ਲਈ ਏ ਟੀ ਐੱਮ ਮਾਨਵਤਾ ਹੈ, ਜਦਕਿ ਭਾਜਪਾ ਲਈ ਇਸ ਦਾ ਮਤਲਬ ਐਨੀ ਟਾਈਮ ਮੋਸਾ (ਧੋਖਾਧੜੀ) ਹੈ। ਭਾਜਪਾ ਨੇ ਝੂਠ ਨਾਲ ਦੇਸ਼ ਨੂੰ ਤਬਾਹੀ ਦੇ ਰਾਹ ਧੱਕ ਦਿੱਤਾ ਹੈ। ਕੁਮਾਰਸਵਾਮੀ ਨੇ ਸ਼ਾਹ ਦੇ ਬੇਟੇ ਤੇ ਸਭ ਤੋਂ ਅਮੀਰ ਖੇਡ ਜਥੇਬੰਦੀ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਦੇ ਸਕੱਤਰ ਜੈ ਸ਼ਾਹ ਦਾ ਨਾਂਅ ਲਏ ਬਿਨਾਂ ਸ਼ਾਹ ਤੋਂ ਪੁੱਛਿਆ ਹੈ ਕਿ ਕੀ ਤੁਸੀਂ ਆਪਣੀ ਪਾਰਟੀ ਵਿਚ ਪਰਵਾਰ ਦੀ ਸਿਆਸਤ ਦੀ ਸੀਮਾ ਤੋਂ ਵਾਕਫ ਨਹੀਂ ਹੋ? ਕੀ ਤੁਹਾਡਾ ਬੇਟਾ ਕੋਈ ਕ੍ਰਿਕਟ ਪੰਡਤ ਹੈ? ਉਹ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਵਿਚ ਕਿਉਂ ਹੈ? ਕੀ ਤੁਹਾਡੇ ਬੇਟੇ ਦੀ ਸਥਿਤੀ ਸੁਪਰੀਮ ਕੋਰਟ ਵੱਲੋਂ ਨਿਰਧਾਰਤ ਦਿਸ਼ਾ-ਨਿਰਦੇਸ਼ਾਂ ਨੂੰ ਪੂਰਾ ਕਰਦੀ ਹੈ? ਹੁਣ ਦੱਸੋ ਭਾਰਤੀ ਕ੍ਰਿਕਟ ਕੰਟਰੋਲ ਬੋਰਡ ਕਿਸ ਦਾ ਏ ਟੀ ਐੱਮ ਹੈ। ਕੁਮਾਰਸਵਾਮੀ ਨੇ ਇਹ ਵੀ ਕਿਹਾ ਹੈ ਕਿ ਹੁਣ ਕਰਨਾਟਕ ਦੀ ਭਾਜਪਾ ਸਰਕਾਰ 40 ਫੀਸਦੀ ਕਮਿਸ਼ਨ ਖਾਣ ਵਾਲੀ ਨਹੀਂ, ਸਗੋਂ 55-60 ਫੀਸਦੀ ਕਮਿਸ਼ਨ ਖਾਣ ਵਾਲੀ ਬਣ ਗਈ ਹੈ। ਕੀ ਕਰਨਾਟਕ ਭਾਜਪਾ ਦਾ ਏ ਟੀ ਐੱਮ ਨਹੀਂ ਹੈ? ਸੱਚ ਦੂਸ਼ਣਬਾਜ਼ੀ ਦੇ ਓਹਲੇ ਲੁਕਾਇਆ ਨਹੀਂ ਜਾ ਸਕਦਾ। ਇਹ ਪਹਿਲੀ ਵਾਰ ਹੈ ਕਿ ਪਰਵਾਰਵਾਦ ਦੇ ਨਾਂਅ 'ਤੇ ਕੁਮਾਰਸਵਾਮੀ ਨੇ ਸ਼ਾਹ ਨੂੰ ਠੋਕਵਾਂ ਜਵਾਬ ਦਿੱਤਾ ਹੈ। ਕਾਂਗਰਸ ਵੀ ਅਜਿਹਾ ਠੋਕਵਾਂ ਜਵਾਬ ਦੇਵੇ ਤਾਂ ਮੋਦੀ ਤੇ ਸ਼ਾਹ ਆਪਣੀ ਸਰਕਾਰ ਦੀਆਂ ਪ੍ਰਾਪਤੀਆਂ ਦੇ ਸਿਰ 'ਤੇ ਵੋਟਾਂ ਮੰਗਣ ਦੀ ਥਾਂ ਸਮਾਜ ਨੂੰ ਵੰਡਣ ਵਾਲੇ ਨਾਅਰੇ ਲੁਆਉਣ ਤੇ ਪਰਵਾਰਵਾਦ ਦੇ ਹਥਿਆਰ ਨੂੰ ਵਰਤਣ ਤੋਂ ਪਹਿਲਾਂ ਸੋਚਣ ਲਈ ਮਜਬੂਰ ਹੋ ਜਾਣਗੇ।*

# ਪੰਜਾਬ ਨੂੰ ਪਾਣੀ ਦੇ ਸੰਕਟ 'ਚੋਂ ਕਿਵੇਂ ਕੱਢਿਆ ਜਾਵੇ



ਗੁਰਚਰਨ ਸਿੰਘ ਨੂਰਪੁਰ

ਅਸੀਂ ਪੰਜਾਬੀਆਂ ਨੇ ਪਾਣੀ ਦੀ ਪਹਿਲੀ ਸਭ ਤੋਂ ਬਹੁਮੁੱਲੀ ਉਪਰਲੀ ਤਹਿ ਨੂੰ ਖਤਮ ਕਰ ਦਿੱਤਾ। ਇਹ ਸਾਫ-ਸੁਥਰਾ ਫਿਲਟਰ ਹੋਇਆ ਸਵੱਛ ਪਾਣੀ ਸੀ, ਜੋ ਧਰਤੀ ਤੋਂ ਜ਼ੀਰ ਕੇ ਜ਼ਮੀਨ ਵਿੱਚ ਜਾਂਦਾ ਸੀ। ਧਰਤੀ ਹੇਠਲੀ ਇਸ ਤਹਿ ਦਾ ਸਿੱਧਾ ਸਬੰਧ ਮੌਨਸੂਨ ਅਤੇ ਬਾਰਸ਼ਾਂ ਦੇ ਮੌਸਮਾਂ ਨਾਲ ਜੁੜਿਆ ਹੋਇਆ ਸੀ। ਅਸੀਂ ਪਾਣੀ ਦੀ ਬਹੁਮੁੱਲੀ ਤਹਿ ਨੂੰ ਹੀ ਖਤਮ ਨਹੀਂ ਕੀਤਾ, ਬਲਕਿ ਇਸ ਧਰਤੀ 'ਤੇ ਸਦੀਆਂ ਤੋਂ ਮੌਨਸੂਨੀ ਬਾਰਸ਼ਾਂ ਨਾਲ ਜੁੜੇ ਧਰਤੀ ਹੇਠਲੇ ਪਾਣੀ ਦੇ ਸਬੰਧ ਨੂੰ ਵੀ ਤੋੜ ਦਿੱਤਾ, ਜਿਸ ਦੇ ਬੜੇ ਭਿਆਨਕ ਸਿੱਟੇ ਸਾਡੇ ਸਾਹਮਣੇ ਆ ਰਹੇ ਹਨ।

ਹੁਣ ਅਸੀਂ ਮੱਛੀ ਮੋਟਰਾਂ ਨਾਲ ਖਿੱਚਿਆ ਪਾਣੀ ਪੀ ਰਹੇ ਹਾਂ। ਪਾਈਪਾਂ ਦੇ ਟੋਟੇ ਪਾ ਕੇ ਮੱਛੀ ਮੋਟਰਾਂ ਨੂੰ ਹਰ ਸਾਲ ਹੋਰ ਨੀਵਾਂ ਕਰ ਰਹੇ ਹਾਂ। ਅਸੀਂ ਕਿੰਨੇ ਕੁ ਪਾਈਪਾਂ ਦੇ ਟੋਟੇ ਪਾਉਂਦੇ ਰਹਾਂਗੇ? ਕੁਝ ਦਹਾਕੇ ਪਹਿਲਾਂ ਸਮੁੱਚੇ ਪੰਜਾਬ ਵਿੱਚ ਹਰ ਘਰ ਵਿੱਚ ਨਲਕਾ ਹੁੰਦਾ ਸੀ। ਨਲਕਿਆਂ ਦਾ ਪਾਣੀ ਪੀਂਦਿਆਂ ਕਦੇ ਨਹੀਂ ਸੋਚਿਆ ਸੀ ਨਲਕੇ ਇੱਕ ਦਿਨ ਸੁੱਕ ਜਾਣਗੇ। ਨਲਕੇ ਸੁੱਕ ਗਏ ਤੇ ਨਲਕਿਆਂ ਵਾਂਗ ਮੱਛੀ ਮੋਟਰਾਂ ਵੀ ਬੜੀ ਜਲਦੀ ਪਾਣੀ ਤੋਂ ਜਵਾਬ ਦੇ ਜਾਣਗੀਆਂ। ਸਾਨੂੰ ਭਰਮ ਹੈ ਕਿ ਮੱਛੀ ਮੋਟਰਾਂ ਦਾ ਪਾਣੀ ਸਦੀਵੀ ਹੈ, ਪਰ ਅਸੀਂ ਇਸ ਭਰਮ 'ਚੋਂ ਜਿੰਨੀ ਜਲਦੀ ਬਾਹਰ ਆ ਜਾਈਏ, ਓਨਾ ਹੀ ਚੰਗਾ ਹੈ।

ਅਸੀਂ ਪਾਣੀ ਦੀ ਮਹੱਤਤਾ ਨੂੰ ਨਹੀਂ ਸਮਝਿਆ। ਬਹੁਤੀ ਦੇਰ ਨਹੀਂ ਹੋਈ ਵੀਹ ਕੁ ਸਾਲ ਪਹਿਲਾਂ ਇੱਕ ਸਮਾਂ ਅਜਿਹਾ ਵੀ ਆਇਆ, ਜਦੋਂ ਪੰਜਾਬ ਵਿੱਚ ਜ਼ਮੀਨਾਂ ਦੇ ਭਾਅ ਦੋ ਤੋਂ ਡੇਢ ਲੱਖ ਪ੍ਰਤੀ ਏਕੜ ਹੋ ਗਏ ਸਨ। ਕਾਰਨ ਸ਼ਾਇਦ ਕੁਝ ਹੋਰ ਵੀ ਹੋਣਗੇ, ਪਰ ਸਭ ਤੋਂ ਵੱਡਾ ਕਾਰਨ ਜ਼ਮੀਨ ਦੀ ਪਹਿਲੀ ਤਹਿ ਤੋਂ ਪਾਣੀ ਦਾ ਖਤਮ ਹੋ ਜਾਣਾ ਸੀ। ਅਸੀਂ ਧਰਤੀ ਹੇਠਲੀ ਪਾਣੀ ਦੀ ਪਹਿਲੀ ਤਹਿ ਨੂੰ ਖਤਮ ਕਰ ਲਿਆ ਸੀ। ਜ਼ਮੀਨਾਂ ਅਰਥਹੀਣ ਜਾਪਣ ਲੱਗੀਆਂ ਸਨ, ਜਿਸ ਦੇ ਫਲਸਰੂਪ ਜ਼ਮੀਨਾਂ ਦੇ ਭਾਅ ਤੇਜ਼ੀ ਨਾਲ ਹੇਠਾਂ ਆ ਗਏ। ਇੱਥੋਂ ਅਸੀਂ ਸਮਝ ਸਕਦੇ ਹਾਂ ਕਿ ਕਿਸੇ ਖਿੱਤੇ ਦੇ ਲੋਕਾਂ ਦੀਆਂ ਜ਼ਮੀਨਾਂ, ਜਾਇਦਾਦਾਂ, ਕਾਰਾਂ, ਕੋਠੀਆਂ ਦਾ ਮੁੱਲ ਧਰਤੀ ਹੇਠਲੇ ਪਾਣੀ ਨਾਲ ਜੁੜਿਆ ਹੋਇਆ ਹੈ। ਜੇਕਰ ਧਰਤੀ ਹੇਠਾਂ ਪਾਣੀ ਨਹੀਂ ਤਾਂ ਸਭ ਕੁਝ ਮਿੱਟੀ ਹੋ ਸਕਦਾ ਹੈ। ਤੁਸੀਂ ਕਹੋਗੇ ਕਿ ਕਈ ਧਰਤੀਆਂ ਅਜਿਹੀਆਂ ਹਨ, ਜਿੱਥੇ ਧਰਤੀ ਹੇਠਾਂ ਪਾਣੀ ਨਹੀਂ, ਪਰ ਉੱਥੇ ਵੀ ਸ਼ਹਿਰ ਵਸੇ ਹੋਏ ਹਨ, ਸਾਨੂੰ ਇਹ ਸਮਝਣਾ ਚਾਹੀਦਾ ਹੈ ਉਹਨਾਂ ਇਲਾਕਿਆਂ ਵਿੱਚ ਹੋਰ ਵੱਖਰੀ ਤਰ੍ਹਾਂ ਦੇ ਖਣਿਜ ਹਨ, ਕਿਤੇ ਤੇਲ ਨਿਕਲ ਰਿਹਾ ਹੈ ਕਿਤੇ ਮਾਰਬਲ ਹੈ ਅਤੇ ਕਿਤੇ ਕੁਝ ਹੋਰ। ਸਾਡੀ ਜ਼ਮੀਨ ਚੰਗੀਆਂ ਫਸਲਾਂ ਅਨਾਜ ਪੈਦਾ ਕਰਨ ਦੇ ਸਮਰੱਥ ਹੈ, ਇਸ ਲਈ ਇਸ ਦੀ ਸਭ ਤੋਂ ਵੱਡੀ ਲੋੜ ਪਾਣੀ ਹੈ।

ਪਾਣੀ ਸੰਬੰਧੀ ਪੰਜਾਬ ਦੀ ਹਾਲਤ ਬੜੀ ਭਿਆਨਕ ਹੈ ਬੜੀ ਡਰਾਉਣੀ ਹੈ। ਪੰਜਾਬ ਦਾ ਵੱਡਾ ਹਿੱਸਾ ਮਾਰੂਥਲ ਬਣਨ ਜਾ ਨਹੀਂ ਰਿਹਾ ਬਲਕਿ ਮਾਰੂਥਲ ਬਣ ਗਿਆ ਹੈ ਅਤੇ ਇਸ ਦਾ ਲਗਾਤਾਰ ਵਿਸਥਾਰ ਹੋ ਰਿਹਾ ਹੈ। ਕੁਝ ਉਦਾਹਰਣਾਂ ਨਾਲ ਅਸੀਂ ਇਸ ਸਥਿਤੀ ਨੂੰ ਸਮਝ ਸਕਦੇ ਹਾਂ।

ਇਸ ਸਮੇਂ ਪਾਣੀ ਸੰਬੰਧੀ ਮਿਲਣ ਵਾਲੀਆਂ ਖਬਰਾਂ ਬੜੀਆਂ ਦਿਲ ਕੰਬਾਊ ਹਨ। ਬੀਤੇ ਜੁਲਾਈ ਮਹੀਨੇ ਦੀ ਇੱਕ ਖਬਰ ਸੀ ਕਿ ਮੁਕਤਸਰ ਸਾਹਿਬ ਜ਼ਿਲ੍ਹੇ ਦੇ ਪਿੰਡ ਮਾਹੂਆਣਾ ਦੇ ਇੱਕ 37 ਸਾਲਾ ਕਿਸਾਨ ਬਲਜੀਤ ਸਿੰਘ ਨੇ ਖੇਤ ਟਾਹਲੀ ਨਾਲ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ। ਕਾਰਨ ਇਹ ਸੀ ਕਿ ਔੜ ਲੱਗੀ ਹੋਈ ਸੀ। ਟਿਊਬਵੈੱਲ ਪਾਣੀ ਤੋਂ ਜਵਾਬ ਦੇ ਗਿਆ ਸੀ। ਝੋਨੇ ਦੇ ਖੇਤ ਵਿੱਚੋਂ ਪਾਣੀ ਸੁੱਕ ਗਿਆ ਸੀ। ਸੰਗਰੂਰ ਜ਼ਿਲ੍ਹੇ ਅਲੋਅਰਖ ਪਿੰਡ ਦੀ ਖਬਰ ਸਾਰੇ ਅਖਬਾਰਾਂ ਤੋਂ ਇਲਾਵਾਂ ਸੋਸ਼ਲ ਮੀਡੀਆ 'ਤੇ ਵੀ ਛਾਈ ਰਹੀ। ਇੱਥੇ ਇੱਕ ਬੋਰ ਵਿੱਚੋਂ ਕਾਲਾ ਪਾਣੀ ਨਿਕਲ ਰਿਹਾ ਹੈ, ਆਲੇ-ਦੁਆਲੇ ਦੇ ਲੋਕ ਭੈਅਭੀਤ ਹੋ ਰਹੇ ਹਨ। ਕੁਝ ਸਾਲ ਪਹਿਲਾਂ ਪੰਜਾਬ ਦੇ ਦਰਿਆਵਾਂ ਵਿੱਚ ਪੈਂਦੇ ਪਲੀਤ ਪਾਣੀ ਦੇ ਵਿਰੋਧ ਵਿੱਚ ਲੁਧਿਆਣੇ ਬੁੱਢੇ ਨਾਲੇ ਨੂੰ ਵੇਖਣ ਦਾ ਮੌਕਾ ਮਿਲਿਆ। ਇੱਥੇ ਅਸੀਂ ਦੇਖਿਆ ਕਿ ਲੁਧਿਆਣਾ ਸ਼ਹਿਰ ਦੀ ਜ਼ਮੀਨ ਹੇਠੋਂ ਸਾਫ ਪਾਣੀ ਬੋਰਾਂ ਰਾਹੀਂ ਨਿਕਲ ਕੇ ਫੈਕਟਰੀਆਂ ਵਿੱਚ ਅਤਿ ਪਲੀਤ ਹੁੰਦਾ ਹੈ। ਫਿਰ ਇਹ ਗੰਦਾ ਗਾਹੜਾ ਪਾਣੀ ਇੱਕ ਵੱਡੀ ਨਹਿਰ ਰਾਹੀਂ 'ਚ ਜਿਸ 'ਤੇ ਕੁਝ ਕਿਲੋਮੀਟਰ ਛੱਤ ਪਾਈ ਹੋਈ ਹੈ, ਸਤਲੁਜ ਦਰਿਆ ਵਿੱਚ ਸੁੱਟਿਆ ਜਾ ਰਿਹਾ ਹੈ। ਇੱਥੇ ਇਹ ਸਭ ਕੁਝ ਵੇਖ ਕੁਦਰਤ ਪੱਖੀ ਸੋਚ ਰੱਖਣ ਵਾਲੇ ਮਨੁੱਖ ਦਾ ਦਿਮਾਗ ਸੁੰਨ ਹੋ ਜਾਂਦਾ ਹੈ ਕਿ ਏਨੀ ਵੱਡੀ ਨਹਿਰ ਪੰਜਾਬ ਦੇ ਕੇਂਦਰ ਲੁਧਿਆਣੇ 'ਚੋਂ ਰੋਜ਼ ਧਰਤੀ ਦੇ ਹੇਠੋਂ ਪਾਣੀ ਕੱਢ ਕੇ, ਬਰਬਾਦ ਕਰਕੇ ਇਸ ਨੂੰ ਹੋਰ ਪਾਣੀ ਨੂੰ ਬਰਬਾਦ, ਗੰਦਲਾ ਕਰਨ ਲਈ ਦਰਿਆ ਵਿੱਚ ਪਾਇਆ ਜਾ ਰਿਹਾ ਹੈ। ਇਹ ਨਹਿਰ ਨਿਰੰਤਰ ਹਾੜ੍ਹ-ਸਿਆਲ ਵਗ ਰਹੀ ਹੈ। ਇਹ ਹਜ਼ਾਰਾਂ ਜੀਵਾਂ ਦੀ ਮੌਤ ਅਤੇ ਮਨੁੱਖਾਂ ਦੇ ਵੱਖ-ਵੱਖ ਭਿਆਨਕ ਰੋਗਾਂ ਦਾ ਕਾਰਨ ਬਣ ਰਹੀ ਹੈ। ਦੂਜੇ ਪਾਸੇ ਇਸ ਦਾ ਭਾਵ ਇਹ ਹੈ ਕਿ ਸੈਂਕੜੇ ਕਿਉਂਕਿ ਪਾਣੀ ਬਿਨਾਂ ਰੋਕ ਟੋਕ ਧਰਤੀ ਹੇਠੋਂ ਕੱਢ ਕੇ ਪਲੀਤ ਕਰਕੇ ਪੀਣ ਵਾਲੇ ਹੋਰ ਪਾਣੀ ਨੂੰ ਪਲੀਤ ਕਰਨ ਲਈ ਬਿਨਾਂ ਰੋਕ ਟੋਕ ਵਹਿ ਰਿਹਾ ਹੈ। ਜੇਕਰ ਪੰਜਾਬ ਦੇ ਹੋਰ ਸ਼ਹਿਰਾਂ ਵੱਲੋਂ ਕੀਤੀ ਜਾ ਰਹੀ ਪਾਣੀ ਦੀ ਅੰਨੀ ਵਰਤੋਂ ਦਾ ਹਿਸਾਬ ਲਾਇਆ ਜਾਵੇ ਤਾਂ ਇਹ ਝੋਨੇ ਵਿੱਚ ਵਰਤੇ ਜਾਣ ਵਾਲਾ ਪਾਣੀ ਕਿਤੇ ਵੱਧ ਹੈ। ਪਾਣੀ ਦੀ ਇਸ ਤਰ੍ਹਾਂ ਹੁੰਦੀ ਬਰਬਾਦੀ ਨੂੰ ਤੁਰੰਤ ਰੋਕੇ ਜਾਣ ਦੀ ਲੋੜ ਹੈ ਫੈਕਟਰੀਆਂ ਦੇ ਗੰਦੇ ਪਾਣੀ ਨੂੰ ਦੁਬਾਰਾ ਟਰੀਟ ਕਰਕੇ ਫੈਕਟਰੀਆਂ ਵਿੱਚ ਹੀ ਵਾਰ ਵਾਰ ਵਰਤਿਆ ਜਾਣਾ ਚਾਹੀਦਾ ਹੈ ਇਸ ਨਾਲ ਇੱਕ ਤਾਂ ਪਾਣੀ ਦੇ ਦੂਜੇ ਸੋਮੇ ਪਲੀਤ ਹੋਣ ਤੋਂ ਕੁਝ ਹੱਦ ਤੱਕ ਬਚ ਸਕਦੇ ਹਨ ਦੂਜਾ ਧਰਤੀ ਹੇਠੋਂ ਅੰਨੇਵਾਹ ਪਾਣੀ ਕੱਢੇ ਜਾਣ ਨੂੰ ਕੁਝ ਠੱਲ ਪੈ ਸਕਦੀ ਹੈ।

ਬਠਿੰਡਾ-ਅੰਮ੍ਰਿਤਸਰ ਹਾਈਵੇ ਤੋਂ ਫਿਰੋਜ਼ਪੁਰ ਜ਼ਿਲ੍ਹੇ ਦਾ ਇੱਕ ਛੋਟਾ ਇਤਿਹਾਸਕ ਕਸਬਾ ਹੈ ਮੁੱਦਕੀ। ਇਸ ਕਸਬੇ ਦੇ ਨੇੜੇ ਪੈਂਦੇ ਪਿੰਡ ਕਬਰਵੱਛਾ ਵਿੱਚ ਰਹਿੰਦੇ ਆਪਣੇ ਇੱਕ ਅਧਿਆਪਕ ਮਿੱਤਰ ਨੂੰ ਸਵੇਰੇ-ਸਵੇਰੇ ਫੋਨ ਕੀਤਾ। ਫੋਨ ਉਸ ਦੀ ਘਰਵਾਲੀ ਨੇ ਉਠਾਇਆ ਤੇ ਉਸ ਕਿਹਾ ਕਿ ਉਹ ਪਾਣੀ ਲੈਣ ਗਏ ਹੋਏ ਹਨ। ਸ਼ਾਮ ਨੂੰ ਉਸੇ ਦੋਸਤ ਨਾਲ ਗੱਲ ਹੋਈ ਤਾਂ ਉਸ ਦੱਸਿਆ ਕਿ ਸਾਰਾ ਪਿੰਡ ਰਾਜਸਥਾਨ ਫੀਡਰ ਨਹਿਰ ਦੇ ਕਿਨਾਰੇ 'ਤੇ ਲੱਗੇ ਨਲਕਿਆਂ ਤੋਂ ਪਾਣੀ ਲੈ ਕੇ ਆਉਂਦਾ ਹੈ। ਦਸ-ਬਾਰਾਂ ਸਾਲ ਪਹਿਲਾਂ ਇਸ ਪਿੰਡ ਦੇ ਲੋਕ ਪਿੰਡ ਦੀ ਜ਼ਮੀਨ ਹੇਠੋਂ ਪਾਣੀ ਕੱਢ ਕੇ ਪੀਂਦੇ, ਵਰਤਦੇ ਸਨ, ਪਰ ਹੁਣ ਇਹ ਇਕੱਲਾ ਪਿੰਡ ਨਹੀਂ ਫਿਰੋਜ਼ਪੁਰ, ਫਰੀਦਕੋਟ ਅਤੇ ਮੁਕਤਸਰ ਸਾਹਿਬ ਅਨੇਕਾਂ ਪਿੰਡ ਹਨ, ਜੋ ਹਰ ਰੋਜ਼ ਸਵੇਰੇ ਨਹਿਰਾਂ ਦੇ ਨੇੜੇ ਲੱਗੇ ਨਲਕਿਆਂ ਤੋਂ ਪਾਣੀ ਭਰ ਕੇ ਲਿਆਂਉਂਦੇ ਹਨ। ਇਸ ਤਰ੍ਹਾਂ ਦੀਆਂ ਉਦਾਹਰਣਾਂ ਤੋਂ ਹਿਸਾਬ ਲਾ ਸਕਦੇ ਹੋ ਕਿ ਪੰਜਾਬ ਵਿੱਚ ਭਵਿੱਖ ਦੇ ਕੁਝ ਸਾਲਾਂ ਵਿੱਚ ਕੀ ਹੋਣ ਵਾਲਾ ਹੈ।

ਆਟਾ ਦਾਲ, ਘਿਓ ਖੰਡ, ਅਤੇ ਸਸਤੀ ਬਿਜਲੀ ਦੇਣ ਦੇ ਨਾਮ 'ਤੇ ਵੋਟਾਂ ਲੈਣ ਵਾਲੀਆਂ ਰਾਜਸੀ ਧਿਰਾਂ 'ਚੋਂ ਕਿਸੇ ਇੱਕ ਨੂੰ ਵੀ ਇਸ ਭਿਆਨਕਤਾ ਦਾ ਫਿਕਰ ਹੈ? ਅਸੀਂ ਪਾਣੀ ਦੀ ਇੱਕ ਤਹਿ ਦਾ ਖਾਤਮਾ ਕਰ ਚੁੱਕੇ ਹਾਂ ਅਤੇ ਦੂਜੀ 200 ਤੋਂ 300 ਫੁੱਟ ਵਾਲੀ ਦਾ ਕਰਨ ਲੱਗੇ ਹੋਏ ਹਾਂ ਇਸ ਦੀ ਸਮਝ ਸਾਨੂੰ ਉਦੋਂ ਆਵੇਗੀ ਜਦੋਂ ਅਸੀਂ ਪਾਣੀ ਦੀ ਬੂੰਦ ਬੂੰਦ ਨੂੰ ਤਰਸਣ ਲੱਗ ਪਵਾਂਗੇ ਸਾਡੇ ਕਮਾਈ ਵੱਡਾ ਹਿੱਸਾ ਕਿਤੋਂ ਦੂਰੋਂ ਲਿਆਂਦੇ ਪਾਣੀ 'ਤੇ ਖਰਚ ਹੋਣ ਲੱਗੇਗਾ?

ਇਸ ਸਮੇਂ ਦੇਸ਼ ਵਿੱਚ ਪਾਣੀ ਦੀ ਇੱਕ ਲੀਟਰ ਬੋਤਲ ਦਾ ਮੁੱਲ 20 ਤੋਂ 25 ਰੁਪਏ ਹੈ। ਕੁਝ ਹਿੱਲ ਸਟੇਸ਼ਨਾਂ, ਮਹਿੰਗੇ ਹੋਟਲਾਂ ਅਤੇ ਹੋਰ ਖਾਸ ਥਾਂਵਾਂ 'ਤੇ ਇਹ ਰੇਟ 30 ਤੋਂ 35 ਰੁਪਏ ਪ੍ਰਤੀ ਬੋਤਲ ਵੀ ਹੈ। ਇਸ ਸਮੇਂ ਅੰਤਰ-ਰਾਸ਼ਟਰੀ ਮੰਡੀ ਵਿੱਚ ਕੱਚੇ ਤੇਲ ਦਾ ਮੁੱਲ 30 ਤੋਂ 32 ਰੁਪਏ ਲੀਟਰ ਹੈ। ਜੇਕਰ ਗਹੁ ਨਾਲ ਵੇਖਿਆ ਜਾਵੇ ਤਾਂ ਇਹ ਥੋੜ੍ਹਾ ਜਿਹਾ ਫਰਕ ਅਗਲੇ ਕੁਝ ਸਾਲਾਂ ਵਿੱਚ ਖਤਮ ਹੋ ਜਾਵੇਗਾ, ਫਿਲਹਾਲ ਇਸ ਪਾਸੇ ਕਿਸੇ ਦਾ ਕੋਈ ਧਿਆਨ ਨਹੀਂ। ਜੇਕਰ ਕਿਸੇ ਨੂੰ ਇਹ ਸਵਾਲ ਕੀਤਾ ਜਾਵੇ ਕਿ ਬੰਦੇ ਦੀ ਜ਼ਿੰਦਗੀ ਲਈ ਪਾਣੀ ਅਤੇ ਪੈਟਰੋਲ ਦੋਹਾਂ 'ਚੋਂ ਕੀਮਤੀ ਵਸਤ ਕਿਹੜੀ ਹੈ? ਤਾਂ ਨਿਸਚਿਤ ਹੈ ਸਾਡਾ ਜਵਾਬ 'ਪਾਣੀ' ਹੋਵੇਗਾ। ਭਵਿੱਖ ਵਿੱਚ ਪਾਣੀ ਅਤੇ ਤੇਲ ਦੇ ਭਾਅ ਦਾ ਫਰਕ ਹੀ ਨਹੀਂ ਮਿਟੇਗਾ, ਬਲਕਿ ਹੋ ਸਕਦਾ ਹੈ ਕਿ ਇੱਕ ਦਿਨ ਤੇਲ ਨਾਲੋਂ ਪੀਣ ਵਾਲੇ ਪਾਣੀ ਦੀ ਕੀਮਤ ਵਧ ਜਾਵੇ। ਭਵਿੱਖ ਵਿੱਚ ਅਮੀਰੀ ਧਰਤੀ ਹੇਠਲੇ ਪਾਣੀ 'ਤੇ ਨਿਰਭਰ ਕਰੇਗੀ। ਭਵਿੱਖ ਵਿੱਚ ਦੁਨੀਆ ਭਰ ਵਿੱਚ ਟੈਸਲਾ ਮੋਟਰ ਵਰਗੀਆਂ ਕੁਝ ਕੰਪਨੀਆਂ ਬੜੀ ਜੋਸ਼-ਓ-ਖਰੋਸ਼ ਨਾਲ ਦਾਖਲ ਹੋ ਰਹੀਆਂ ਹਨ, ਜਿਹਨਾਂ ਡੀਜ਼ਲ, ਪੈਟਰੋਲ ਤੋ ਬਗੈਰ ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਬਜ਼ਾਰ ਵਿੱਚ ਉਤਾਰ ਦਿੱਤੀਆਂ ਹਨ। ਡਰਾਇਵਰ ਲੈਸ ਇਹ ਕਾਰਾਂ ਆਸਟਰੇਲੀਆ, ਅਮਰੀਕਾ, ਕੈਨੇਡਾ ਵਰਗੇ ਦੇਸ਼ਾਂ ਵਿੱਚ ਸੜਕਾਂ 'ਤੇ ਦੌੜਨ ਲੱਗੀਆਂ ਹਨ। ਹੈਰਾਨੀ ਦੀ ਗੱਲ ਇਹ ਹੈ ਕਿ ਇਹਨਾਂ ਦੀ ਸਮਰੱਥਾ ਪੈਟਰੋਲ ਵਾਲੀਆਂ ਕਾਰਾਂ ਨਾਲੋਂ ਵੀ ਵੱਧ ਹੈ। ਕਾਰਾਂ ਹੀ ਨਹੀਂ, ਬਲਕਿ ਭਾਰੇ ਵਾਹਨ ਵੀ ਭਵਿੱਖ ਵਿੱਚ ਬਿਜਲੀ ਨਾਲ ਚਾਰਜ ਹੋ ਕੇ ਚੱਲਣਗੇ। ਬਹੁਤ ਜਲਦੀ ਦੁਨੀਆਂ ਭਰ ਵਿੱਚ ਪੈਟਰੋਲ ਅਤੇ ਡੀਜ਼ਲ 'ਤੇ ਨਿਰਭਰਤਾ ਘੱਟ ਹੋਣ ਜਾ ਰਹੀ ਹੈ। ਜਿਵੇਂ ਅੰਤਰਰਾਸ਼ਟਰੀ ਮੰਡੀ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਲਗਾਤਾਰ ਘਟ ਰਹੀਆਂ ਹਨ, (ਬੇਸ਼ੱਕ ਇਸ ਸਮੇਂ ਕੱਚੇ ਤੇਲ ਦੀਆਂ ਕੀਮਤਾਂ ਦੇ ਘਟਣ ਦਾ ਕਾਰਨ ਦੁਨੀਆ ਦੀ ਆਰਥਕ ਮੰਦੀ ਅਤੇ ਕੋਰੋਨਾ ਦਾ ਪ੍ਰਕੋਪ ਕਿਹਾ ਜਾ ਸਕਦਾ ਹੈ) ਇਸੇ ਤਰ੍ਹਾਂ ਭਵਿੱਖ ਵਿੱਚ ਜਦੋਂ ਦੁਨੀਆਂ ਤਰ੍ਹਾਂ ਭਰ ਵਿੱਚ ਇਲੈਕਟ੍ਰਿਕ ਕਾਰਾਂ ਸੜਕਾਂ 'ਤੇ ਦੌੜਨ ਲੱਗਣਗੀਆਂ ਤਾਂ ਕੱਚੇ ਤੇਲ ਦੀਆਂ ਕੀਮਤਾਂ ਅੱਜ ਨਾਲੋਂ ਕਿਤੇ ਹੇਠਾਂ ਆ ਜਾਣ ਦੀ ਸੰਭਾਵਨਾ ਹੈ। ਸਰਕਾਰਾਂ ਅਤੇ ਤੇਲ ਕੰਪਨੀਆਂ ਦੀ ਇਹ ਕੋਸ਼ਿਸ਼ ਹੈ ਕਿ ਜਿੰਨੀ ਦੇਰ ਇਹ ਤੇਲ ਦਾ ਧੰਦਾ ਚੱਲਦਾ ਹੈ, ਇਸ ਤੋਂ ਵੱਧ ਤੋਂ ਵੱਧ ਕਮਾਈ ਕਰ ਲਈ ਜਾਵੇ। ਇਸੇ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਇਸ ਸਮੇਂ ਸਰਕਾਰਾਂ ਅਤੇ ਤੇਲ ਕੰਪਨੀਆਂ ਤੇਲ 'ਤੇ ਬੇਰਹਿਮ ਹੋ ਕੇ ਦੂਣੇ ਚੌਣੇ ਟੈਕਸ ਲਾ ਕੇ ਲੋਕਾਂ ਦਾ ਵੱਧ ਤੋਂ ਵੱਧ ਤੇਲ ਕੱਢਣ ਲਈ ਯਤਨਸ਼ੀਲ ਹਨ।

ਜੇਕਰ ਅਸੀਂ ਸੁਹਿਰਦ ਹੋਈਏ ਤਾਂ ਪਾਣੀ ਦੇ ਧਰਤੀ ਹੇਠਲੇ ਲੈਵਲ ਨੂੰ ਸੁਧਾਰਿਆ ਜਾ ਸਕਦਾ ਹੈ। ਇਸ ਸਬੰਧੀ ਸਭ ਤੋਂ ਵੱਧ ਲੋਕਾਂ ਨੂੰ ਸੁਹਿਰਦ ਹੋਣ ਦੀ ਲੋੜ ਹੈ। ਫੈਕਟਰੀਆਂ, ਕਾਰਖਾਨਿਆਂ ਵਿੱਚ ਵਰਤੇ ਜਾਣ ਵਾਲੇ ਪਾਣੀ ਨੂੰ ਟਰੀਟ ਕਰਕੇ ਦੁਬਾਰਾ ਵਰਤਿਆ ਜਾਵੇ। ਸਰਕਾਰ ਝੋਨੇ ਦੀ ਫਸਲ ਦੀ ਥਾਂ ਹੋਰ ਫਸਲਾਂ 'ਤੇ ਐੱਮ ਐੱਸ ਪੀ ਦੇਵੇ। ਖੇਤੀ ਲਈ ਧਰਤੀ ਹੇਠਲੇ ਪਾਣੀ ਦੀ ਬਜਾਏ ਨਹਿਰੀ ਪਾਣੀ ਨੂੰ ਤਰਜੀਹ ਦਿੱਤੀ ਜਾਵੇ। ਦਰਿਆਵਾਂ ਵਿੱਚ ਲਗਾਤਾਰ ਸੁੱਟੇ ਜਾਂਦੇ ਜ਼ਹਿਰੀਲੇ ਮਾਦੇ ਨੂੰ ਤੁਰੰਤ ਰੋਕਿਆ ਜਾਵੇ। ਹਰ ਪਿੰਡ ਵਿੱਚ ਛੱਪੜਾਂ ਨੂੰ ਡੂੰਘਾ ਕਰਕੇ ਇਹਨਾਂ ਦੀ ਖਲਾਈ ਕੀਤੀ ਜਾਵੇ। ਹਰ ਪਿੰਡ ਵਿੱਚ ਬਾਰਿਸ਼ ਦੇ ਪਾਣੀ ਨੂੰ ਸੰਭਾਲਣ ਲਈ ਰੇਤ ਦੇ ਵਿਸ਼ਾਲ ਫਿਲਟਰ ਬਣਾ ਕੇ ਬਾਰਸ਼ ਦੇ ਪਾਣੀ ਨੂੰ ਫਿਲਟਰ ਕਰਕੇ ਧਰਤੀ ਹੇਠਲੇ ਪਾਣੀ ਨੂੰ ਰੀਚਾਰਜ ਕਰਨ ਦੇ ਪ੍ਰਬੰਦ ਕੀਤੇ ਜਾਣ। ਬਾਰਸ਼ਾਂ ਵਿੱਚ ਵਹਿਣ ਵਾਲੀਆਂ ਛੋਟੀਆਂ-ਛੋਟੀਆਂ ਨਦੀਆਂ, ਨਾਲਿਆਂ ਨੂੰ ਮੁੜ ਸੁਰਜੀਤ ਕੀਤਾ ਜਾਵੇ। ਰੁੱਖਾਂ ਨੂੰ ਲਗਾਉਣ ਦੇ ਨਾਲ-ਨਾਲ ਪਾਲਣ ਲਈ ਵਿਸ਼ੇਸ਼ ਪ੍ਰੋਗਰਾਮ ਬਣਾ ਕੇ ਢੁਕਵੇਂ ਯਤਨ ਕੀਤੇ ਜਾਣ। ਬਹੁਤ ਸਾਰੀਆਂ ਅਜਿਹੀਆਂ ਉਦਾਹਰਣਾਂ ਹਨ, ਜਿੱਥੇ ਧਰਤੀ ਹੇਠਲਾ ਪਾਣੀ ਸੁੱਕ ਗਿਆ ਅਤੇ ਸੂਝਵਾਨ ਲੋਕਾਂ ਨੇ ਇਕੱਠੇ ਹੋ ਕੇ ਇਸ ਨੂੰ ਦੁਬਾਰਾ ਹਾਸਲ ਕਰਨ ਵਿੱਚ ਸਫਲਤਾ ਹਾਸਲ ਕੀਤੀ। ਮੌਨਸੂਨ ਬਾਰਸ਼ਾਂ ਅਤੇ ਝੜੀਆਂ ਲਈ ਇਹ ਬੜਾ ਜ਼ਰੂਰੀ ਹੈ ਕਿ ਵੱਧ ਵੱਧ ਤੋਂ ਰੁੱਖ ਲਾਏ ਜਾਣ। ਅਜਿਹੀਆਂ ਕੁਝ ਤਰਜੀਹਾਂ 'ਤੇ ਕੰਮ ਕਰਕੇ ਵਾਤਾਵਰਨ ਮਾਹਰਾਂ ਦੀ ਯੋਗ ਅਗਵਾਈ ਨਾਲ ਰੁਸ ਗਏ ਪਾਣੀਆਂ ਨੂੰ ਮੁੜ ਮੋੜ ਲਿਆਂਦਾ ਜਾ ਸਕਦਾ ਹੈ।

**#ਸੰਪਰਕ : 98550-51099**

# ਦੋਸਤ ਬਣਾਓ ਨਹੀਂ ਤਾਂ ਇਕੱਲਤਾ ਤੁਹਾਡੀ ਰੂਹ ਨੂੰ ਘੁਣ ਵਾਂਗ ਖਾ ਲਵੇਗੀ



ਸੁਰਜੀਤ ਸਿੰਘ ਫਲੋਰਾ

ਮਨੁੱਖ ਸਮਾਜਿਕ ਜੀਵ ਹੈ। ਸਾਨੂੰ ਇਕੱਲੇਪਨ ਤੋਂ ਬਚਣ ਅਤੇ ਆਪਣੀ ਜ਼ਿੰਦਗੀ ਵਿਚ ਕੁਝ ਪਲ ਹੱਸਣ, ਖੇਡਣ, ਮਨੋਰੰਜਨ ਲਈ ਦੂਜੇ ਲੋਕਾਂ ਨਾਲ ਕੁਝ ਤਾਲਮੇਲ ਦੀ ਲੋੜ ਪੈਂਦੀ ਹੈ। ਜਦੋਂ ਸਮਾਜਿਕ ਰਿਸ਼ਤਿਆਂ ਦੀ ਸਾਡੀ ਲੋੜ ਪੂਰੀ ਨਹੀਂ ਹੁੰਦੀ, ਅਸੀਂ ਮਾਨਸਿਕ ਅਤੇ ਸਰੀਰਕ ਤੌਰ 'ਤੇ ਟੁੱਟ ਜਾਂਦੇ ਹਾਂ। ਆਪਸੀ ਤਾਲਮੇਲ ਦੀ ਘਾਟ ਅਤੇ ਸੰਪਰਕ ਦੀ ਘਾਟ ਭਾਵਨਾਤਮਿਕ ਬੇਅਰਾਮੀ ਲਿਆਉਂਦੀ ਹੈ, ਜਿਸ ਨੂੰ ਅਸੀਂ ਇਕੱਲਤਾ ਵਜੋਂ ਜਾਣਦੇ ਹਾਂ।

ਇਕੱਲਾਪਣ ਨਕਾਰਾਤਮਿਕ ਭਾਵਨਾਵਾਂ ਅਤੇ ਵਿਚਾਰਾਂ ਨੂੰ ਲਿਆਉਂਦਾ ਹੈ, ਜੋ ਸਾਡੇ ਦਿਮਾਗ ਵਿਚ ਇਕ ਸਾਊਂਡ ਟ੍ਰੈਕ ਵਾਂਗ ਖੇਡਦੇ ਹਨ। ਸਾਡੀ ਤੰਦਰੁਸਤੀ ਨੂੰ ਖ਼ਤਮ ਕਰਦੇ ਹਨ। ਇਸ ਸਭ ਦੇ ਬਾਵਜੂਦ ਇਕੱਲੇਪਣ ਨੂੰ ਅਸਧਾਰਨ ਨਹੀਂ ਮੰਨਿਆ ਜਾ ਸਕਦਾ। ਅਸੀਂ ਸਾਰਿਆਂ ਨੇ ਇਸ ਨੂੰ ਕਿਸੇ ਸਮੇਂ ਕਿਸੇ ਨਾ ਕਿਸੇ ਤਰ੍ਹਾਂ ਮਹਿਸੂਸ ਕੀਤਾ ਹੋਵੇਗਾ। ਸ਼ਿਕਾਗੋ ਯੂਨੀਵਰਸਿਟੀ ਦੇ ਖੋਜਕਰਤਾ ਡਾਕਟਰ ਜੌਹਨ ਕੈਸੀਓਪੋ ਅਨੁਸਾਰ ਇਕੱਲੇ ਬਾਲਗ ਜ਼ਿਆਦਾ ਸ਼ਰਾਬ ਪੀਂਦੇ ਹਨ ਅਤੇ ਇਕੱਲੇ ਨਾ ਰਹਿਣ ਵਾਲਿਆਂ ਨਾਲੋਂ ਘੱਟ ਕਸਰਤ ਕਰਦੇ ਹਨ। ਉਨ੍ਹਾਂ ਦੀ ਖ਼ੁਰਾਕ ਵਿਚ ਚਰਬੀ ਜ਼ਿਆਦਾ ਹੁੰਦੀ ਹੈ, ਉਨ੍ਹਾਂ ਦੀ ਨੀਂਦ ਘੱਟ ਹੁੰਦੀ ਹੈ।

ਇਸ ਤੋਂ ਇਲਾਵਾ ਇਸ ਦੇ ਪ੍ਰਭਾਵ ਹੁੰਦੇ ਹਨ, ਜਿਵੇਂ ਕਿ ਕਾਰਡੀਓਵੈਸਕੁਲਰ ਬਿਮਾਰੀਆਂ ਦਾ ਜੋਖ਼ਮ ਵਧਣਾ, ਤਣਾਅ ਦਾ ਪੱਧਰ ਵਧਣਾ, ਗਲਤ ਫ਼ੈਸਲੇ ਲੈਣ, ਯਾਦਦਾਸ਼ਤ ਅਤੇ ਸਿੱਖਣ ਵਿਚ ਕਮੀ ਅਤੇ ਦਿਮਾਗ ਦੀ ਕਾਰਜ ਪ੍ਰਣਾਲੀ ਵਿਚ ਤਬਦੀਲੀ।

ਇਕੱਲੇਪਣ ਤੋਂ ਬਚਣ ਲਈ ਉਹ ਕੰਮ ਕਰਨ ਦੀ ਕੋਸ਼ਿਸ਼ ਕਰੋ, ਜੋ ਤੁਹਾਨੂੰ ਸਭ ਤੋਂ ਵੱਧ ਪਸੰਦ ਹਨ, ਆਪਣੇ ਅਜ਼ੀਜ਼ਾਂ ਨਾਲ ਗੱਲ ਕਰੋ, ਜੇ ਲੋੜ ਹੋਵੇ ਤਾਂ ਉਨ੍ਹਾਂ ਨੂੰ ਕਾਲ ਕਰੋ। ਇਕੱਲਤਾ ਦਿਲ ਵਿਚ ਬੋਝ ਅਤੇ ਦਰਦ ਹੈ। ਸਮਾਜਿਕ ਤੌਰ 'ਤੇ ਅਲੱਗ-ਥਲੱਗ ਹੋਣ ਦਾ ਡਰ ਭਾਵੇਂ ਤੁਸੀਂ ਕਿਸੇ ਸਮਾਜਿਕ ਇਕੱਠ ਵਿਚ ਹੋਵੋ। ਇਕੱਲਾਪਣ ਤੁਹਾਡੇ ਜੀਵਨ ਦੇ ਸਭ ਤੋਂ ਵਧੀਆ ਹਿੱਸਿਆਂ ਨੂੰ ਪ੍ਰਭਾਵਿਤ ਕਰਦਾ ਹੈ ਅਤੇ ਤੁਹਾਨੂੰ ਉਨ੍ਹਾਂ ਦੀ ਡੂੰਘੀ ਗ਼ੈਰ-ਹਾਜ਼ਰੀ ਵੱਲ ਧਿਆਨ ਦੇਣ ਲਈ ਮਜਬੂਰ ਕਰਦਾ ਹੈ।

ਇਕੱਲੇ ਰਹਿਣਾ ਇਕ ਬਦਲ ਹੈ ਅਤੇ ਇਕੱਲਤਾ ਪੂਰੀ ਤਰ੍ਹਾਂ ਬੇਵੱਸੀ ਹੈ। ਇਸ ਲਈ ਇਕੱਲਤਾ ਯਾਦਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ, ਉਲਝਣ ਪੈਦਾ ਕਰ ਸਕਦੀ ਹੈ ਅਤੇ ਇਨਸੋਮਨੀਆ ਦਾ ਕਾਰਨ ਬਣ ਸਕਦੀ ਹੈ। ਹਰ ਚੀਜ਼ ਦਾ ਨਤੀਜਾ ਹੁੰਦਾ ਹੈ। ਚਾਹੇ ਚੰਗਾ ਹੋਵੇ ਜਾਂ ਮਾੜਾ। ਇਕੱਲਤਾ ਕਿਸੇ ਨੂੰ ਤੁਰੰਤ ਪ੍ਰਭਾਵਿਤ ਨਹੀਂ ਕਰਦੀ। ਪਰ ਲੰਬੇ ਸਮੇਂ ਵਿਚ ਇਹ ਤੁਹਾਨੂੰ ਉਦਾਸੀ ਵੱਲ ਲੈ ਜਾਂਦੀ ਹੈ, ਜੋ ਗੰਭੀਰ ਡਿਪਰੈਸ਼ਨ ਘੁਟਣ ਦਾ ਕਾਰਨ ਬਣਦੀ ਹੈ।

ਅਤੇ ਯਾਦ ਰੱਖੋ ਸ਼ੁਰੂ ਵਿਚ ਤੁਸੀਂ ਸ਼ਰਮੀਲੇ ਹੋ ਅਤੇ ਚਿੰਤਾ ਕਰਦੇ ਹੋ ਕਿ ਕੀ ਤੁਸੀਂ ਕੁਝ ਅਸਾਧਾਰਨ ਕਹੋਗੇ। ਹੌਲੀ-ਹੌਲੀ, ਤੁਸੀਂ ਇਹ ਸੋਚਦੇ ਹੋਏ ਆਪਣੇ-ਆਪ ਨੂੰ ਅਲੱਗ ਕਰ ਦਿੰਦੇ ਹੋ ਕਿ ਤੁਸੀਂ ਸਮਾਜਿਕ ਪਰਸਪਰ ਪ੍ਰਭਾਵ ਦੇ ਯੋਗ ਨਹੀਂ ਹੋ। ਭਾਵੇਂ ਤੁਸੀਂ ਲੋਕਾਂ ਨਾਲ ਗੱਲ ਕਰਨਾ ਚਾਹੁੰਦੇ ਹੋ, ਪਰ ਉਨ੍ਹਾਂ ਤੱਕ ਪਹੁੰਚਣ ਵਿਚ ਅਸਮਰੱਥ ਹੁੰਦੇ ਹੋ, ਕਿਉਂਕਿ ਹੁਣ ਤੁਸੀਂ ਆਪਣੇ ਅਤੇ ਸਮਾਜ ਦੇ ਵਿਚਕਾਰ ਇਕ ਕੰਧ ਬਣਾ ਚੁੱਕੇ ਹੋ। ਕੰਧ ਨੂੰ ਤੋੜਨਾ ਹੁਣ ਅਸੰਭਵ ਜਾਪਦਾ ਹੈ। ਤੁਸੀਂ ਹੁਣ ਚਾਹੁੰਦੇ ਹੋ ਕਿ ਕੋਈ ਤੁਹਾਡੇ ਤੱਕ ਪਹੁੰਚੇ, ਪਰ ਸਪੱਸ਼ਟ ਹੈ ਕਿ ਕੋਈ ਤੁਹਾਨੂੰ ਬਚਾਉਣ ਲਈ ਨਹੀਂ ਆਉਂਦਾ। ਹੁਣ ਤੁਸੀਂ ਇਕੱਲਤਾ ਨਾਲ ਬੇਚੈਨ ਹੋ ਜਾਂਦੇ ਹੋ। ਹੌਲੀ-ਹੌਲੀ ਜਦੋਂ ਇਹ ਨਿਰਾਸ਼ਾ ਤੁਹਾਡੀ ਮਾਨਸਿਕ ਰੁਕਾਵਟ ਵਿੱਚੋਂ ਲੰਘਦੀ ਨਹੀਂ ਹੈ, ਤਾਂ ਤੁਸੀਂ ਡੂੰਘੇ ਡਿਪਰੈਸ਼ਨ ਵਿਚ ਚਲੇ ਜਾਂਦੇ ਹੋ। ਸਮਾਜਿਕ ਚਿੰਤਾ, ਮੂਡ ਸਵਿੰਗ ਅਤੇ ਆਪਣੇ ਕਮਰੇ ਵਿਚ ਇਕੱਲੇ ਰਹਿਣ ਦੀ ਇੱਛਾ ਅਤੇ ਕਦੇ ਬਾਹਰ ਨਾ ਆਉਣਾ ਇਕੱਲੇਪਣ ਦੇ ਕੁਝ ਲੱਛਣ ਹਨ। ਇਕ ਬਿਹਤਰ ਜ਼ਿੰਦਗੀ ਜਿਊਣ ਲਈ ਆਪਣੀ ਮਾਨਸਿਕ ਰੁਕਾਵਟ ਨੂੰ ਤੋੜਨ ਦੀ ਲੋੜ ਹੈ। ਇਹ ਔਖਾ, ਪਰ ਅਸੰਭਵ ਨਹੀਂ ਹੈ। ਜੇ ਤੁਸੀਂ ਉੱਥੇ ਦੋਸਤ ਬਣਾਉਣ ਦੀ ਕੋਸ਼ਿਸ਼ ਨਹੀਂ ਕਰਦੇ ਤਾਂ ਇਕੱਲਤਾ ਤੁਹਾਡੀ ਰੂਹ ਨੂੰ ਘੁਣ ਵਾਂਗ ਖ਼ਾ ਲਵੇਗੀ। ਇਹ ਜੀਵਨ ਵਿਚ ਕੁਝ ਵੀ ਕਰਨ ਜਾਂ ਜਿਉਣ ਦੀ ਤੁਹਾਡੀ ਇੱਛਾ ਨੂੰ ਖ਼ਾ ਜਾਵੇਗੀ। ਜ਼ਿੰਦਗੀ ਵਿਚ ਹਰ ਤਰ੍ਹਾਂ ਦੇ ਰੰਗ ਭਰਨ ਲਈ ਇਸ ਨੂੰ ਪੂਰਾ ਮਨੋਰੰਜਨ ਭਰਪੂਰ ਬਣਾਉਣ ਲਈ ਕੋਸ਼ਿਸ਼ ਕਰੋ। ਹੱਸਣਾ-ਖੇਡਣਾ ਮਨ ਕਾ ਚਾਓ। ਇਸ ਨੂੰ ਗੰਭੀਰਤਾ ਨਾਲ ਲਓ ਤੇ ਆਪਣੀ ਜ਼ਿੰਦਗੀ ਦਾ ਪੂਰਾ ਲੁਤਫ਼ ਲਓ ਤੇ ਇਕ ਸਿਹਤਮੰਦ ਜ਼ਿੰਦਗੀ ਜੀਊ।

**# ਸੰਪਰਕ : 647-829-9397, ਕੈਨੇਡਾ**

# ਸਦਾ ਜਗਦੀ ਰਹੇਗੀ ਅਜੈਬ ਸਿੰਘ ਕਾਲਾਝਾੜ ਦੀ ਜਗਾਈ ਮਸ਼ਾਲ

ਰਮਨ ਸਿੰਘ ਕਾਲਾਝਾੜ

ਮੇਰਾ ਦਾਦਾ ਜੀ ਸ਼ਹੀਦ ਅਜੈਬ ਸਿੰਘ ਕਾਲਾਝਾੜ ਨੂੰ ਸਾਡੇ ਕੋਲੋਂ ਵਿੱਛੜਿਆਂ 26 ਸਾਲ ਹੋ ਗਏ ਹਨ। 1952 'ਚ ਪਿੰਡ ਕਾਲਾਝਾੜ (ਸੰਗਰੂਰ) 'ਚ ਬੇਜ਼ਮੀਨੇ ਮਜ਼ਦੂਰਾਂ ਦੇ ਘਰ ਜਨਮੇ, ਉਹਨਾਂ ਨੇ ਪਿੰਡ ਦੇ ਹੀ ਸਰਕਾਰੀ ਸਕੂਲ ਵਿੱਚ 2 ਜਮਾਤਾਂ ਪਾਸ ਕੀਤੀਆਂ। ਉਹ ਪੜ੍ਹਨ 'ਚ ਹੁਸ਼ਿਆਰ ਸਨ, ਪਰ ਘਰ ਦੀ ਆਰਥਿਕ ਮੰਦਹਾਲੀ ਕਾਰਨ ਪੜ੍ਹਾਈ ਛੱਡ ਕੇ ਬਚਪਨ ਵਿੱਚ ਪਿੰਡ ਹੀ ਸੀਰੀ ਰਲ ਗਏ। ਆਰਥਿਕ ਤੰਗੀਆਂ ਨੇ ਉਹਨਾਂ ਕੋਲੋਂ ਕਲਮ ਖੋਹ ਕੇ, ਉਹਨਾਂ ਹੱਥ ਦਾਤੀ, ਖੁਰਪਾ ਅਤੇ ਕਹੀ ਫੜਾ ਦਿੱਤੀ। ਕਈ ਸਾਲ ਹੱਡ-ਭੰਨਵੀਂ ਮਿਹਨਤ ਕਰਕੇ ਸੀਰ ਕੀਤਾ। ਫੇਰ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕੀਤੀ। ਖੇਤੀ ਵਿਚ ਘਾਟਾ ਪੈਣ ਕਰਕੇ ਭਵਾਨੀਗੜ੍ਹ ਐੱਫ.ਸੀ.ਆਈ ਡਿਪੂ ਵਿੱਚ ਪੱਲੇਦਾਰੀ ਕਰਨ ਲੱਗ ਪਏ। ਥੋੜ੍ਹਾ-ਬਹੁਤ ਅੱਖਰ ਗਿਆਨ ਹੋਣ ਕਾਰਨ ਅਖਬਾਰ ਅਤੇ ਰਸਾਲੇ ਪੜ੍ਹਦੇ ਰਹਿੰਦੇ।

ਐੱਫ.ਸੀ.ਆਈ. ਡਿਪੂਆਂ ਵਿੱਚ ਠੇਕੇਦਾਰਾਂ ਦੀ ਲੁੱਟ ਖਿਲਾਫ਼ ਪੱਲੇਦਾਰਾਂ ਦੀਆਂ ਜੱਥੇਬੰਦੀਆਂ ਬਣਨ ਲੱਗੀਆਂ। ਪੱਲੇਦਾਰਾਂ ਦੀਆਂ ਬਹੁਤ ਸਾਰੀਆਂ ਯੂਨੀਅਨਾਂ ਸਿਆਸੀ ਪਾਰਟੀਆਂ ਨਾਲ ਜੁੜ ਕੇ ਚੱਲਦੀਆਂ ਸਨ। ਠੇਕੇਦਾਰਾਂ ਅਤੇ ਸਰਕਾਰ ਨਾਲ ਘਿਓ-ਖਿਚੜੀ ਹੋ ਕੇ ਚੱਲਦੇ ਆਪੇ ਬਣੇ ਨੇਤਾਵਾਂ ਖਿਲਾਫ਼ ਤਿੱਖਾ ਗੁੱਸਾ ਪਨਪ ਰਿਹਾ ਸੀ। ਪੱਲੇਦਾਰਾਂ ਨੂੰ ਰੜਕ ਪੈਂਦੀ ਰਹਿੰਦੀ ਕਿ ਇਹ ਨੇਤਾ ਸਾਡੇ ਹੱਕਾਂ ਦੇ ਵਫਾਦਾਰ ਪਹਿਰੇਦਾਰ ਨਹੀਂ। ਉਹਨਾਂ ਨੇ ਪੱਲੇਦਾਰਾਂ ਦੀ ਆਜ਼ਾਦ ਜੱਥੇਬੰਦਕ ਤਾਕਤ ਉਪਰ ਭਰੋਸਾ ਰੱਖ ਕੇ ਅੱਗੇ ਵਧਣ ਵਾਲੀ ਐੱਫ.ਸੀ.ਆਈ. ਵਰਕਰਜ਼ ਪੱਲੇਦਾਰ ਯੂਨੀਅਨ (ਆਜ਼ਾਦ) 'ਚ ਸ਼ਾਮਲ ਹੋ ਗਏ। ਮੰਡੀ ਅਹਿਮਦਗੜ੍ਹ ਤੋਂ ਉੱਠੀ ਇਸ ਨਿਵੇਕਲੀ ਪੱਲੇਦਾਰਾਂ ਦੀ ਲਹਿਰ ਅਤੇ ਯੂਨੀਅਨ ਨਾਲ ਅਜੈਬ ਸਿੰਘ ਅਗਲੀ ਕਤਾਰ ਵਿੱਚ ਹੋ ਕੇ ਸਰਗਰਮੀਆਂ ਕਰਨ ਲੱਗੇ। ਇਸ ਨੇ ਪੱਲੇਦਾਰਾਂ ਦੀ ਨਿਵੇਕਲੀ ਤਾਕਤ ਜੋੜਨ ਦੇ ਕਾਰਜ ਨੂੰ ਜਰਬਾਂ ਦਿੱਤੀਆਂ।



ਇਨਕਲਾਬੀ ਸਾਹਿਤ, ਰਸਾਲਿਆਂ ਤੋਂ ਵਿਗਿਆਨਕ ਅਤੇ ਜਮਾਤੀ ਇਨਕਲਾਬੀ ਚੇਤਨਾ ਦੀ ਜਾਗ ਲੱਗੀ। ਆਪਣੀ ਹੋਣਹਾਰ ਲਿਆਕਤ ਸਦਕਾ ਪਹਿਲਾਂ ਪੱਲੇਦਾਰ ਯੂਨੀਅਨ ਦੀ ਡਿਪੂ ਕਮੇਟੀ ਦੇ ਮੈਂਬਰ ਬਣੇ, ਫੇਰ ਜ਼ਿਲ੍ਹਾ ਕਮੇਟੀ ਦੇ ਆਗੂ ਅਤੇ ਫਿਰ ਐੱਫ.ਸੀ.ਆਈ ਐਂਡ ਪੰਜਾਬ ਫੂਡ ਏਜੰਸੀਜ਼ ਪੱਲੇਦਾਰ ਯੂਨੀਅਨ (ਅਜ਼ਾਦ) ਦੇ ਸੂਬਾ ਪ੍ਰਧਾਨ ਦੇ ਅਹੁਦੇ ਤੱਕ ਪਹੁੰਚੇ ਅਤੇ ਆਪਣੀ ਸ਼ਹਾਦਤ ਤੱਕ ਸੂਬਾ ਪ੍ਰਧਾਨ ਦੇ ਅਹੁਦੇ 'ਤੇ ਰਹੇ। ਪੰਜਾਬ ਭਰ ਦੇ ਵੱਖ-ਵੱਖ ਡਿਪੂਆਂ ਅਤੇ ਹੋਰਨਾਂ ਸੂਬਿਆਂ ਵਿੱਚ ਜਾ ਕੇ ਪੱਲੇਦਾਰਾਂ ਨੂੰ ਐਫ.ਸੀ.ਆਈ 'ਚ ਠੇਕਾ ਪ੍ਰਣਾਲੀ ਖਿਲਾਫ ਅਤੇ ਪੱਕੇ ਰੁਜ਼ਗਾਰ ਦੀ ਮੰਗ ਲਈ ਜੱਥੇਬੰਦ ਕੀਤਾ। ਭਾਰਤ ਪੱਧਰ 'ਤੇ ਪੱਲੇਦਾਰਾਂ ਨੂੰ ਇੱਕਜੁੱਟ ਕਰਨ 'ਚ ਰੋਲ ਨਿਭਾਇਆ। ਸਰਕਾਰ ਅੱਗੇ ਪੱਲੇਦਾਰਾਂ ਦੀਆਂ ਧੜੱਲੇ ਨਾਲ ਮੰਗਾਂ ਰੱਖੀਆਂ। ਜੱਥੇਬੰਦੀ ਦੀਆਂ ਕਮੇਟੀਆਂ ਵਿਚ ਉੱਠਦੇ ਆਪਸੀ ਵਿਰੋਧਾਂ/ਮਸਲਿਆਂ ਦੌਰਾਨ ਪੱਲੇਦਾਰਾਂ ਦੇ ਹਿੱਤਾਂ ਦੀ ਸਹੀ ਤਰਜਮਾਨੀ ਕੀਤੀ। ਪੱਲੇਦਾਰ ਲਹਿਰ 'ਚ ਲੱਗਭੱਗ 10 ਸਾਲ ਅਹਿਮ ਭੂਮਿਕਾ ਨਿਭਾਈ। ਸਾਦੀ ਰਹਿਣੀ-ਬਹਿਣੀ ਦੇ ਮਾਲਕ ਅਜੈਬ ਸਿੰਘ ਨੇ ਕਦੇ ਆਪਣੇ ਅਹੁਦੇ ਦਾ ਹੰਕਾਰ ਨਹੀਂ ਕੀਤਾ, ਸਗੋਂ ਸਭ ਨਾਲ ਬਾ-ਦਲੀਲ ਸੰਵਾਦ ਰਚਾਉਂਦੇ। ਜੱਥੇਬੰਦੀ ਦੇ ਕਲਾਵੇ ਵਿੱਚ ਲੈਂਦੇ।

ਅਣਥੱਕ ਮਿਹਨਤੀ ਕਾਮੇ ਅਜੈਬ ਸਿੰਘ ਨੇ ਪਿੰਡ ਕਾਲਾਝਾੜ ਦੇ ਆਰਥਿਕ ਮੰਦਹਾਲੀ ਅਤੇ ਥੁੜਾਂ ਮਾਰੇ ਬੇਜ਼ਮੀਨੇ ਮਜ਼ਦੂਰਾਂ ਨੂੰ ਆਪਣੇ ਹੱਕਾਂ ਪ੍ਰਤੀ ਜੱਥੇਬੰਦ ਕੀਤਾ। ਪਿੰਡ ਵਿੱਚ ਮਜ਼ਦੂਰਾਂ ਦੀ ਜੱਥੇਬੰਦੀ ਬਣਾਈ। ਪਿੰਡ ਦੇ ਦਰਜਨਾਂ ਨੌਜਵਾਨਾਂ ਅਤੇ ਮਜ਼ਦੂਰਾਂ ਨੂੰ ਸੰਘਰਸ਼ਾਂ ਦੀ ਚੇਟਕ ਲਾਈ। ਪਿੰਡ ਦੇ ਮਜ਼ਦੂਰਾਂ ਨੂੰ ਪੰਚਾਇਤੀ ਜ਼ਮੀਨ ਵਿੱਚੋਂ ਰਿਹਾਇਸ਼ੀ ਪਲਾਟ ਦਿਵਾਉਣ ਲਈ ਪਿੰਡ ਦੀ ਪੰਚਾਇਤ ਅਤੇ ਸਰਕਾਰ ਨਾਲ ਕਈ ਸਾਲ ਲਗਾਤਾਰ ਲੜਾਈ ਲੜੀ। ਪਲਾਟਾਂ ਵਾਲੇ ਮਸਲੇ 'ਚ ਪਿੰਡ ਦੇ ਮਜ਼ਦੂਰਾਂ ਸਮੇਤ ਕਈ ਦਿਨ ਜੇਲ੍ਹ ਰਹੇ। ਅਖੀਰ ਉਹਨਾਂ ਦੀ ਯੋਗ ਅਗਵਾਈ ਹੇਠ ਮਜ਼ਦੂਰਾਂ ਦੇ ਏਕੇ ਦੀ ਜਿੱਤ ਹੋਈ। ਮਜ਼ਦੂਰਾਂ ਨੂੰ ਸ਼ਾਮਲਾਟ ਜ਼ਮੀਨ ਵਿੱਚੋਂ ਪਲਾਟ ਮਿਲੇ। ਬਹੁਤ ਖੁਸ਼ੀ ਦੀ ਗੱਲ ਹੈ ਕਿ ਪਿੰਡ ਦੇ ਮਜ਼ਦੂਰ ਜਿਹੜੇ ਇੱਕ-ਇੱਕ ਕਮਰਿਆਂ ਵਿੱਚ ਰਹਿਣ ਲਈ ਮਜਬੂਰ ਸਨ, ਉਹ ਹੁਣ ਬਹੁਤ ਖੁੱਲ੍ਹੀਆਂ ਥਾਵਾਂ 'ਚ ਘਰ ਬਣਾ ਕੇ ਰਹਿ ਰਹੇ ਹਨ। ਖੁੱਲ੍ਹੀਆਂ ਚਾਰਦੀਵਾਰੀਆਂ ਵਾਲੇ ਘਰਾਂ ਨੂੰ ਦੇਖ ਕੇ ਕਹਿਣਾ ਮੁਸ਼ਕਲ ਹੁੰਦਾ ਵੀ ਇਹ ਘਰ ਮਜ਼ਦੂਰਾਂ ਦੇ ਨੇ!

ਪੱਲੇਦਾਰ ਜੱਥੇਬੰਦੀ ਦੀਆਂ ਰੋਜ਼ਮਰ੍ਹਾ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਕਈ-ਕਈ ਦਿਨ ਘਰੇ ਨਾ ਆਉਣਾ। ਵੱਖ-ਵੱਖ ਡਿਪੂਆਂ ਖਨੌਰੀ ਦਿੜ੍ਹਬਾ ਮੰਡੀ, ਮੌੜ ਮੰਡੀ, ਤਲਵੰਡੀ ਸਾਬੋ, ਅਮਰਗੜ੍ਹ, ਅਹਿਮਦਗੜ੍ਹ ਆਦਿ ਐਫ ਸੀ ਆਈ ਦੇ ਡੀਪੂਆਂ ਵਿਚ ਪੱਲੇਦਾਰਾਂ ਦੀਆਂ ਮੀਟਿੰਗਾਂ ਕਰਵਾਉਣੀਆਂ, ਠੇਕੇਦਾਰਾਂ ਦੀਆਂ ਮਨਮਾਨੀਆਂ ਖਿਲਾਫ ਸੰਘਰਸ਼ 'ਚ ਪੱਲੇਦਾਰਾਂ ਲਈ ਦਿਨ-ਰਾਤ ਇੱਕ ਕਰਕੇ ਅਗਵਾਈ ਕਰਨੀ। ਹੋਰਨਾਂ ਸੂਬਿਆਂ ਵਿੱਚ ਜਾ ਕੇ ਪੱਲੇਦਾਰਾਂ ਦੇ ਪ੍ਰੋਗਰਾਮਾਂ ਵਿੱਚ ਸ਼ਾਮਲ ਹੁੰਦੇ ਰਹੇ। ਸੰਘਰਸ਼ਾਂ ਦੌਰਾਨ ਕਈ ਵਾਰ ਜੇਲ੍ਹ ਗਏ।

ਪੰਜਾਬ ਅਤੇ ਮੁਲਕ ਅੰਦਰ ਨਿੱਜੀਕਰਨ, ਉਦਾਰੀਕਰਨ ਅਤੇ ਵਿਸ਼ਵੀਕਰਨ ਦੇ ਨਾਂਅ 'ਤੇ ਹੱਲਾ ਬੋਲਣ ਦੀ ਕਿਸੇ ਹੱਦ ਤੱਕ ਜਿੰਨੀ ਵਿਆਪਕ ਮਾਰ ਪਈ, ਓਨਾ ਇਹ ਵੀ ਸੱਚ ਹੈ ਕਿ ਨਿੱਜੀਕਰਨ ਅਤੇ ਵਪਾਰੀਕਰਨ ਖਿਲਾਫ਼ ਰੋਸ, ਵਿਰੋਧ ਤੋਂ ਹੁੰਦੇ ਹੋਏ ਸਿੱਧੀਆਂ ਟੱਕਰਾਂ ਹੋਣਾ ਰੋਜ਼ਮਰ੍ਹਾ ਦਾ ਕੰਮ ਬਣ ਗਿਆ।

ਅਹਿਮਦਗੜ੍ਹ ਡੀਪੂ ਦੇ ਕੋਈ ਅੱਧੀ ਦਰਜਨ ਸਾਥੀਆਂ ਦੀਆਂ ਇੱਕੋ ਵੇਲੇ ਸ਼ਹਾਦਤਾਂ ਤੋਂ ਇਲਾਵਾ ਪੱਲੇਦਾਰਾਂ ਉਪਰ ਅੰਨ੍ਹੇਵਾਹ ਗੋਲੀਆਂ ਚਲਾਉਣੀਆਂ ਆਮ ਜਿਹੀ ਗੱਲ ਬਣ ਗਈ।

ਇਹਨਾਂ ਪੱਲੇਦਾਰਾਂ ਵਿੱਚ ਚੇਤਨ ਟੀਮਾਂ ਬਣੀਆਂ। ਉਹ ਪਿੰਡਾਂ ਦੇ ਲੋਕਾਂ ਨੂੰ ਆਪਣੀ ਮਦਦ ਲਈ ਅਤੇ ਉਹਨਾਂ ਨੂੰ ਆਪਣੇ ਹੱਕਾਂ ਲਈ ਜੂਝਣ ਦਾ ਪੈਗਾਮ ਦੇਣ ਲੱਗੇ।

ਪੰਜਾਬ ਨਾਟਕ ਕਲਾ ਕੇਂਦਰ ਅਤੇ ਪੰਜਾਬ ਲੋਕ ਸੱਭਿਆਚਾਰਕ ਮੰਚ ਦੀਆਂ ਸੱਭਿਆਚਾਰਕ ਸਰਗਰਮੀਆਂ ਲਈ ਭਵਾਨੀਗੜ੍ਹ, ਅਹਿਮਦਗੜ੍ਹ ਅਤੇ ਮਾਲੇਰਕੋਟਲਾ ਵਿਚ ਪੂਰੀ ਮਦਦ ਕਰਦੇ ਰਹੇ। ਨੌਰੰਗ ਭਵਾਨੀਗੜ੍ਹ ਵਰਗੇ ਸਾਥੀ ਸਾਰਾ ਦਿਨ ਕੁਇੰਟਲ ਦੀਆਂ ਬੋਰੀਆਂ ਗੁਦਾਮਾਂ ਵਿਚ ਚੁੱਕਦੇ ਰਾਤਾਂ ਨੂੰ ਨਾਟਕ ਟੀਮਾਂ ਨਾਲ ਜਾ ਕੇ ਗਾਇਕੀ ਦੇ ਰੰਗ ਵਿੱਚ ਰੰਗ ਕੇ ਸੁੱਤੇ ਲੋਕਾਂ ਨੂੰ ਜਗਾਉਣ ਦਾ ਕੰਮ ਕਰਦੇ।

ਭਵਾਨੀਗੜ੍ਹ ਇਲਾਕੇ ਵਿੱਚ ਇਨਕਲਾਬੀ ਮੈਗਜ਼ੀਨ 'ਸੁਰਖ ਰੇਖਾ' (ਹੁਣ ਸੁਰਖ ਲੀਹ) ਪਹੁੰਚਾਉਣ ਲਈ ਮੇਰੇ ਦਾਦਾ ਜੀ ਸਮੇਤ ਦਰਜਨਾਂ ਪੱਲੇਦਾਰ ਕਾਮੇ ਕੰਮ ਕਰਦੇ।

ਹੋਰਨਾਂ ਤਬਕਿਆਂ ਦੋਧੀਆਂ, ਟਰੱਕ ਡਰਾਈਵਰਾਂ, ਕਿਸਾਨਾਂ, ਮਜ਼ਦੂਰਾਂ ਦੇ ਸੰਘਰਸ਼ਾਂ ਦੀ ਹਮਾਇਤ ਵਿੱਚ ਪੱਲੇਦਾਰਾਂ ਵੱਲੋਂ ਸ਼ਮੂਲੀਅਤ ਕਰਦੇ ਰਹੇ। ਪੰਜਾਬ ਦੀ ਇਨਕਲਾਬੀ ਜਮਹੂਰੀ ਲਹਿਰ ਦੇ ਸ਼ਹੀਦਾਂ ਦੇ ਦਿਨਾਂ 'ਤੇ ਹੁੰਦੇ ਸਮਾਗਮਾਂ ਵਿੱਚ ਵੀ ਹਾਜ਼ਰੀ ਲਗਵਾਉਂਦੇ ਰਹੇ। ਪੰਜਾਬ ਦੇ ਕਾਲੇ ਦੌਰ ਵਿੱਚ ਹਕੂਮਤੀ ਅਤੇ ਖਾਲਿਸਤਾਨੀ ਦਹਿਸ਼ਤਗਰਦੀ ਖਿਲਾਫ ਲੋਕਾਂ ਨੂੰ ਭਾਈਚਾਰਕ ਸਾਂਝ ਬਰਕਰਾਰ ਰੱਖਦਿਆਂ ਜਨਤਕ ਟਾਕਰਾ ਕਰਨ ਦਾ ਸੱਦਾ ਦਿੱਤਾ।

ਘਰ ਵਿੱਚ ਪੰਜਾਬ ਦੀ ਇਨਕਲਾਬੀ ਲਹਿਰ ਦੀਆਂ ਉੱਘੀਆਂ ਸ਼ਖਸੀਅਤਾਂ ਅਮੋਲਕ ਸਿੰਘ, ਜੋਰਾ ਸਿੰਘ ਨਸਰਾਲੀ ਵਰਗੇ ਸਾਥੀ ਆਉਂਦੇ ਅਤੇ ਪੱਲੇਦਾਰ ਕਾਮਿਆਂ ਨੂੰ ਚੇਤਨ ਕਰਨ ਲਈ ਵਿਚਾਰ-ਵਟਾਂਦਰਾ ਕਰਨ ਦੇ ਨਾਲ-ਨਾਲ ਕਿਤਾਬਾਂ ਅਤੇ ਹੋਰ ਮੈਗਜ਼ੀਨਾਂ ਨਾਲ ਜੋੜਦੇ ਰਹੇ। ਘਰ ਇੱਕ ਤਰ੍ਹਾਂ ਦਫਤਰ ਹੀ ਬਣਿਆ ਰਹਿੰਦਾ। ਮੀਟਿੰਗਾਂ, ਵਿਚਾਰਾਂ ਚੱਲਦੀਆਂ ਰਹਿੰਦੀਆਂ, ਜਿਸ ਕਾਰਨ ਪਰਵਾਰ ਦਾ ਮਾਹੌਲ ਅਗਾਂਹ-ਵਧੂ ਬਣਿਆ। ਪਰਵਾਰ ਵੱਲੋਂ ਉਹਨਾਂ ਨਾਲ ਘਰ ਆਉਂਦੇ ਜੱਥੇਬੰਦੀ ਦੇ ਸਾਥੀਆਂ ਦਾ ਚਾਈਂ-ਚਾਈਂ ਸਵਾਗਤ ਕਰਦੇ ਹੋਏ ਬਹੁਤ ਆਦਰ-ਮਾਣ ਕੀਤਾ ਜਾਂਦਾ ਸੀ। ਮੇਰੀ ਦਾਦੀ ਜੀ ਮਹਿੰਦਰ ਕੌਰ ਨੇ ਘਰ ਆਏ ਸਾਥੀਆਂ ਵਾਸਤੇ ਰੋਟੀ ਸਬਜ਼ੀ ਬਣਾਉਣ ਵੇਲੇ ਕਦੇ ਮੱਥੇ ਵੱਟ ਨਹੀਂ ਸੀ ਪਾਇਆ, ਸਗੋਂ ਖੁਸ਼ੀ-ਖੁਸ਼ੀ ਸਾਰਾ ਪ੍ਰਬੰਧ ਕਰਿਆ ਕਰਦੇ।

ਪੱਲੇਦਾਰਾਂ ਦੇ ਮਸਲਿਆਂ ਸੰਬੰਧੀ ਹੋਈ ਦਿੱਲੀ ਮੀਟਿੰਗ ਤੋਂ 21 ਦਸੰਬਰ 1996 ਨੂੰ ਵਾਪਸ ਘਰ ਮੁੜਦਿਆਂ ਪਟਿਆਲੇ ਤੋਂ ਪਿੰਡ ਨੂੰ ਆਉਂਦੀ ਸੜਕ 'ਤੇ ਹਾਦਸੇ ਦੌਰਾਨ ਸਦੀਵੀ ਵਿਛੋੜਾ ਦੇ ਗਏ, ਪਰ ਇਹ ਗੱਲ ਹਾਲੇ ਵੀ ਇੱਕ ਰਹੱਸ ਹੀ ਹੈ ਕਿ ਉਹ ਸੜਕ ਹਾਦਸਾ ਸੀ ਜਾਂ ਕੁੱਝ ਹੋਰ। ਇਹ ਦਿਨ ਸਾਰੇ ਪਰਵਾਰ, ਪਿੰਡ ਦੇ ਲੋਕਾਂ ਅਤੇ ਪੱਲੇਦਾਰਾਂ ਲਈ ਦੁੱਖਾਂ ਦਾ ਪਹਾੜ ਲੈ ਕੇ ਆਇਆ। ਪਰਵਾਰ ਦਾ ਮੋਢੀ, ਪਿੰਡ ਦੇ ਮਜ਼ਦੂਰਾਂ ਦਾ ਪਿਆਰਿਆ-ਸਤਿਕਾਰਿਆ ਅਤੇ ਪੱਲੇਦਾਰਾਂ ਦਾ ਸਿਆਣਾ ਤੇ ਨਿਧੜਕ ਆਗੂ ਸਦਾ ਲਈ ਵਿੱਛੜ ਗਿਆ। ਕਾਲਜੇ ਰੁੱਗ ਭਰਵੀਂ ਇਹ ਖਬਰ ਸੁਣ ਕੇ ਹਰ ਅੱਖ ਨਮ ਹੋਈ ਅਤੇ ਪਿੰਡ ਵਿੱਚ ਮਾਤਮ ਛਾ ਗਿਆ। ਮੇਰੇ ਦਾਦਾ ਜੀ ਆਪਣੇ ਪਿੱਛੇ ਆਪਣੀ ਜਵਾਨ ਪਤਨੀ ਮਹਿੰਦਰ ਕੌਰ, ਦੋ ਪੁੱਤ ਜਗਤਾਰ ਸਿੰਘ ਤੇ ਅਵਤਾਰ ਸਿੰਘ (ਉਸ ਵੇਲੇ ਉਮਰ ਕ੍ਰਮਵਾਰ 17,12 ਸਾਲ), ਇੱਕ ਧੀ ਕਰਨਵੀਰ ਕੌਰ ਜੋ ਉਸ ਸਮੇਂ ਸਿਰਫ 9 ਸਾਲ ਦੀ ਹੀ ਸੀ, ਛੱਡ ਗਏ ਸਨ। ਉਹ ਆਪਣੇ ਅਖੀਰ ਦਮ ਤੱਕ ਪੱਲੇਦਾਰਾਂ ਅਤੇ ਬੇਜ਼ਮੀਨੇ ਮਜ਼ਦੂਰਾਂ ਦੇ ਹੱਕਾਂ ਲਈ ਲੜਦੇ ਰਹੇ। ਉਹਨਾਂ ਦੀ ਸੁਚੱਜੀ ਅਗਵਾਈ ਦੀ ਨਾ ਪੂਰੀ ਹੋਣ ਵਾਲੀ ਘਾਟ ਹਮੇਸ਼ਾ ਰੜਕਦੀ ਰਹੇਗੀ।

ਮੌਤ ਤੋਂ ਬਾਅਦ ਪੱਲੇਦਾਰ ਯੂਨੀਅਨ ਅਤੇ ਪਰਵਾਰ ਨੇ ਉਹਨਾਂ ਦੁਆਰਾ ਉਮਰ ਭਰ ਘਾਲੀ ਘਾਲਣਾ ਨੂੰ ਸਦਾ ਚੇਤਿਆਂ 'ਚ ਵਸਾਈ ਰੱਖਣ ਦੇ ਪ੍ਰਤੀਕ ਵਜੋਂ ਘਰ ਵਿੱਚ ਉਹਨਾਂ ਦੀ ਯਾਦਗਾਰ ਬਣਾਈ। ਉਹਨਾਂ ਦੀ ਲਹਿਰ ਨੂੰ ਦਿੱਤੀ ਕੀਮਤੀ ਦੇਣ ਨੂੰ ਸਲਾਮ ਕਰਦਿਆਂ ਸ਼ਹੀਦ ਦਾ ਰੁਤਬਾ ਦਿੱਤਾ ਗਿਆ। ਜਿੱਥੇ ਹਰ ਸਾਲ 30 ਦਸੰਬਰ ਨੂੰ ਬਰਸੀ ਮੌਕੇ ਸ਼ਰਧਾਂਜਲੀਆਂ ਭੇਟ ਕੀਤੀਆਂ ਜਾਂਦੀਆਂ ਹਨ।

ਉਹਨਾਂ ਦੁਆਰਾ ਭਰ ਜਵਾਨੀ ਤੋਂ 44 ਸਾਲ ਦੀ ਉਮਰ ਤੱਕ ਘਾਲੀ ਘਾਲਣਾ ਤੋਂ ਸੇਧ ਲੈ ਕੇ ਅੱਜ ਮੇਰੇ ਡੈਡੀ ਜੀ ਜਗਤਾਰ ਸਿੰਘ ਕਾਲਾਝਾੜ, ਭਾਰਤੀ ਕਿਸਾਨ ਯੂਨੀਅਨ (ਏਕਤਾ ਉਗਰਾਹਾਂ) ਦੀ ਸੂਬਾਈ ਕਮੇਟੀ ਵਿੱਚ ਆਗੂ ਭੂਮਿਕਾ ਨਿਭਾਅ ਰਹੇ ਹਨ। ਕਾਫੀ ਸਮੇਂ ਤੱਕ ਮੇਰੇ ਭੂਆ ਜੀ ਕਰਨਵੀਰ ਕੌਰ ਵੱਖ-ਵੱਖ ਸਟੇਜਾਂ 'ਤੇ ਕਵਿਤਾਵਾਂ ਪੇਸ਼ ਕਰਦੇ ਰਹੇ ਅਤੇ ਚਾਚਾ ਜੀ ਅਵਤਾਰ ਸਿੰਘ ਨੇ ਨਾਟਕਾਂ ਵਿੱਚ ਰੋਲ ਨਿਭਾਇਆ। ਪਿੰਡ ਵਿੱਚ ਇਨਕਲਾਬੀ ਸਿਆਸਤ ਦਾ ਬੂਟਾ ਲਾਉਣ ਵਾਲੇ ਉਸ ਘੁਲਾਟੀਏ ਤੋਂ ਹੀ ਪ੍ਰੇਰਨਾ ਲੈ ਕੇ ਉਹਨਾਂ ਦਾ ਭਤੀਜਾ ਭਾਵ ਮੇਰੇ ਚਾਚਾ ਜੀ ਪ੍ਰਗਟ ਸਿੰਘ ਕਾਲਾਝਾੜ ਕ੍ਰਾਂਤੀਕਾਰੀ ਪੇਂਡੂ ਮਜ਼ਦੂਰ ਯੂਨੀਅਨ (ਪੰਜਾਬ) ਦੇ ਸੂਬਾਈ ਆਗੂ ਵਜੋਂ ਜ਼ਮੀਨ ਦੀ ਕਾਣੀ ਵੰਡ ਖਤਮ ਕਰਕੇ ਬੇਜ਼ਮੀਨਿਆਂ ਅਤੇ ਥੁੜ ਜ਼ਮੀਨਿਆ ਵਿੱਚ ਵੰਡਣ ਲਈ ਲਹਿਰ ਦੀ ਉਸਾਰੀ ਵਿੱਚ ਕਈ ਸਾਲਾਂ ਤੋਂ ਡਟੇ ਹੋਏ ਹਨ। ਮੈਂ ਵਿਦਿਆਰਥੀ ਹੱਕਾਂ ਲਈ ਵਿਦਿਆਰਥੀਆਂ ਨੂੰ ਜੱਥੇਬੰਦ ਕਰਨ ਲਈ ਪੰਜਾਬ ਸਟੂਡੈਂਟਸ ਯੂਨੀਅਨ (ਸ਼ਹੀਦ ਰੰਧਾਵਾ) ਦੇ ਸੰਗਰੂਰ ਦੇ ਜ਼ਿਲ੍ਹਾ ਪ੍ਰਧਾਨ ਦੀ ਜ਼ਿੰਮੇਵਾਰੀ ਅਦਾ ਕਰ ਰਿਹਾ ਹਾਂ। ਮੇਰਾ ਛੋਟਾ ਭਰਾ ਅਰਸ਼ਦੀਪ ਸਿੰਘ ਕਾਲਾਝਾੜ ਸਿੰਘ ਰੰਗ-ਕਰਮੀ ਬਣ ਕੇ ਲੋਕਾਂ 'ਚ ਇਨਕਲਾਬੀ ਸੱਭਿਆਚਾਰਕ ਕਦਰਾਂ-ਕੀਮਤਾਂ ਦਾ ਸੰਚਾਰ ਕਰ ਰਿਹਾ ਹੈ। ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਹਰ ਸਾਲ ਪਹਿਲੀ ਨਵੰਬਰ ਨੂੰ ਲੱਗਦੇ ਗਦਰੀ ਬਾਬਿਆਂ ਦੇ ਮੇਲੇ ਮੌਕੇ ਪੇਸ਼ ਕੀਤੇ ਜਾਂਦੇ ਝੰਡੇ ਦੇ ਗੀਤ ਵਿੱਚ ਕਈ ਸਾਲਾਂ ਤੋਂ ਕੰਮ ਕਰਦਾ ਹੈ। ਬਾਕੀ ਸਾਰਾ ਪਰਿਵਾਰ ਵੀ ਉਹਨਾਂ ਦੇ ਦਿਖਾਏ ਰਾਹ 'ਤੇ ਚੱਲ ਰਿਹਾ ਹੈ। ਦੱਬੇ-ਕੁਚਲੇ ਲੋਕਾਂ ਦੀ ਲਹਿਰ ਵਿੱਚ ਹਿੱਸਾ ਪਾ ਰਿਹਾ ਹੈ। ਬੇਜ਼ਮੀਨੇ ਮਜ਼ਦੂਰ ਪਰਵਾਰ ਦਾ ਇਸ ਤਰ੍ਹਾਂ ਲੰਮੇ ਸਮੇਂ ਤੋਂ ਲੋਕ ਲਹਿਰ ਨਾਲ ਨਿਭਣਾ ਅਤੇ ਸਰੋਕਾਰ ਜੋੜ ਕੇ ਚੱਲਣਾ ਪ੍ਰੇਰਨਾਦਾਇਕ ਹੈ।

ਅਸੀਂ ਮਾਣ ਨਾਲ ਕਹਿ ਸਕਦੇ ਹਾਂ ਕਿ ਸਾਡੇ ਪਰਵਾਰ ਅਤੇ ਮਿਹਨਤਕਸ਼ ਲੋਕਾਂ ਨੇ ਉਹਨਾਂ ਵੱਲੋਂ ਜਗਾਈ ਚੇਤਨਾ, ਸੰਗਰਾਮ ਅਤੇ ਲੋਕ ਮੁਕਤੀ ਦੀ ਮਸ਼ਾਲ ਨੂੰ ਜਗਦਾ ਰੱਖਿਆ ਹੈ।

3-JAN-PAGE-5.qxd 1/2/2023 10:41 PM Page 1



# ਮਹਿੰਗਾਈ ਭੱਤੇ ਦੇ ਬਕਾਏ ਦੀ ਅਦਾਇਗੀ ਨਾ ਕਰਨ ’ਤੇ ਪੈਨਸ਼ਨਰਾਂ ’ਚ ਭਾਰੀ ਰੋਸ

## ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਮੋਗਾ ਦੀ ਮੀਟਿੰਗ


ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਪ੍ਰਧਾਨ ਭਜਨ ਸਿੰਘ ਗਿੱਲ।

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸੀਏਸ਼ਨ ਜ਼ਿਲ੍ਹਾ ਇਕਾਈ ਮੋਗਾ ਦੀ ਮੀਟਿੰਗ ਭਜਨ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਚਾਰਾਂ ਸਬ ਡਵੀਜ਼ਨਾਂ ਦੇ ਪ੍ਰਧਾਨ ਸੁਖਮੰਦਰ ਸਿੰਘ, ਬਿੱਕਰ ਸਿੰਘ, ਪ੍ਰੇਮ ਕੁਮਾਰ ਤੇ ਟਹਿਲ ਸਿੰਘ ਕਿਸ਼ਨਪੁਰਾ ਸਮੇਤ ਹੈਲਥ ਵਿਭਾਗ ਦੇ ਪੈਨਸ਼ਨਰ ਆਗੂ ਚਮਕੌਰ ਸਿੰਘ, ਨਾਇਬ ਸਿੰਘ ਤੇ ਮਨਜੀਤ ਸਿੰਘ, ਬਲਵਿੰਦਰ ਸਿੰਘ, ਸੁਖਮੰਦਰ ਸਿੰਘ ਗੱਜਣਵਾਲਾ ਸ਼ਾਮਲ ਹੋਏ। ਮੀਟਿੰਗ ਦੇ ਸ਼ੁਰੂ ਵਿੱਚ ਪ੍ਰਧਾਨ ਵੱਲੋਂ ਪੈਨਸ਼ਨਰਾਂ ਨੂੰ ਨਵੇਂ ਸਾਲ ਦੀ ਸੰਗਰਾਮੀ ਵਧਾਈ ਦਿੰਦੇ ਹੋਏ ਸਾਲ 2023 ਨੂੰ ਸੰਘਰਸ਼ਮਈ ਸਾਲ ਦਸਦਿਆਂ ਪੈਨਸ਼ਨਰਾਂ ਨੂੰ ਆਪਣੀਆਂ ਲਟਕਦੀਆਂ ਮੰਗਾਂ ਦੀ ਪ੍ਰਾਪਤੀ ਲਈ ਸੰਘਰਸ਼ ’ਚ ਕੁੱਦਣ ਲਈ ਤਿਆਰ ਰਹਿਣ ਦਾ ਸੱਦਾ ਦਿੱਤਾ ਗਿਆ। ਉਨ੍ਹਾ ਦੱਸਿਆ ਕਿ ਪੰਜਾਬ ਸਰਕਾਰ ਨੇ ਛੇਵਾਂ ਪੇ ਕਮਿਸ਼ਨ ਅਧੂਰਾ ਲਾਗੂ ਕੀਤਾ ਹੈ ਤੇ ਜੁਲਾਈ 2015 ਤੋਂ ਅਕਾਲੀ ਸਰਕਾਰ, ਬਾਅਦ ਵਿੱਚ ਕਾਂਗਰਸ ਦੀ ਕੈਪਟਨ, ਚੰਨੀ ਸਰਕਾਰਾਂ ਨੇ ਅਤੇ ਹੁਣ ਤੱਕ ਭਗਵੰਤ ਮਾਨ ਸਰਕਾਰ ਨੇ ਵੀ ਮਹਿੰਗਾਈ ਭੱਤੇ ਦਾ ਬਣਦਾ ਬਕਾਇਆ ਖੂਹ ਖਾਤੇ ਪਾ ਛੱਡਿਆ ਹੈ, ਜਿਸ ਕਰਕੇ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਖਿਲਾਫ ਗੁੱਸੇ ਤੇ ਰੋਸ ਦੀ ਲਹਿਰ ਹੈ। ਜਨਰਲ ਸਕੱਤਰ ਸੁਰਿੰਦਰ ਕੁੱਸਾ ਨੇ ਦੱਸਿਆ ਕਿ ਡੀ ਏ ਦੀਆਂ ਰਹਿੰਦੀਆਂ ਕਿਸ਼ਤਾਂ ਤੇ ਮਹਿੰਗਾਈ ਭੱਤੇ ਦੇ ਸਾਢੇ ਸੱਤ ਸਾਲ ਦੇ ਬਕਾਏ ਲਈ ਸਰਕਾਰ ਨੂੰ ਨੋਟਿਸ ਦੇਣ ਤੇ ਲੋੜ ਪੈਣ ’ਤੇ ਪੰਜਾਬ ਐਂਡ ਹਰਿਆਣਾ ਹਾਈ ਕੋਰਟ ਦਾ ਦਰਵਾਜ਼ਾ ਖਟਕਾਉਣ ਲਈ, ਪੈਨਸ਼ਨਰਾਂ ਤੋਂ ਸਾਰੇ ਪੰਜਾਬ ਵਿੱਚ ਵੇਰਵੇ ਇਕੱਤਰ ਕਰਨ ਲਈ ਫਾਰਮ ਭਰਨ ਤੇ ਦਸਤਖਤੀ ਮੁਹਿੰਮ ਚੱਲ ਰਹੀ ਹੈ, ਜਿਸ ਨੂੰ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਆਗੂ ਟੀਮਾਂ ਪੈਨਸ਼ਨਰਾਂ ਨਾਲ ਸੰਪਰਕ ਕਰਕੇ ਜੋਸ਼ੋ ਖਰੋਸ਼ ਨਾਲ ਇਸ ਕਾਰਜ ਨੂੰ ਨੇਪਰੇ ਚਾੜ੍ਹ ਰਹੀਆਂ ਹਨ। ਪੰਜਾਬ ਸਰਕਾਰ ਦੁਆਰਾ ਛੇਵੇਂ ਪੇ ਕਮਿਸ਼ਨ ਦੀ ਸਿਫਾਰਸ਼ ਨੂੰ ਅਣਗੌਲਿਆ ਕਰਕੇ 2.59 ਦੇ ਗੁਣਾਂਕ ਨਾਲ ਪੈਨਸ਼ਨਾਂ ਸੋਧਣ ਤੇ ਨੋਸ਼ਨਲ ਆਧਾਰ ’ਤੇ ਪੈਨਸ਼ਨਾਂ ਸੋਧਣ ਦੇ ਵਿਧਾਨਿਕ ਹੱਕ ਨੂੰ ਅੱਖੋਂ ਪਰੋਖੇ ਕਰਕੇ ਘਾਟੇ ਵਾਲੀ ਪੈਨਸ਼ਨ ਸੋਧ ਵਿਧੀ ਲਾਗੂ ਕਰਕੇ ਪ੍ਰੀ 2016 ਦੇ ਪੈਨਸ਼ਨਰਾਂ ਨਾਲ ਧਰੋਹ ਕਮਾਇਆ ਹੈ।

ਮੀਟਿੰਗ ਵਿੱਚ ਦੱਸਿਆ ਕਿ 10 ਜਨਵਰੀ ਨੂੰ ਪੰਜਾਬ ਯੂ ਟੀ ਮੁਲਾਜ਼ਮ ਤੇ ਪੈਨਸ਼ਨਰਜ਼ ਸਾਂਝਾ ਫਰੰਟ ਦੀ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਦੀ ਪ੍ਰਾਪਤੀ ਲਈ ਅਗਲਾ ਸੰਘਰਸ਼ ਉਲੀਕਣ ਲਈ ਮੀਟਿੰਗ ਸੱਦੀ ਗਈ ਹੈ ਅਤੇ ਜ਼ਿਲ੍ਹਾ ਮੋਗਾ ਦੀ ਮਹੀਨਾਵਾਰ ਮੀਟਿੰਗ 12 ਜਨਵਰੀ ਨੂੰ ਹੋਵੇਗੀ, ਜਿਸ ਵਿੱਚ ਦਸਤਖਤੀ ਮੁਹਿੰਮ ਵਿੱਚ ਭਰੇ ਫਾਰਮਾਂ ਦੀ ਸਮੀਖਿਆ ਕਰਕੇ ਸਰਕਾਰ ਨੂੰ ਨੋਟਿਸ ਭੇਜਿਆ ਜਾਵੇਗਾ ਤੇ ਸਰਕਾਰ ਖਿਲਾਫ ਸੰਘਰਸ਼ ਦੇ ਦਿੱਤੇ ਸਾਂਝੇ ਸੱਦੇ ਨੂੰ ਲਾਗੂ ਕਰਨ ਲਈ ਪ੍ਰੋਗਰਾਮ ਉਲੀਕਿਆ ਜਾਵੇਗਾ।

## 2 ਕਿੱਲੋ ਅਫ਼ੀਮ ਸਣੇ ਕਾਬੂ



**ਸ੍ਰੀ ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਥਾਣਾ ਸਰਹਿੰਦ ਦੀ ਪੁਲਸ ਵੱਲੋਂ ਇੱਕ ਵਿਅਕਤੀ ਦੇ ਕਬਜ਼ੇ ’ਚੋਂ 2 ਕਿੱਲੋ ਅਫ਼ੀਮ ਬਰਾਮਦ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ। ਡੀ.ਐੱਸ.ਪੀ. ਸਬ ਡਵੀਜ਼ਨ ਫ਼ਤਹਿਗੜ੍ਹ ਸਾਹਿਬ ਸੁਖਬੀਰ ਸਿੰਘ ਵਾਹਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਥਾਣਾ ਸਰਹਿੰਦ ਦੇ ਐੱਸ.ਐੱਚ.ਓ. ਸਬ-ਇੰਸਪੈਕਟਰ ਨਰਪਿੰਦਰ ਸਿੰਘ ਦੀ ਅਗਵਾਈ ਹੇਠ ਥਾਣਾ ਸਰਹਿੰਦ ਦੀ ਇੱਕ ਪੁਲਸ ਪਾਰਟੀ ਵੱਲੋਂ ਤਰਖਾਣਮਾਜਰਾ ਟੀ-ਪੁਆਇੰਟ ਨਜ਼ਦੀਕ ਸ਼ੱਕੀ ਵਿਅਕਤੀਆਂ ਦੀ ਕੀਤੀ ਜਾ ਰਹੀ ਚੈਕਿੰਗ ਦੌਰਾਨ ਕਥਿਤ ਵਿਅਕਤੀ ਕੁਲਜੀਤ ਸਿੰਘ ਵਾਸੀ ਮੰਡੀ ਅਹਿਮਦਗੜ੍ਹ (ਸੰਗਰੂਰ) ਨੂੰ ਨਸ਼ੀਲੇ ਪਦਾਰਥਾਂ ਦੇ ਸ਼ੱਕ ’ਚ ਰੋਕਿਆ ਗਿਆ, ਜਿਸ ਦੀ ਸਹਾਇਕ ਥਾਣੇਦਾਰ ਜਸਵਿੰਦਰ ਸਿੰਘ ਵੱਲੋਂ ਲਈ ਗਈ ਤਲਾਸ਼ੀ ਦੌਰਾਨ ਕੁਲਜੀਤ ਸਿੰਘ ਦੇ ਕਬਜ਼ੇ ’ਚੋਂ 2 ਕਿੱਲੋ ਅਫ਼ੀਮ ਬਰਾਮਦ ਹੋਣ ’ਤੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ।

## ਕ੍ਰਿਸ਼ਨਾ ਮੰਦਰ ’ਚ ਹਵਨ ਯੱਗ ਕਰਾਇਆ

**ਜਲਾਲਾਬਾਦ (ਦਹੂਜਾ)**-ਸਨਾਤਮ ਧਰਮ ਸ਼੍ਰੀ ਕ੍ਰਿਸ਼ਨਾ ਮੰਦਰ ’ਚ ਹਰ ਸੋਮਵਾਰ ਕਿਸੇ ਨਾ ਕਿਸੇ ਸ਼ਰਧਾਲੂ ਵੱਲੋਂ ਸਰਬਤ ਦੇ ਭਲੇ ਲਈ ਹਵਨ ਯੱਗ ਕਰਵਾਇਆ ਜਾਂਦਾ ਹੈ, ਉਸੇ ਤਹਿਤ ਅੱਜ ਨਵੇਂ ਸਾਲ ਦੇ ਸ਼ੁੱਭ-ਆਰੰਭ ’ਤੇ ਮੰਦਰ ਦੇ ਪੰਡਿਤ ਸ਼੍ਰੀ ਪਵਨ ਸ਼ੁਕਲਾ ਵੱਲੋਂ ਪੂਰੇ ਪਰਿਵਾਰ ਸਣੇ ਪੂਜਾ ਹਵਨ ਯੱਗ ਕਰਵਾਇਆ ਗਿਆ। ਇਸ ਮੌਕੇ ਸ਼੍ਰੀ ਗੁਗਲਾਨੀ ਨੇ ਦੱਸਿਆ ਕਿ ਹਰ ਸੋਮਵਾਰ ਕੋਈ ਨਾ ਕੋਈ ਪਰਿਵਾਰ ਪੂਜਾ ਹਵਨ ਯੱਗ ਕਰਵਾਉਂਦਾ ਹੈ ਤੇ ਉਸੇ ਲੜੀ ਤਹਿਤ ਪੰਡਤ ਸ਼੍ਰੀ ਪਵਨ ਸ਼ੁਕਲਾ ਵੱਲੋਂ ਪੂਜਾ ਤੇ ਹਵਨ ਯੱਗ ਕਰਵਾਇਆ ਗਿਆ ਤੇ ਉਨ੍ਹਾਂ ਨੇ ਹੋਰ ਸ਼ਰਧਾਲੂਆਂ ਨੂੰ ਵੀ ਅਪੀਲ ਕੀਤੀ ਕਿ ਜੋ ਵੀ ਹਵਨ ਯੱਗ ਪੂਜਾ ਕਰਵਾਉਣਾ ਚਾਹੁੰਦੇ ਹਨ, ਉਹ ਉਨ੍ਹਾਂ ਦੀ ਸੰਸਥਾ ਨਾਲ ਸੰਪਰਕ ਕਰ ਸਕਦੇ ਹਨ।

# ਡੀ ਸੀ ਦਫਤਰ ਕਾਮਿਆਂ ਵੱਲੋਂ ਮੰਗਾਂ ਨੂੰ ਲੈ ਕੇ ਰੋਸ ਪ੍ਰਦਰਸ਼ਨ


ਡੀ ਸੀ ਦਫਤਰ ਕਾਮੇ ਆਪਣੀਆਂ ਮੰਗਾਂ ਪ੍ਰਤੀ ਰੋਸ ਪ੍ਰਦਰਸ਼ਨ ਕਰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਡੀ ਸੀ ਦਫਤਰ ਕਰਮਚਾਰੀ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ ਡੀ ਸੀ ਦਫਤਰ ਦੇ ਕਰਮਚਾਰੀਆਂ ਦੀਆਂ ਹੱਕੀ ਮੰਗਾਂ ਲਈ 2 ਜਨਵਰੀ 2023 ਨੂੰ ਡੀ ਸੀ ਦਫਤਰ ਫਿਰੋਜ਼ਪੁਰ ਦੇ ਅੰਦਰ ਦੁਪਹਿਰ 12 ਵਜੇ ਰੋਸ ਧਰਨਾ ਦਿੱਤਾ ਗਿਆ ਹੈ।ਦੱਸਣਯੋਗ ਹੈ ਕਿ ਕਰੀਬ 4 ਮਹੀਨੇ ਪਹਿਲਾਂ ਜ਼ਿਲ੍ਹਾ ਫਿਰੋਜ਼ਪੁਰ ਦੀ ਐਸੋਸੀਏਸ਼ਨ ਵੱਲੋਂ ਡਿਪਟੀ ਕਮਿਸ਼ਨਰ ਫਿਰੋਜ਼ਪੁਰ ਨੂੰ ਇਕ ਮੰਗ ਪੱਤਰ ਸੌਂਪਿਆ ਸੀ, ਜਿਸ ਵਿੱਚੋਂ ਬਹੁਤੀਆਂ ਮੰਗਾਂ ਡਿਪਟੀ ਕਮਿਸ਼ਨਰ ਦੇ ਪੱਧਰ ’ਤੇ ਨਿਪਟਾਉਣ ਯੋਗ ਸੀ, ਪਰ 4 ਮਹੀਨੇ ਦਾ ਸਮਾਂ ਲੰਘ ਜਾਣ ਦੇ ਬਾਵਜੂਦ ਇਨ੍ਹਾਂ ਦਾ ਨਿਪਟਾਰਾ ਨਾ ਹੋ ਸਕਿਆ, ਜਿਸ ਤੋਂ ਬਾਅਦ ਐਸੋਸੀਏਸ਼ਨ ਵੱਲੋਂ ਇੱਕ ਨੋਟਿਸ ਡਿਪਟੀ ਕਮਿਸ਼ਨਰ ਨੂੰ ਦਿੰਦੇ ਹੋਏ ਆਪਣੀਆਂ ਮੰਗਾਂ ਮਨਵਾਉਣ ਲਈ ਸੰਘਰਸ਼ ਦਾ ਐਲਾਨ ਕੀਤਾ, ਜਿਸ ਅਨੁਸਾਰ ਉਨ੍ਹਾਂ ਵੱਲੋਂ 26 ਦਸੰਬਰ 2022 ਤੋਂ 30 ਦਸੰਬਰ 2022 ਤੱਕ ਕਾਲੇ ਬਿੱਲੇ ਲਗਾ ਕੇ ਆਪਣਾ ਰੋਸ ਪ੍ਰਗਟ ਕੀਤਾ ਗਿਆ, ਪਰ ਇਸ ਦੇ ਬਾਜਵੂਦ ਮੰਗਾਂ ਵੱਲ ਕੋਈ ਵਿਸ਼ੇਸ਼ ਧਿਆਨ ਨਾ ਦਿੱਤਾ ਗਿਆ, ਜਿਸ ਉਪਰੰਤ ਅੱਜ 2 ਤੋਂ 6 ਜਨਵਰੀ ਤੱਕ ਦੁਪਿਹਰ 1 ਵਜੇ ਰੋਸ ਧਰਨੇ ਲਗਾਉਣ ਦਾ ਫੈਸਲਾ ਕੀਤਾ ਗਿਆ, ਜਿਸ ਅਨੁਸਾਰ ਅੱਜ ਡੀ ਸੀ ਦਫਤਰ ਦੇ ਕਰਮਚਾਰੀਆਂ ਵੱਲੋਂ ਸਾਲ 2023 ਦਾ ਪਹਿਲਾ ਦਫਤਰੀ ਕੰਮ ਦਾ ਦਿਨ ਹੋਣ ਦੇ ਬਾਵਜੂਦ ਆਪਣਾ ਰੋਸ ਜ਼ਾਹਰ ਕਰਨ ਲਈ ਰੋਸ ਧਰਨਾ ਲਗਾਇਆ ਗਿਆ। ਧਰਨੇ ਵਿੱਚ ਸ਼ਾਮਲ ਓਮ ਪ੍ਰਕਾਸ਼ ਰਾਣਾ, ਮੁੱਖ ਸਲਾਹਕਾਰ ਵੱਲੋਂ ਧਰਨੇ ਨੂੰ ਸੰਬੋਧਤ ਕਰਦੇ ਹੋਏ ਜ਼ਿਲ੍ਹਾ ਫਿਰੋਜ਼ਪੁਰ ਦੇ ਡੀ ਸੀ ਦਫਤਰ ਦੇ ਕਰਮਚਾਰੀਆਂ ਦੀਆਂ ਕੁਝ ਸਾਂਝੀਆਂ ਮੰਗਾਂ ਬਾਰੇ ਦੱਸਦੇ ਹੋਏ ਮਾਨਯੋਗ ਡੀ ਸੀ ਸਾਹਿਬ ਨੂੰ ਇਨ੍ਹਾਂ ਮੰਗਾਂ ਦਾ ਜਲਦ ਫੈਸਲਾ ਲੈਣ ਦੀ ਅਪੀਲ ਕੀਤੀ ਗਈ।

ਸ੍ਰੀ ਸੋਨੂੰ ਕਸ਼ਯਪ ਜ਼ਿਲ੍ਹਾ ਪ੍ਰਧਾਨ, ਦੀ ਪੰਜਾਬ ਰਾਜ ਜ਼ਿਲ੍ਹਾ ਡੀ. ਸੀ. ਦਫਤਰ ਕਰਮਚਾਰੀ ਐਸੋਸੀਏਸ਼ਨ ਫਿਰੋਜ਼ਪੁਰ ਵੱਲੋਂ ਰੈਲੀ ਨੂੰ ਸੰਬੋਧਨ ਕਰਦੇ ਹੋਏ ਦੱਸਿਆ ਕਿ ਡੀਸੀ ਦਫਤਰ ਫਿਰੋਜ਼ਪੁਰ ਦੇ ਮੁਲਾਜ਼ਮਮ ਦੀਆਂ ਪ੍ਰਮੋਸ਼ਨਾਂ ਅਤੇ ਦਫਤਰ ਵਿੱਚ ਕੰਮ ਕਰਨ ਲਈ ਲੋੜੀਂਦੀਆਂ ਸਹੂਲਤਾਂ ਜੇਕਰ ਡਿਪਟੀ ਕਮਿਸ਼ਨਰ, ਫਿਰੋਜਪੁਰ ਵੱਲੋਂ ਮੁਹੱਈਆ ਨਾ ਕਰਵਾਈਆਂ ਗਈਆਂ ਤਾਂ ਡੀ ਸੀ ਦਫਤਰ ਫਿਰੋਜ਼ਪੁਰ ਦੇ ਸਾਥੀ ਆਪਣੇ ਹੱਕਾਂ ਲਈ ਸੰਘਰਸ਼ ਹੋਰ ਤੇਜ਼ ਕਰਨਗੇ, ਜਿਸ ਦੀ ਸਾਰੀ ਜ਼ਿੰਮੇਵਾਰੀ ਜ਼ਿਲ੍ਹਾ ਪਸ਼ਾਸਨ/ਪੰਜਾਬ ਸਰਕਾਰ ਦੀ ਹੋਵੇਗੀ।ਇਸ ਮੌਕੇ ਮਨੋਹਰ ਲਾਲ ਜ਼ਿਲ੍ਹਾ ਪ੍ਰਧਾਨ, ਪਿੱਪਲ ਸਿੰਘ ਜਨਰਲ ਸਕੱਤਰ, ਪ੍ਰਦੀਪ ਕੁਮਾਰ ਜ਼ਿਲ੍ਹਾ ਖਜਾਨਗੀ ਪੀਐਸਐਮਐਸਯੂ., ਜਗਸੀਰ ਸਿੰਘ ਭਾਂਗਰ ਜ਼ਿਲ੍ਹਾ ਪ੍ਰਧਾਨ ਸੀਪੀਐੱਫ. ਕਰਮਚਾਰੀ ਯੂਨੀਅਨ ਫਿਰੋਜ਼ਪੁਰ, ਦੀਦਾਰ ਸਿੰਘ ਭੂਮੀ ਰੱਖਿਆ ਵਿਭਾਗ, ਵਿਸ਼ਾਲ ਮਹਿਤਾ ਜਨਰਲ ਸਕੱਤਰ, ਗੀਤੂ ਅਰੋੜਾ ਖਜ਼ਾਨਚੀ, ਪ੍ਰੇਮ ਕੁਮਾਰੀ, ਬਲਜੀਤ ਕੌਰ, ਸੁਖਵਿੰਦਰ ਕੌਰ, ਸੁਖਵੰਤ ਸਿੰਘ ਖੋਸਾ, ਰਜਨੀਸ਼ ਕੁਮਾਰ, ਗੁਰਚਰਨ ਸਿੰਘ, ਗੁਰਜਿੰਦਰ ਸਿੰਘ, ਮਹਿਤਾਬ ਸਿੰਘ, ਗੁਰਵਿੰਦਰ ਸਿੰਘ, ਸੰਦੀਪ ਸਿੰਘ ਦਿਓਲ, ਨਰਿੰਦਰ ਕੌਰ, ਬਲਦੇਵ ਸਿੰਘ, ਚੇਤਨ ਰਾਣਾ, ਗੁਲਾਬ ਸਿੰਘ, ਜਗਤਾਰ ਸਿੰਘ, ਸੰਦੀਪ ਨਰੂਲਾ, ਕੁਲਦੀਪ ਸਿੰਘ, ਗੁਰਵਿੰਦਰ ਸਿੰਘ, ਅਰਸ਼ਦੀਪ ਸਿੰਘ ਆਦਿ ਡੀਸੀ ਦਫ਼ਤਰ ਦੇ ਸਾਥੀ ਹਾਜ਼ਰ ਸਨ।

## ਕਾਤਰਾਂ

### ਹਿਊਮਨ ਰਾਈਟਸ ਕੌਂਸਲ ਵੱਲੋਂ ਲੋੜਵੰਦਾਂ ਨੂੰ ਗ਼ਰਮ ਕੱਪੜੇ ਵੰਡੇ

**ਮਲੋਟ (ਗੁਰਮੀਤ ਸਿੰਘ ਮੱਕੜ)**-ਪੀਸ ਜਸਟਿਸ ਹਿਊਮੈਨਟੀ ਐਂਡ ਰਿਲੀਫ਼ ਫਾਊਂਡੇਸ਼ਨ ਦੇ ਨੈਸ਼ਨਲ ਚੇਅਰਮੈਨ ਡਾ.ਆਰਿਫ਼ ਨਾਸਿਫ ਬੱਟ ਦੇ ਦਿਸ਼ਾ-ਨਿਰਦੇਸ਼ਾਂ ’ਤੇ ਹਿਊਮਨ ਰਾਈਟਸ ਕੌਂਸਲ ਪੰਜਾਬ ਦੇ ਡਾਇਰੈਕਟਰ ਵੀ.ਕੇ. ਸ਼ਰਮਾ ਦੀ ਅਗਵਾਈ ਵਿਚ ਹਿਊਮਨ ਰਾਇਟਸ ਕੌਂਸਲ ਦੇ ਜੁਆਇੰਟ ਡਾਇਰੈਕਟਰ ਪੰਜਾਬ, ਚਰਨਜੀਤ ਸਿੰਘ ਵਿਰਕ ਵਲੋਂ ਟੀਮ ਦੀ ਸਹਾਇਤਾ ਨਾਲ ਲੋੜਵੰਦ ਲੋਕਾਂ ਨੂੰ ਗਰਮ ਕੱਪੜੇ ਵੰਡੇ ਗਏ ਤੇ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਜੁਆਇੰਟ ਡਾਇਰੈਕਟਰ ਚਰਨਜੀਤ ਸਿੰਘ ਵਿਰਕ ਨੇ ਕਿਹਾ ਕਿ ਨਵੇਂ ਸਾਲ ਦੀ ਆਮਦ ’ਤੇ ਆਪਣੀਆਂ ਸੇਵਾ ਨਿਭਾਦਿਆਂ ਉਨ੍ਹਾਂ ਵੱਲੋਂ ਪੈ ਰਹੀ ਹੱਡ ਚੀਰਵੀਂ ਠੰਢ ਦੇ ਮੱਦੇਨਜ਼ਰ ਲੋੜਵੰਦ ਲੋਕਾਂ ਨੂੰ ਗਰਮ ਕੱਪੜੇ ਵੰਡੇ ਗਏ ਤਾਂ ਜੁ ਕੋਈ ਵੀ ਵਿਅਕਤੀ ਠੰਢ ਦੇ ਕਾਰਨ ਬਿਮਾਰ ਨਾ ਹੋਵੇ ਤੇ ਹਰ ਲੋੜਵੰਦ ਨੂੰ ਗ਼ਰਮ ਕੱਪੜੇ ਮੁਹੱਈਆ ਕਰਵਾਏ ਜਾ ਸਕਣ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਫਾਊਂਡੇਸ਼ਨ ਵੱਲੋਂ ਹੋਰਨਾਂ ਜਿਲ੍ਹਿਆਂ ਵਿਚ ਲੋੜਵੰਦਾਂ ਨੂੰ ਗਰਮ ਕੱਪੜੇ ਵੰਡੇ ਜਾ ਰਹੇ ਹਨ।

### ਸਰਕਾਰ ਦੇ ਅਰਥੀ ਫੂਕ ਮੁਜ਼ਾਹਰੇ ਅੱਜ ਤੋਂ

**ਛਾਜਲੀ (ਜਸਵੀਰ ਲਾਡੀ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਸੁਨਾਮ ਬਲਾਕ ਵੱਲੋਂ ਪੰਜਾਬ ਭਰ ਦੇ ਸੱਦੇ ’ਤੇ 3 ਤੇ 4 ਜਨਵਰੀ ਨੂੰ ਸੁਨਾਮ ਬਲਾਕ ਦੇ 40 ਪਿੰਡਾਂ ਵਿੱਚ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ, ਇਹ ਅਰਥੀਆਂ ਜ਼ੀਰਾ ਸ਼ਰਾਬ ਫੈਕਟਰੀ ਨੂੰ ਬੰਦ ਕਰਵਾਉਣ ਲਈ ਸਾੜੀਆਂ ਜਾਣਗੀਆਂ। ਇਸ ਲਈ ਸੁਨਾਮ ਬਲਾਕ ਦੇ ਪਿੰਡਾਂ ਨੂੰ ਬੇਨਤੀ ਹੈ ਕਿ ਦੋ ਦਿਨ ਪੰਜਾਬ ਸਰਕਾਰ ਦੀਆਂ ਅਰਥੀਆਂ ਸਾੜੀਆਂ ਜਾਣਗੀਆਂ। ਇਹ ਜਾਣਕਾਰੀ ਸੁਨਾਮ ਬਲਾਕ ਦੇ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਤੇ ਸੁਨਾਮ ਬਲਾਕ ਦੇ ਪ੍ਰੈੱਸ ਸਕੱਤਰ ਸੁਖਪਾਲ ਸਿੰਘ ਮਾਣਕ ਨੇ ਪ੍ਰੈੱਸ ਨੋਟ ਰਾਹੀਂ ਦਿੱਤੀ ਹੈ।

### ਲੜਕੀ ਦੀ ਕਿੱਟ ਚੋਰੀ ਕਰਨ ਵਾਲਿਆਂ ਖਿਲਾਫ ਪਰਚਾ ਦਰਜ

**ਜਲਾਲਾਬਾਦ (ਦਹੂਜਾ)**-ਥਾਣਾ ਸਿਟੀ ਪੁਲਸ ਨੇ ਲੜਕੀ ਦੀ ਕਿੱਟ ਚੋਰੀ ਕਰਨ ਵਾਲੇ ਦੋ ਵਿਅਕਤੀਆਂ ਖਿਲਾਫ ਪਰਚਾ ਦਰਜ ਕੀਤਾ ਹੈ। ਜਾਂਚ ਅਧਿਕਾਰੀ ਸਰੂਪ ਸਿੰਘ ਨੇ ਦੱਸਿਆ ਕਿ ਯੁਵਰਾਜ ਸਿੰਘ ਪੁੱਤਰ ਸੁਖਦੇਵ ਸਿੰਘ ਵਾਸੀ ਨਵਾਂ ਮੁੰਬੇਕੇ ਨੇ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸ ਦੀ ਭੈਣ ਸਕੀਨਾ ਰਾਣੀ, ਜੋ ਕਿ ਲਾਲਾ ਜਗਤ ਨਰਾਇਣ ਕਾਲਜ ਫਲੀਆਂਵਾਲਾ ਵਿਖੇ ਪੇਪਰ ਦੇਣ ਗਈ ਸੀ, ਉਸ ਕੋਲ ਦੋ ਮੋਬਾਈਲ ਤੇ 1000 ਰੁਪਏ ਆਪੇ ਕਿੱਟ ਵਿੱਚ ਰੱਖ ਦਿੱਤੇ ਸਨ। ਜਦੋਂ ਸਕੀਨਾ ਰਾਣੀ ਪੇਪਰ ਖਤਮ ਕਰਕੇ ਬਾਹਰ ਆਈ ਤਾਂ ਉਸ ਦੀ ਕਿੱਟ ਨਹੀਂ ਸੀ। ਆਸ-ਪਾਸ ਪੁੱਛਗਿੱਛ ਕਰਨ ’ਤੇ ਪਤਾ ਲੱਗਾ ਕਿ ਗੁਰਜੰਟ ਸਿੰਘ ਉਰਫ ਜੰਟਾ ਸਾਬਕਾ ਸਰਪੰਚ ਵਾਸੀ ਚੱਕ ਅਰਾਈਆਂ ਵਾਲਾ ਤੇ ਬਿੱਟੂ ਵਾਸੀ ਅਨਾਜ ਮੰਡੀ, ਦਸਮੇਸ਼ ਨਗਰ ਜਲਾਲਾਬਾਦ ਨੇ ਮਿਲ ਕੇ ਇਸ ਵਾਰਦਾਤ ਨੂੰ ਅੰਜਾਮ ਦਿੱਤਾ ਹੈ। ਪੁਲਸ ਨੇ ਗੁਰਜੰਟ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਦੋਵਾਂ ਵਿਅਕਤੀਆਂ ’ਤੇ ਧਾਰਾ 380 ਅਧੀਨ ਪਰਚਾ ਦਰਜ ਕਰ ਲਿਆ ਹੈ।

# ਭਾਸ਼ਾ ਵਿਭਾਗ ਪੰਜਾਬ ਦਾ 75ਵਾਂ ਸਥਾਪਨਾ ਦਿਵਸ ਮਨਾਇਆ

## ਬਲਦੇਵ ਸਿੰਘ ਸੜਕਨਾਮਾ ਦੇ ਨਾਵਲ ‘ਗ਼ਦਰੀ ਗੁਲਾਬ ਕੌਰ’ ਲੋਕ ਅਰਪਣ



**ਮੋਗਾ (ਅਮਰਜੀਤ ਬੱਬਰੀ)**-ਜ਼ਿਲ੍ਹਾ ਭਾਸ਼ਾ ਦਫ਼ਤਰ ਵਿਖੇ ਭਾਸ਼ਾ ਵਿਭਾਗ ਦੇ 75ਵੇਂ ਸਥਾਪਨਾ ਦਿਵਸ ਮੌਕੇ ਵਿਚਾਰ ਚਰਚਾ ਤੇ ਕਵੀ ਦਰਬਾਰ ਦਾ ਸ਼ਾਨਦਾਰ ਆਯੋਜਨ ਕੀਤਾ ਗਿਆ। ਪ੍ਰਸਿੱਧ ਪੰਜਾਬੀ ਵਿਅੰਗਕਾਰ ਸ਼੍ਰੀ ਕੇ. ਐੱਲ. ਗਰਗ ਦੀ ਪ੍ਰਧਾਨਗੀ ਹੇਠ ਆਯੋਜਤ ਇਸ ਸਮਾਗਮ ਦੇ ਪ੍ਰਧਾਨਗੀ ਮੰਡਲ ਵਿਚ ਉਨ੍ਹਾਂ ਦੇ ਨਾਲ ਸ਼੍ਰੋਮਣੀ ਪੰਜਾਬੀ ਸਾਹਿਤਕਾਰ ਬਲਦੇਵ ਸਿੰਘ ਸੜਕਨਾਮਾ, ਗੁਰਬਚਨ ਸਿੰਘ ਚਿੰਤਕ ਅਤੇ ਪ੍ਰਸਿੱਧ ਕਹਾਣੀਕਾਰ ਗੁਰਮੀਤ ਕੜਿਆਲਵੀ ਸ਼ਾਮਲ ਹੋਏ। ਇਨ੍ਹਾਂ ਤੋਂ ਇਲਾਵਾ ਇਲਾਕੇ ਦੀਆਂ ਹੋਰ ਪ੍ਰਮੁੱਖ ਸਾਹਿਤਕ ਸ਼ਖ਼ਸੀਅਤਾਂ ਨੇ ਭਾਗ ਲਿਆ। ਸਮਾਗਮ ਦੀ ਸ਼ੁਰੂਆਤ ਭਾਸ਼ਾ ਵਿਭਾਗ ਦੀ ਵਿਭਾਗੀ ਧੁਨੀ ਨਾਲ ਕੀਤੀ ਗਈ। ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਅਜੀਤਪਾਲ ਸਿੰਘ ਨੇ ਆਏ ਮਹਿਮਾਨਾਂ ਨੂੰ ਜੀ ਆਇਆਂ ਆਖਦਿਆਂ ਭਾਸ਼ਾ ਵਿਭਾਗ ਦੁਆਰਾ ਰਾਜ ਭਾਸ਼ਾ ਪੰਜਾਬੀ ਦੀ ਸੰਭਾਲ ਤੇ ਤਰੱਕੀ ਲਈ ਕੀਤੇ ਜਾਂਦੇ ਯਤਨਾਂ ਬਾਰੇ ਤੇ ਜ਼ਿਲ੍ਹਾ ਭਾਸ਼ਾ ਦਫ਼ਤਰ, ਮੋਗਾ ਦੀਆਂ ਹੁਣ ਤੱਕ ਦੀਆਂ ਗਤੀਵਿਧੀਆਂ ਉੱਪਰ ਚਾਨਣਾ ਪਾਇਆ। ਉਪਰੰਤ ਭਾਸ਼ਾ ਵਿਭਾਗ ਦੀ ਬਣਤਰ ਤੇ ਗਤੀਵਿਧੀਆਂ ਨਾਲ ਸੰਬੰਧਿਤ ਵਿਸ਼ੇਸ਼ ਡਾਕੂਮੈਂਟਰੀ ਤੇ ਪੀ.ਪੀ.ਟੀ. ਪ੍ਰਸਤੁਤ ਕੀਤੀ ਗਈ। ਇਸ ਮੌਕੇ ਬਲਦੇਵ ਸਿੰਘ ਸੜਕਨਾਮਾ ਦੇ ਨਵੇਂ ਨਾਵਲ ‘ਗ਼ਦਰੀ ਗੁਲਾਬ ਕੌਰ’ ਦਾ ਲੋਕ ਅਪਰਣ ਕੀਤਾ ਗਿਆ।

ਸਮਾਗਮ ਦੌਰਾਨ ਭਾਸ਼ਾ ਵਿਭਾਗ ਦੇ ਸਥਾਪਨਾ ਦਿਵਸ ਸੰਬੰਧੀ ਕੀਤੀ ਗਈ ਵਿਚਾਰ ਚਰਚਾ ਵਿਚ ਕਹਾਣੀਕਾਰ ਜਸਵੀਰ ਕਲਸੀ, ਰੰਗਕਰਮੀ ਮੋਹੀ ਅਮਰਜੀਤ ਸਿੰਘ, ਗੁਰਮੇਲ ਸਿੰਘ ਬੌਡੇ, ਪਰਮਜੀਤ ਸਿੰਘ ਚੂਹੜਚੱਕ ਤੇ ਪ੍ਰਿੰਸੀਪਲ ਅਵਤਾਰ ਸਿੰਘ ਕਰੀਰ ਨੇ ਹਿੱਸਾ ਲਿਆ। ਸ਼੍ਰੀ ਕੇ. ਐੱਲ. ਗਰਗ ਨੇ ਆਪਣੇ ਪ੍ਰਧਾਨਗੀ ਭਾਸ਼ਨ ਦੌਰਾਨ ਭਾਸ਼ਾ ਵਿਭਾਗ ਦੇ 75ਵੇਂ ਸਥਾਪਨਾ ਦਿਵਸ ਮੌਕੇ ਸਭ ਨੂੰ ਵਧਾਈ ਦਿੰਦਿਆਂ ਕਿਹਾ ਕਿ ਭਾਸ਼ਾ ਵਿਭਾਗ, ਪੰਜਾਬ ਆਪਣੇ ਸਥਾਪਨਾ ਵਰ੍ਹੇ ਤੋਂ ਲੈ-ਕੇ ਮਾਂ ਬੋਲੀ ਪੰਜਾਬੀ ਦੀ ਸੇਵਾ ਤੇ ਸੰਭਾਲ ਲਈ ਨਿਰੰਤਰ ਯਤਨਸ਼ੀਲ ਹੈ। ਪੰਜਾਬ ਦੇ ਸਾਹਿਤਕਾਰਾਂ ਨਾਲ ਇਸ ਦਾ ਰਿਸ਼ਤਾ ਹਮੇਸ਼ਾ ਇਕ ਪਰਵਾਰ ਦੀ ਤਰ੍ਹਾਂ ਰਿਹਾ ਹੈ। ਬਲਦੇਵ ਸਿੰਘ ਸੜਕਨਾਮਾ ਨੇ ਨਵੇਂ ਸਾਲ ਤੇ ਭਾਰਤ ਦੇਸ਼ ਨੂੰ ਸਮਰਪਤ ਕਵਿਤਾ ਪੇਸ਼ ਕੀਤੀ ਤੇ ਭਾਸ਼ਾ ਵਿਭਾਗ ਨਾਲ ਆਪਣੀ ਪੁਰਾਣੀ ਸਾਂਝ ਬਾਰੇ ਦੱਸਦਿਆਂ ਕਿਹਾ ਕਿ ਇਸ ਵਿਭਾਗ ਦੁਆਰਾ ਪੰਜਾਬ ਤੋਂ ਇਲਾਵਾ ਹੋਰਨਾਂ ਰਾਜਾਂ ਵਿਚ ਕਰਾਏ ਜਾਂਦੇ ਸਮਾਗਮ ਇਸ ਦੀ ਸਾਖ ਨੂੰ ਹੋਰ ਵੀ ਉਚੇਰਾ ਕਰਦੇ ਹਨ। ਕਹਾਣੀਕਾਰ ਗੁਰਮੀਤ ਕੜਿਆਲਵੀ ਨੇ ਆਪਣੀ ਕਵਿਤਾ ‘ਮੈਂ ਮੋਗੇ ਦਾ ਬੱਸ ਅੱਡਾ ਬੋਲਦਾ ਹਾਂ’ ਸਾਂਝੀ ਕੀਤੀ ਤੇ ਕਿਹਾ ਕਿ ਪੰਜਾਬ ਸਰਕਾਰ ਦੁਆਰਾ ਭਾਸ਼ਾ ਵਿਭਾਗ ਨਾਲ ਮਿਲ ਕੇ ਪੰਜਾਬੀ ਲਾਗੂ ਕਰਾਉਣ ਵਾਲੀ ਮੁਹਿੰਮ ਸ਼ਲਾਘਾਯੋਗ ਹੈ। ਪਰਮਜੀਤ ਸਿੰਘ ਚੂਹੜਚੱਕ ਨੇ ਮੋਗਾ ਵਿਖੇ ਪੰਜਾਬੀ ਸਟੈਨੋਗ੍ਰਾਫ਼ੀ ਦੀਆਂ ਕਲਾਸਾਂ ਜਲਦੀ ਸ਼ੁਰੂ ਕਰਾਉਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਬਤੌਰ ਇੰਸਟ੍ਰਕਟਰ ਵਲੰਟੀਅਰ ਸੇਵਾਵਾਂ ਦੀ ਪੇਸ਼ਕਸ਼ ਕੀਤੀ। ਸਮਾਗਮ ਦੌਰਾਨ ਕਰਾਏ ਗਏ ਕਵੀ ਦਰਬਾਰ ਵਿੱਚ ਰਣਜੀਤ ਸਰਾਂਵਾਲੀ, ਗੁਰਮੇਲ ਬੌਡੇ, ਜੰਗੀਰ ਖੋਖਰ, ਚਰਨਜੀਤ ਸਮਾਲਸਰ, ਅਵਤਾਰ ਸਮਾਲਸਰ, ਕਮਲਜੀਤ ਕੌਰ ਧਾਲੀਵਾਲ, ਕਰਮਜੀਤ ਕੌਰ, ਯਾਦਵਿੰਦਰ ਸਿੰਘ, ਕੁਲਵੰਤ ਸਿੰਘ ਧਾਲੀਵਾਲ, ਸ਼ਮਸ਼ੇਰ ਸਿੰਘ ਅਤੇ ਵਿਵੇਕ ਕੋਟ ਈਸੇ ਖਾਂ ਨੇ ਆਪਣੇ ਕਲਾਮ ਸਾਂਝੇ ਕੀਤੇ। ਇਨ੍ਹਾਂ ਤੋਂ ਇਲਾਵਾ ਸਮਾਗਮ ਦੌਰਾਨ ਰਾਹੁਲ (ਕਲਰਕ), ਅਮਰਪ੍ਰੀਤ ਕੌਰ, ਜਗਜੀਤ ਸਿੰਘ, ਵਜ਼ੀਰ ਸਿੰਘ, ਹਰਪ੍ਰੀਤ ਸਿੰਘ, ਤਰਸੇਮ ਸਿੰਘ, ਨਵਦੀਪ ਸਿੰਘ ਤੇ ਸਾਹਿਲ ਆਦਿ ਸ਼ਾਮਲ ਸਨ।

# ਕਾਕਾ ਬਰਾੜ ਨੇ ਸਕੂਲ ’ਚ ਕਮਰੇ ਤੇ ਬਰਾਂਡੇ ਦੀ ਰੱਖੀ ਨੀਂਹ



ਡੋਡਾਂਵਾਲੀ ਦੇ ਸਕੂਲ ’ਚ ਕਮਰਾ ਤੇ ਬਰਾਂਡੇ ਦੀ ਨੀਂਹ ਰੱਖਦੇ ਹਲਕਾ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ।

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਣ)**-ਸੂਬੇ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਸਿੱਖਿਆ ’ਚ ਸੁਧਾਰ ਲਈ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸੇ ਕੜੀ ਤਹਿਤ ਸਰਕਾਰੀ ਪ੍ਰਾਇਮਰੀ ਸਕੂਲ ਡੋਡਾਂਵਾਲੀ ਵਿਖੇ ਨਵੇਂ ਕਮਰੇ ਅਤੇ ਬਰਾਂਡੇ ਦੀ ਨੀਂਹ ਹਲਕਾ ਵਿਧਾਇਕ ਜਗਦੀਪ ਸਿੰਘ ‘ਕਾਕਾ ਬਰਾੜ’ ਵੱਲੋਂ ਕੀਤਾ ਗਿਆ। ਇਸ ਮੌਕੇ ਪਿੰਡ ਵਾਸੀਆਂ ਤੋਂ ਇਲਾਵਾ ਸਕੂਲ ਸਟਾਫ਼ ਹਾਜ਼ਰ ਸੀ। ਹਲਕਾ ਵਿਧਾਇਕ ਜਗਦੀਪ ਸਿੰਘ ਨੇ ਆਖਿਆ ਕਿ ਸੂਬਾ ਸਰਕਾਰ ਪੜ੍ਹਾਈ ਦੇ ਪੱਧਰ ਨੂੰ ਉੱਚਾ ਚੁੱਕਣ ਲਈ ਤਰ੍ਹਾਂ-ਤਰ੍ਹਾਂ ਦੇ ਯਤਨ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸੂਬੇ ਦੇ ਸਕੂਲਾਂ ਨੂੰ ਵਿਸ਼ੇਸ਼ ਗ੍ਰਾਂਟਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ, ਜਿਸ ਨਾਲ ਲੋੜ ਅਨੁਸਾਰ ਸਕੂਲਾਂ ’ਚ ਕਮਰੇ, ਗਰਾਊਂਡ ਤੇ ਫਰਨੀਚਰ ਮੁਹੱਈਆ ਕਰਾਇਆ ਜਾ ਰਿਹਾ ਹੈ। ਵਿਧਾਇਕ ਕਾਕਾ ਬਰਾੜ ਨੇ ਕਿਹਾ ਕਿ ਡੋਡਾਂਵਾਲੀ ਸਕੂਲ ’ਚ ਕਮਰੇ ਤੇ ਬਰਾਂਡਾ ਬਨਣ ਨਾਲ ਬੱਚਿਆਂ ਨੂੰ ਵੱਡੀ ਸਹੂਲਤ ਮਿਲੇਗੀ। ਉਨ੍ਹਾਂ ਕਿਹਾ ਕਿ ਵਿੱਦਿਆ ਇੱਕ ਅਨਮੋਲ ਖਜ਼ਾਨਾ ਹੈ, ਇਸ ਨੂੰ ਕੋਈ ਖੋਹ ਨਹੀਂ ਸਕਦਾ। ਇਸ ਮੌਕੇ ਸਾਬਕਾ ਜਿਲਾ ਪ੍ਰਧਾਨ ਜਗਦੇਵ ਸਿੰਘ ਬਾਂਮ, ਵਰਿੰਦਰ ਸਿੰਘ ਮਾਨ, ਐਮ.ਸੀ ਜਗਮੀਤ ਸਿੰਘ ਜੱਗਾ, ਅਰਸ਼ ਬਰਾੜ ਜੱਸੇਆਣਾ, ਮੰਗਾ ਰਾਮ ਸ਼ਰਮਾ, ਪਵਨ ਕੁਮਾਰ ਨੰਬਰਦਾਰ, ਹਰਵਿੰਦਰਪਾਲ, ਮੰਗਾ ਰਾਮ ਸ਼ਰਮਾ, ਗੁਰਜੰਟ ਕੁਮਾਰ, ਕੁਲਵੰਤ ਰਾਏ, ਗੁਰਜੰਟ ਕੁਮਾਰ, ਗੁਰਲਾਲ ਸਿੰਘ ਮਾਸਟਰ ਤੇ ਨਛੱਤਰ ਲਾਲ ਆਦਿ ਹਾਜ਼ਰ ਸਨ।

# ਸ਼ਰਾਬ ਫੈਕਟਰੀ ਅੱਗੇ ਚੱਲ ਰਹੇ ਅੰਦੋਲਨ ਦੀ ਹਮਾਇਤ ’ਚ ਅਰਥੀ ਫੂਕ ਮੁਜ਼ਾਹਰੇ ਅੱਜ ਤੋਂ

## ਜਥੇਬੰਦੀ ਨੇ ਅਮਨ ਅਰੋੜਾ ਦੇ ਬਿਆਨਾਂ ਨੂੰ ਦੱਸਿਆ ਤੱਥਹੀਣ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੀ ਅਗਵਾਈ ਹੇਠ ਮੰਗਾਂ ਨੂੰ ਲੈ ਕੇ ਚੱਲ ਰਹੇ ਡੀ ਸੀ ਦਫ਼ਤਰ ਤੇ ਟੋਲ ਪਲਾਜ਼ਿਆਂ ਤੇ ਪੱਕੇ ਮੋਰਚੇ ਦੇ 38ਵੇਂ ਦਿਨ ਵਿੱਚ ਹਨ ਅੱਜ ਜ਼ੀਰਾ ਮਾਲਬਰੋਜ਼ ਸ਼ਰਾਬ ਫੈਕਟਰੀ ਵਿੱਚ ਪਹੁੰਚੇ ਸੂਬਾ ਆਗੂ ਰਾਣਾ ਰਣਬੀਰ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਨੇ ਕਿਹਾ ਕੇ ਲੋਕਾਂ ਵਿੱਚ ਅੰਦੋਲਨ ਪ੍ਰਤੀ ਦਿਨੋਂ ਦਿਨ ਉਤਸ਼ਾਹ ਵਧ ਰਿਹਾ ਤੇ ਲਾਮਬੰਦੀ ਵਧ ਰਹੀ ਹੈ ਤੇ ਅੰਦੋਲਨ ਮੰਗਾਂ ਦੇ ਹੱਲ ਹੋਣ ਤੱਕ ਜਾਰੀ ਰਹੇਗਾ। ਜ਼ੀਰਾ ਮਾਲਬਰੋਜ ਸ਼ਰਾਬ ਫੈਕਟਰੀ ਬੰਦ ਕਰਾਉਣ ਲਈ ਚੱਲ ਰਹੇ ਮੋਰਚੇ ਦੇ ਪਹਿਲੇ ਦਿਨ 24 ਜੁਲਾਈ 2022 ਤੋਂ ਹੀ ਹਮਾਇਤ ਵਿੱਚ ਰੋਜ਼ਾਨਾ ਜਥੇ ਭੇਜੇ ਜਾ ਰਹੇ ਹਨ ਜਥੇਬੰਦੀ ਸਾਂਝੇ ਮੋਰਚੇ ਨਾਲ ਡਟ ਕੇ ਖੜੀ ਹੈ ਤੇ ਮੋਰਚੇ ਵੱਲੋਂ ਉਲੀਕੇ ਹਰ ਐਕਸ਼ਨ ਨੂੰ ਲਾਗੂ ਕਰਦੀ ਹੈ ਤੇ ਹੁਣ ਮੋਰਚੇ ਵੱਲੋਂ ਤਿੰਨ ਤੇ ਚਾਰ ਜਨਵਰੀ ਨੂੰ ਅਰਥੀ ਫੂਕ ਮੁਜ਼ਾਹਰੇ ਕਰਨ ਦੇ ਕੀਤੇ ਐਲਾਨ ਨੂੰ 18 ਟੋਲ ਪਲਾਜ਼ਿਆਂ, ਦਸ ਡੀਸੀ ਦਫਤਰਾਂ ਅੱਗੇ ਤੇ ਕਸਬਿਆਂ ਪੰਜਾਬ ਸਰਕਾਰ ਦੇ ਪੁਤਲੇ ਫੂਕ ਕੇ ਕੀਤੇ ਐਲਾਨ ਨੂੰ ਪੂਰਨ ਤੌਰ ’ਤੇ ਲਾਗੂ ਕੀਤਾ ਜਾਵੇਗਾ।

ਵਿਧਾਇਕ ਅਮਨ ਅਰੋੜਾ ਦੇ ਬਿਆਨ ਨੂੰ ਬੇਤੁਕਾ ਦੱਸਦਿਆਂ ਕਿਹਾ ਕੇ ਆਮ ਆਦਮੀ ਪਾਰਟੀ ਕਾਰਪੋਰੇਟਾਂ ਦੇ ਹੱਕ ਵਿੱਚ ਖੜ ਕੇ ਉਨ੍ਹਾਂ ਦੀ ਬੋਲੀ ਬੋਲ ਰਹੀ ਹੈ ਸਮਝ ਨਹੀਂ ਆਉਂਦੀ ਕੇ ਇਹ ਕਿਸ ਜਾਂਚ ਰਿਪੋਰਟ ਦੀ ਗੱਲ ਕਰ ਰਹੇ ਹਨ, ਵਿਕਾਊ ਸਰਕਾਰ ਤੇ ਪ੍ਰਦੂਸ਼ਣ ਕੰਟਰੋਲ ਬੋਰਡ ਸਮੇਤ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਤੋਂ ਕੋਈ ਆਸ ਨਹੀਂ ਜਿਹੜੇ ਆਪ ਵਿਕਊ ਹਨ, ਉਨ੍ਹਾਂ ਤੋਂ ਇਨਸਾਫ਼ ਦੀ ਕੋਈ ਝਾਕ ਨਹੀਂ। ਅਮਨ ਅਰੋੜਾ ਨੂੰ ਜੇ ਨਹੀਂ ਪਤਾ ਤਾਂ ਅਸੀਂ ਦੱਸ ਦਿੰਦੇ ਹਾਂ ਕੇ 2007 ਵਿੱਚ ਵਿਧਾਨ ਸਭਾ ਦੇ ਸਪੀਕਰ ਵੱਲੋਂ ਗਿਆਰਾਂ ਮੈਂਬਰੀ ਵੱਖ ਵੱਖ ਪਾਰਟੀਆਂ ਦੇ ਵਿਧਾਇਕਾ ਦੀ ਕਮੇਟੀ ਗਠਿਤ ਕੀਤੀ ਸੀ, ਜਿਸ ਨੇ 1 ਅਕਤੂਬਰ 2010 ਨੂੰ ਵਿਧਾਨ ਸਭਾ ਵਿੱਚ ਰਿਪੋਰਟ ਦਿੱਤੀ ਸੀ ਕਿ ਉਕਤ ਫੈਕਟਰੀ ਮਾਪਦੰਡ ਪੂਰੇ ਨਹੀਂ ਕਰ ਰਹੀ ਤੇ ਇਹ ਬਿਨਾਂ ਟ੍ਰੀਟਮੈਂਟ ਕੀਤੇ ਤੋਂ ਧਰਤੀ ਵਿੱਚ ਗੰਦਾ ਪਾਣੀ ਪਾ ਰਹੀ ਹੈ, ਉਸ ਰਿਪੋਰਟ ’ਤੇ ਸਰਕਾਰ ਕੀ ਕਾਰਵਾਈ ਕਰ ਰਹੀ ਹੈ, ਇਸ ਦੀ ਜਾਣਕਾਰੀ ਕਿਉਂ ਨਹੀਂ ਦਿੰਦੇ।ਇਸ ਤੋਂ ਸਾਫ ਜ਼ਾਹਰ ਹੈ ਕੇ ਸਰਕਾਰ ਦੀ ਨੀਤ ਵਿੱਚ ਖੋਟ ਹੈ ਤੇ ਅਮਨ ਅਰੋੜਾ ਵਰਗੇ ਜਾਣ ਬੁੱਝ ਕੇ ਤੱਥਹੀਣ ਬਿਆਨ ਦੇ ਕੇ ਲੋਕਾਂ ਨੂੰ ਗੁੰਮਰਾਹ ਕਰ ਰਹੇ ਹਨ।

# ਜਨਸੇਵਾ ਸੁਸਾਇਟੀ ਕਕਰਾਲਾ ਨੇ ਸਥਾਪਨਾ ਦਿਵਸ ਮਨਾਇਆ



**ਨਾਭਾ (ਵਰਿੰਦਰ ਵਰਮਾ)**

ਪਿਛਲੇ ਦੋ ਦਹਾਕਿਆਂ ਤੋਂ ਵੱਧ ਅਰਸੇ ਤੋਂ ਨਾਭਾ ਸਬ ਡਵੀਜ਼ਨ ਦੇ ਪੇਂਡੂ ਇਲਾਕਿਆਂ ਵਿੱਚ ਸੁਸਾਇਟੀ ਮੁੱਖ ਸਰਪ੍ਰਸਤ ਡਾਕਟਰ ਆਈ ਡੀ ਗੋਇਲ ਸਾਬਕਾ ਸਿਵਲ ਸਰਜਨ ਤੇ ਸੁਸਾਇਟੀ ਦੇ ਸੰਸਥਾਪਕ ਜਨਰਲ ਸਕੱਤਰ ਡਾ. ਧੀਰ ਸਿੰਘ ਦੀ ਅਗਵਾਈ ਵਿੱਚ ਕਾਰਜਸ਼ੀਲ ਸੂਬਾ ਪੱਧਰੀ ਸਨਮਾਨ ਪ੍ਰਾਪਤ ਸਵੈ-ਸੇਵੀ ਸੰਸਥਾ ਜਨਸੇਵਾ ਸੁਸਾਇਟੀ ਫਾਰ ਆਈ ਕੇਅਰ ਐਂਡ ਏਡਜ਼ ਅਵੇਅਰਨੈੱਸ (ਰਜਿ.) ਪਿੰਡ ਕਕਰਾਲਾ ਨਾਭਾ ਦਾ 24ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਸੁਸਾਇਟੀ ਦੇ ਪ੍ਰੈੱਸ ਸਕੱਤਰ ਸ੍ਰੀ ਵਿਕਾਸ ਮਿੱਤਲ ਤੇ ਸਕੱਤਰ ਹਰਭਜਨ ਸਿੰਘ ਸਰਾਓ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੁਸਾਇਟੀ ਦੀ ਸਥਾਪਨਾ 7 ਨਵੰਬਰ 1999 ਨੂੰ ਕੀਤੀ ਗਈ ਸੀ ਤੇ ਸੁਸਾਇਟੀ ਵੱਲੋਂ ਪਹਿਲਾਂ ਅੱਖਾਂ ਦੇ ਮੁਫਤ ਆਪ੍ਰੇਸ਼ਨ ਕਰਾਉਣ ਦਾ ਕੈਂਪ 1 ਜਨਵਰੀ 2000 ਨੂੰ ਲਗਾਇਆ ਗਿਆ ਸੀ, ਉਸ ਸਮੇਂ ਤੋਂ ਹੀ ਸੁਸਾਇਟੀ ਵੱਲੋਂ ਹਰ ਸਾਲ ਲਗਾਤਾਰ ਅੱਖਾਂ ਦੇ ਮੁਫਤ ਲੈਂਜ਼ ਪਾਉਣ ਦੇ ਕੈਂਪ ਲਗਾਏ ਜਾ ਰਹੇ ਹਨ। ਸੁਸਾਇਟੀ ਵੱਲੋਂ ਖੂਨ ਦਾਨ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਸੁਸਾਇਟੀ ਨੂੰ ਪੰਜਾਬ ਸਰਕਾਰ ਵੱਲੋਂ ਸੂਬਾ ਪੱਧਰੀ ਸਨਮਾਨ ਪ੍ਰਾਪਤ ਹੋ ਚੁੱਕਿਆ ਹੈ। ਸੁਸਾਇਟੀ ਮੈਂਬਰਾਂ ਵੱਲੋਂ ਪਿਛਲੇ ਸਮੇਂ ਵਿੱਚ ਕੀਤੇ ਕਾਰਜਾਂ ਦੀ ਸਮੀਖਿਆ ਕਰਦਿਆਂ ਆਉਣ ਵਾਲੇ ਸਮੇਂ ਵਿੱਚ ਸੁਸਾਇਟੀ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਵਿਚਾਰ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਸ ਇਕੱਤਰਤਾ ਵਿੱਚ ਸੁਸਾਇਟੀ ਦੀ ਨਵੇਂ ਅਹੁਦੇਦਾਰਾਂ ਦੀ ਚੋਣ ਕੀਤੀ ਗਈ, ਜਿਸ ਵਿੱਚ ਮੇਜਰ ਸਿੰਘ ਚੇਅਰਮੈਨ, ਭਗਵਾਨ ਸਿੰਘ ਸਰਾਓ ਪ੍ਰਧਾਨ, ਸੁਨੀਲ ਕੁਮਾਰ ਸੀਨੀਅਰ ਮੀਤ ਪ੍ਰਧਾਨ, ਰਕੇਸ਼ ਕੁਮਾਰ ਗਰਗ ਮੀਤ ਪ੍ਰਧਾਨ, ਸੁਸਾਇਟੀ ਦੇ ਸੰਸਥਾਪਕ ਡਾ. ਧੀਰ ਸਿੰਘ ਜਨਰਲ ਸਕੱਤਰ, ਹਰਭਜਨ ਸਿੰਘ ਸਰਾਓ ਸਕੱਤਰ, ਗੁਰਮੇਲ ਸਿੰਘ ਛੱਜੂ ਭੱਟ ਕੈਸ਼ੀਅਰ, ਰਾਮ ਸਿੰਘ ਸਹਾਇਕ ਕੈਸ਼ੀਅਰ, ਵਿਕਾਸ ਮਿੱਤਲ ਪ੍ਰੈੱਸ ਸਕੱਤਰ, ਮਿਹਰ ਸਿੰਘ ਸਲਾਹਕਾਰ ਤੇ ਅਮਰੀਕ ਸਿੰਘ ਬੌੜਾਂ ਖੁਰਦ ਨੂੰ ਆਡੀਟਰ ਚੁਣਿਆ ਗਿਆ।

ਇਸ ਤੋਂ ਇਲਾਵਾ ਅਮਰੀਕ ਸਿੰਘ ਕਕਰਾਲਾ, ਨਿਰਭੈ ਸਿੰਘ ਬੌੜਾਂ ਖੁਰਦ, ਅਮਰੀਕ ਖਾਨ, ਇੰਦਰਜੀਤ ਸਿੰਘ ਕਕਰਾਲਾ, ਗੁਰਜੀਤ ਸਿੰਘ ਤੇ ਲਖਵਿੰਦਰ ਸਿੰਘ ਨੂੰ ਕਾਰਜਕਾਰੀ ਕਮੇਟੀ ਮੈਂਬਰ ਚੁਣਿਆ ਗਿਆ। ਇਸ ਮੌਕੇ ਮੀਟਿੰਗ ਵਿੱਚ ਸੁਸਾਇਟੀ ਨੂੰ ਪਿਛਲੇ ਸਮੇਂ ਵਿੱਚ ਸਹਿਯੋਗ ਦੇਣ ਵਾਲੀਆਂ ਪ੍ਰਮੁੱਖ ਸ਼ਖਸੀਅਤਾਂ, ਜਿਨ੍ਹਾਂ ਵਿੱਚ ਪ੍ਰਿੰਸੀਪਲ ਸੰਦੀਪ ਸ਼ਰਮਾ, ਗੁਰਮੀਤ ਸਿੰਘ ਧੀਮਾਨ, ਧੀਰਜ ਕਾਲੜਾ, ਜੀ ਬੀ ਸੀ ਸਿੰਗਲਾ, ਪੰਕਜ ਕੁਮਾਰ ਨਾਭਾ, ਨਾਭਾ ਸ਼ਹਿਰ ਦੇ ਪੱਤਰਕਾਰ ਬਲਵੰਤ ਸਿੰਘ ਹਿਆਣਾ ਨੂੰ ਸੁਸਾਇਟੀ ਵੱਲੋਂ ਸਨਮਾਨ ਚਿੰਨ੍ਹ ਤੇ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਸਾਰੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਸੁਸਾਇਟੀ ਦੇ ਇਸ ਕਾਰਜ ਦੀ ਪ੍ਰਸ਼ੰਸਾ ਕਰਦਿਆਂ ਅੱਗੇ ਤੋਂ ਵੀ ਹੋਰ ਸਹਿਯੋਗ ਦੇਣ ਦਾ ਵਿਸ਼ਵਾਸ ਦਿਵਾਇਆ। ਨਵੇਂ ਚੁਣੇ ਗਏ ਪ੍ਰਧਾਨ ਭਗਵਾਨ ਸਿੰਘ ਸਰਾਂ ਤੇ ਡਾਕਟਰ ਗੋਇਲ ਨੇ ਮੀਟਿੰਗ ਨੂੰ ਸੰਬੋਧਨ ਕੀਤਾ ਤੇ ਸਾਰੇ ਮੈਂਬਰਾਂ ਅਤੇ ਸ਼ਖ਼ਸੀਅਤਾਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ।

# ਹਲਕਾ ਵਿਧਾਇਕ ਨੇ ਲੋਕਾਂ ਦੀਆਂ ਮੁਸ਼ਕਲਾਂ ਸੁਣੀਆਂ


ਜਨਤਾ ਦੀਆਂ ਮੁਸ਼ਕਲਾਂ ਸੁਣਦੇ ਹਲਕਾ ਵਿਧਾਇਕ ਗੋਲਡੀ ਕੰਬੋਜ।

**ਜਲਾਲਾਬਾਦ (ਦਹੂਜਾ)**-ਹਲਕਾ ਵਿਧਾਇਕ ਨੇ ਅੱਧੀ ਦਰਜ਼ਨ ਦੇ ਕਰੀਬ ਪਿੰਡਾਂ ਦਾ ਦੌਰਾ ਕਰ ਜਨਤਾ ਦੀਆਂ ਮੁਸ਼ਕਲਾਂ ਸੁਣੀਆਂ।

ਜ਼ਿਕਰਯੋਗ ਹੈ ਕਿ ਬੀਤੇ ਦਿਨ ਉਨ੍ਹਾਂ ਵੱਲੋਂ 4 ਪਿੰਡਾਂ ਨੂੰ ਸਾਫ਼ ਪਾਣੀ ਮੁਹੱਈਆ ਕਰਵਾਉਣ ਲਈ 4 ਆਰ ਓ ਸੈਂਟਰਾਂ ਦਾ ਵੀ ਉਦਘਾਟਨ ਕੀਤਾ ਗਿਆ ਸੀ। ਅੱਜ ਦੌਰੇ ਦੌਰਾਨ ਹਲਕਾ ਵਿਧਾਇਕ ਐਡਵੋਕੇਟ ਜਗਦੀਪ ਕੰਬੋਜ ਗੋਲਡੀ ਨੇ ਅੱਧੀ ਦਰਜ਼ਨ ਦੇ ਕਰੀਬ ਪਿੰਡਾਂ ਦਾ ਦੌਰਾ ਕੀਤਾ ਤੇ ਜਨਤਾ ਨੂੰ ਦਰਪੇਸ਼ ਆ ਰਹੀਆਂ ਮੁਸ਼ਕਲਾਂ ਬਾਰੇ ਪੁੱਛਿਆ ਤੇ ਕੁਝ ਦਾ ਤਾਂ ਉਨ੍ਹਾਂ ਵੱਲੋਂ ਮੌਕੇ ’ਤੇ ਹੀ ਹੱਲ ਕਰ ਦਿੱਤਾ ਗਿਆ ਤੇ ਬਾਕੀ ਦੀਆਂ ਮੁਸ਼ਕਲਾਂ ਨੂੰ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਅਜੇ ਸਰਕਾਰ ਬਣੀ ਨੂੰ ਇੱਕ ਸਾਲ ਵੀ ਪੂਰਾ ਨਹੀਂ ਹੋਇਆ ਤੇ ਉਨ੍ਹਾਂ ਦੀ ਪਾਰਟੀ ਵੱਲੋਂ ਬਹੁਤ ਸਾਰੇ ਵਾਅਦੇ ਪੂਰੇ ਕਰ ਦਿੱਤੇ ਗਏ ਹਨ, ਜਿਸ ਨੂੰ ਵੇਖ ਕੇ ਟਕਸਾਲੀ ਪਾਰਟੀਆਂ ਦੀ ਨੀਂਦਾਂ ਉਡ ਗਈਆਂ ਹਨ ਤੇ ਜਲਦੀ ਹੀ ਉਨ੍ਹਾਂ ਦੀ ਪਾਰਟੀ ਵੱਲੋਂ ਰਹਿੰਦੇ ਵਾਅਦੇ ਵੀ ਪੂਰੇ ਕੀਤੇ ਜਾ ਰਹੇ ਹਨ।

# ਸਿਵਲ ਸਰਜਨ ਵੱਲੋਂ ਸਟਾਫ ਨੂੰ ਆਪਣਾ ਕੰਮ ਲਗਨ ਤੇ ਇਮਾਨਦਾਰੀ ਨਾਲ ਕਰਨ ਦਾ ਸੰਦੇਸ਼


ਸਿਵਲ ਸਰਜਨ ਡਾ. ਰਾਜਿੰਦਰਪਾਲ ਕਰਮਚਾਰੀਆਂ ਨਾਲ ਮੀਟਿੰਗ ਕਰਦੇ ਹੋਏ।

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਫ਼ਿਰੋਜ਼ਪੁਰ ਦੇ ਸਿਵਲ ਸਰਜਨ ਦਫ਼ਤਰ ਸਿਵਲ ਸਰਜਨ ਡਾ. ਰਾਜਿੰਦਰਪਾਲ ਨੇ ਸਮੂਹ ਸਿਹਤ ਸਟਾਫ ਨੂੰ ਆਪਣੀ ਡਿਊਟੀ ਮੁਕੰਮਲ ਤਨਦੇਹੀ, ਲਗਨ ਤੇ ਇਮਾਨਦਾਰੀ ਨਾਲ ਕਰਨ ਲਈ ਕਿਹਾ ਹੈ।ਅਜਿਹਾ ਉਨ੍ਹਾਂ ਵੱਲੋ ਇੱਕ ਨਿਵੇਕਲੀ ਪਹਿਲ ਕਦਮੀ ਕਰਦਿਆਂ ਨਵੇਂ ਸਾਲ ਦੀ ਆਮਦ ਤੇ ਬੁਲਾਈ ਗਈ ਇਕ ਵਿਸ਼ੇਸ਼ ਮੀਟਿੰਗ ਦੌਰਾਨ ਕਿਹਾ।ਉਨ੍ਹਾਂ ਸਮੂਹ ਸਟਾਫ ਨੂੰ ਨਵੇਂ ਸਾਲ ਦੀਆਂ ਸ਼ੁੱਭ-ਕਾਮਨਾਵਾਂ ਦਿੰਦਿਆਂ ਜ਼ਿਲ੍ਹਾ ਵਾਸੀਆਂ ਦੀ ਤੰਦਰੁਸਤੀ ਤੇ ਚੰਗੀ ਸਿਹਤ ਲਈ ਵੀ ਅਰਦਾਸ ਕੀਤੀ। ਉਨ੍ਹਾਂ ਸਮੂਹ ਪ੍ਰੋਗਰਾਮ ਅਧਿਕਾਰੀਆਂ ਤੇ ਸਟਾਫ਼ ਨੂੰ ਆਪਣੀ ਸੀਟ ਦਾ ਕੰਮ ਸਮੇਂ ਸਿਰ ਤੇ ਪੂਰੀ ਕੁਸ਼ਲਤਾ ਨਾਲ ਕਰਨ ਲਈ ਪ੍ਰੇਰਿਤ ਕੀਤਾ ਤਾਂ ਕਿ ਕਿਸੇ ਵੀ ਸਿਹਤ ਪ੍ਰੋਗਰਾਮ ਵਿੱਚ ਜ਼ਿਲ੍ਹਾ ਪਿੱਛੇ ਨਾ ਰਹੇ। ਇਸ ਮੌਕੇ ਜ਼ਿਲ੍ਹਾ ਸਹਾਇਕ ਸਿਵਲ ਸਰਜਨ ਡਾ. ਸੁਸ਼ਮਾ ਠੱਕਰ, ਜ਼ਿਲ੍ਹਾ ਟੀਕਾਕਰਨ ਅਫ਼ਸਰ ਡਾ. ਮੀਨਾਕਸ਼ੀ ਅਬਰੋਲ, ਜ਼ਿਲ੍ਹਾ ਸਿਹਤ ਅਫ਼ਸਰ ਡਾ. ਹਰਕੀਰਤ ਸਿੰਘ, ਅਕਾਊਂਟ ਅਫਸਰ ਹਰਜਸਦੀਪ ਸਿੰਘ ਸਿੱਧੂ, ਜ਼ੈੱਡ.ਐੱਲ. ਏ. ਦਿਨੇਸ਼ ਗੁਪਤਾ, ਸੁਪਰਡੈਂਟ ਪਰਮਵੀਰ ਮੋਂਗਾ, ਪੀ ਏ ਟੂ ਸਿਵਲ ਸਰਜਨ ਵਿਕਾਸ ਕਾਲੜਾ, ਮਾਸ ਮੀਡੀਆ ਅਫਸਰ ਰੰਜੀਵ, ਜ਼ਿਲ੍ਹਾ ਪ੍ਰੋਗਰਾਮ ਮੈਨੇਜਰ ਹਰੀਸ਼ ਕਟਾਰੀਆ ਕਈ ਅਧਿਕਾਰੀ ਤੇ ਕਰਮਚਾਰੀ ਵੀ ਹਾਜ਼ਰ ਸਨ।

# ਪਹਿਲੀ ਵਾਰ ਸੰਗਰੂਰ ’ਚ ਲੱਗੀ ਦੁਰਲੱਭ ਸਿੱਕਿਆਂ ਦੀ ਪ੍ਰਦਰਸ਼ਨੀ




**ਸੰਗਰੂਰ (ਪ੍ਰਵੀਨ)**-ਸਥਾਨਕ ਗੁਰਦੁਆਰਾ ਸਾਹਿਬ ਗੁਰੂ ਨਾਨਕ ਪੁਰਾ ਵਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਤ ਇੱਕ ਵਿਸ਼ੇਸ਼ ਪ੍ਰਦਰਸ਼ਨੀ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਲਗਾਈ ਗਈ। ਇਸ ਪ੍ਰਦਰਸ਼ਨੀ ਵਿੱਚ ਪਹਿਲੀ ਵਾਰ ਦੇਸੀ ਤੇ ਵਿਦੇਸੀ ਕਰੰਸੀ ਦਾ ਭੰਡਾਰ ਦੇਖ ਕੇ ਸੰਗਰੂਰ ਨਿਵਾਸੀ ਹੈਰਾਨ ਰਹਿ ਗਏ। ਇਸ ਪ੍ਰਦਰਸ਼ਨੀ ਦੇ ਸੰਕਲਨ ਕਰਤਾ ਨਰਿੰਦਰ ਪਾਲ ਸਿੰਘ ਸਾਹਨੀ, ਸਰਪ੍ਰਸਤ ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਤੇ ਉਨ੍ਹਾਂ ਦੀ ਪਤਨੀ ਪ੍ਰਿਤਪਾਲ ਕੌਰ ਦੁਆਰਾ ਖ਼ੂਬਸੂਰਤ ਢੰਗ ਨਾਲ ਦਰਸਾਈ ਪ੍ਰਦਰਸ਼ਨੀ ਵਿੱਚ ਆਪਣੇ ਪਰਿਵਾਰਕ ਮੈਂਬਰਾਂ ਦੇ ਜਨਮ ਦਿਨ ਤੇ ਵਿਆਹ ਵਰ੍ਹੇਗੰਢ ਦੀਆਂ ਤਾਰੀਖਾਂ ਨੂੰ ਦਰਸਾਉਂਦੇ ਨੋਟਾਂ ਤੋਂ ਸ਼ੁਰੂ ਕਰਕੇ ਪਹਿਲੀ ਸਦੀ ਦੇ ਸਿੱਕੇ, ਪੁਰਾਣੇ ਅਲੋਪ ਹੋ ਚੁੱਕੇ ਸਿੱਕੇ, ਮੋਰੀ ਵਾਲੇ ਸਿੱਕੇ ਤੋਂ ਲੈ ਕੇ 20, 50, 60, 75, 100, 150, 200, 400, 500 ਤੇ 1000 ਰੁਪਏ ਦੇ ਸਿੱਕੇ ਵੀ ਦਰਸਾਏ। ਇਸ ਤੋਂ ਇਲਾਵਾ 10 ਗੁਰੂ ਸਾਹਿਬਾਨ ਦੇ ਚਾਂਦੀ ਦੇ ਸਿੱਕੇ, ਗੁਰੂ ਨਾਨਕ ਸਾਹਿਬ ਦੀ ਫੋਟੋ ਵਾਲਾ ਈਸਟ ਇੰਡੀਆ ਕੰਪਨੀ ਦਾ ਜਾਰੀ ਕੀਤਾ ਸਿੱਕਾ, ਫੈਂਸੀ ਨੰਬਰ ਦੇ ਨੋਟ, 786 ਨੰਬਰ ਦੇ ਨੋਟ, ਇਕੋ ਨੰਬਰ ਦੇ ਕਈ ਕਈ ਨੋਟ ਸ਼ਾਮਲ ਸਨ। ਅਮਰੀਕਾ, ਇੰਗਲੈਂਡ ਤੇ ਹੋਰ ਦੇਸ਼ਾਂ ਦੀ ਪੁਰਾਣੀ ਤੇ ਨਵੀਂ ਕਰੰਸੀ ਦੇ 10,000, 50,000 ਤੇ ਇੱਕ ਕਰੋੜ ਦੇ ਨੋਟਾਂ ਨੂੰ ਵੀ ਦੇਖਣ ਦਾ ਮੌਕਾ ਮਿਲਿਆ। ਜਸਵਿੰਦਰ ਪਾਲ ਸਿੰਘ ਵਿੱਕੀ, ਪ੍ਰੀਤਮ ਸਿੰਘ, ਮਨਦੀਪ ਸਿੰਘ ਬੋਨੀ ਨੇ ਇਸ ਪ੍ਰਦਰਸ਼ਨੀ ਦੇ ਆਯੋਜਨ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ। ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜਸਵਿੰਦਰ ਸਿੰਘ ਪ੍ਰਿੰਸ ਦੇ ਪਹੁੰਚਣ ’ਤੇ ਉਨ੍ਹਾਂ ਨੂੰ ਨੋਟਾਂ ਦਾ ਇੱਕ ਸੈੱਟ ਭੇਟ ਕੀਤਾ ਗਿਆ। ਇਸ ਮੌਕੇ ਭਾਈ ਪ੍ਰੇਮਜੀਤ ਸਿੰਘ ਹੀਰਾ, ਗੁਰਮੀਤ ਸਿੰਘ ਸਾਹਨੀ, ਸੁਰਿੰਦਰ ਪਾਲ ਸਿੰਘ ਸਿਦਕੀ, ਗੁਰਿੰਦਰ ਸਿੰਘ ਗੁਜਰਾਲ, ਚਰਨਜੀਤ ਪਾਲ ਸਿੰਘ ਚੰਨੀ, ਗਗਨਦੀਪ ਸਿੰਘ ਗੱਗੀ, ਗੁਰਵਿੰਦਰ ਸਿੰਘ ਸਰਨਾ, ਪਰਮਿੰਦਰ ਸਿੰਘ ਸੋਬਤੀ, ਬਲਜਿੰਦਰ ਸਿੰਘ, ਗੁਰਪ੍ਰੀਤ ਸਿੰਘ ਰੋਬਿਨ, ਹਰਪ੍ਰੀਤ ਸਿੰਘ ਪ੍ਰੀਤ, ਜਗਪਾਲ ਸਿੰਘ, ਡਾ. ਸੁਰਿੰਦਰ ਸਿੰਗਲਾ ਆਦਿ ਨੇ ਸਾਹਨੀ ਸਾਹਿਬ ਵੱਲੋਂ ਇਸ ਦੁਰਲੱਭ ਖਜ਼ਾਨੇ ਨੂੰ ਇਕੱਤਰ ਤੇ ਸਾਂਭਣ ਲਈ ਕੀਤੀ ਮਿਹਨਤ ਅਤੇ ਇਸ ਉੱਦਮ ਦੀ ਭਰਪੂਰ ਸ਼ਲਾਘਾ ਕੀਤੀ।

ਸ਼ਾਮ 5 ਵਜੇ ਤੋਂ ਦੇਰ ਰਾਤ ਤੱਕ ਵੱਡੀ ਗਿਣਤੀ ’ਚ ਸ਼ਹਿਰ ਨਿਵਾਸੀਆਂ, ਜਿਨ੍ਹਾਂ ਵਿੱਚ ਡਾ. ਪ੍ਰਸ਼ੋਤਮ ਸਾਹਨੀ, ਧਰਮਪਾਲ ਬਾਤਿਸ਼, ਭੁਪੇਸ਼ ਭਾਰਦਵਾਜ, ਅਸ਼ੋਕ ਗਰਗ ਸੀ ਏ, ਰਾਜੀਵ ਜਿੰਦਲ, ਕੁਲਦੀਪ ਅਹੂਜਾ, ਵਨੀਤ ਦੁੱਗਲ ਪ੍ਰਧਾਨ ਬਾਰ ਐਸੋਸੀਏਸ਼ਨ, ਸਰਬਪ੍ਰੀਤ ਸਿੰਘ ਕੋਹਲੀ ਸਨ, ਤੋਂ ਇਲਾਵਾ ਧੂਰੀ ਤੋਂ ਵੀ ਸਪੈਸ਼ਲ ਤੌਰ ’ਤੇ ਪਹੁੰਚੇ ਲੋਕਾਂ ਨੇ ਇਸ ਪ੍ਰਦਰਸ਼ਨੀ ਨੂੰ ਦੇਖਿਆ ਤੇ ਸ਼ਲਾਘਾ ਕੀਤੀ।

# ਮਹਿਲਾ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਰੰਧਾਵਾ ਦਾ ਸਨਮਾਨ


ਮਹਿਲਾ ਕਾਂਗਰਸ ਦੇ ਨਵ-ਨਿਯੁਕਤ ਸੂਬਾ ਪ੍ਰਧਾਨ ਗੁਰਸ਼ਰਨ ਕੌਰ ਰੰਧਾਵਾ ਦਾ ਸਨਮਾਨ ਕਰਦੇ ਹੋਏ ਪਤਵੰਤੇ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਪੰਜਾਬ ਪ੍ਰਦੇਸ ਮਹਿਲਾ ਕਾਂਗਰਸ ਦੇ ਨਵ-ਨਿਯੁਕਤ ਪ੍ਰਧਾਨ ਸ੍ਰੀਮਤੀ ਗੁਰਸ਼ਰਨ ਕੌਰ ਰੰਧਾਵਾ ਦਾ ਪ੍ਰਧਾਨ ਬਣਨ ਉਪਰੰਤ ਵਿਧਾਨ ਸਭਾ ਹਲਕਾ ਸ਼ੁਤਰਾਣਾ ਵਿੱਚ ਪਹਿਲੀ ਵਾਰ ਆਉਣ ’ਤੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਦੀ ਅਗਵਾਈ ਵਿੱਚ ਵਰਕਰਾਂ ਵੱਲੋਂ ਵਿਸ਼ੇਸ਼ ਸਨਮਾਨ ਕੀਤਾ ਗਿਆ। ਭਾਰਤ ਜੋੜੋ ਯਾਤਰਾ ਤਹਿਤ ਘੱਗਾ ਵਿਖੇ ਕੀਤੀ ਗਈ ਮੀਟਿੰਗ ਦੌਰਾਨ ਪੰਜਾਬ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਡਿਪਟੀ ਲੀਡਰ ਰਾਜ ਕੁਮਾਰ ਚੱਬੇਵਾਲ ਨੇ ਸ੍ਰੀਮਤੀ ਰੰਧਾਵਾ ਨੂੰ ਸਨਮਾਨਤ ਕੀਤਾ।

ਸਨਮਾਨ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਾਂਗਰਸ ਦੇ ਹਲਕਾ ਇੰਚਾਰਜ ਦਰਬਾਰਾ ਸਿੰਘ ਬਣਵਾਲਾ ਨੇ ਕਿਹਾ ਕਿ ਸ੍ਰੀਮਤੀ ਪ੍ਰਧਾਨ ਪੰਜਾਬ ਪ੍ਰਦੇਸ ਮਹਿਲਾ ਕਾਂਗਰਸ ਦਾ ਪ੍ਰਧਾਨ ਬਣਨਾ ਵਿਧਾਨ ਸਭਾ ਹਲਕਾ ਸ਼ੁਤਰਾਣਾ ਲਈ ਮਾਣ ਵਾਲੀ ਗੱਲ ਹੈ, ਕਿਉਂਕਿ ਉਨ੍ਹਾਂ ਆਪਣੇ ਰਾਜਨੀਤਕ ਸਫਰ ਦੀ ਸ਼ੁਰੂਆਤ ਸ਼ੁਤਰਾਣਾ ਤੋਂ ਕੀਤੀ ਸੀ। ਸਨਮਾਨ ਹਾਸਲ ਕਰਨ ਉਪਰੰਤ ਹਲਕਾ ਵਾਸੀਆਂ ਦਾ ਧੰਨਵਾਦ ਕਰਦਿਆਂ ਸ੍ਰੀਮਤੀ ਗੁਰਸ਼ਰਨ ਕੌਰ ਰੰਧਾਵਾ ਨੇ ਕਿਹਾ ਕਿ ਉਨ੍ਹਾ ਦਾ ਪਰਵਾਰ ਹਲਕਾ ਵਾਸੀਆਂ ਦਾ ਤਹਿ ਦਿਲ ਤੋਂ ਧੰਨਵਾਦੀ ਹੈ, ਕਿਉਂਕਿ ਜਦੋਂ ਵੀ ਉਨ੍ਹਾਂ ਦੇ ਪਰਵਾਰ ਨੇ ਸਹਿਯੋਗ ਮੰਗਿਆ, ਹਲਕਾ ਵਾਸੀਆਂ ਨੇ ਉਨ੍ਹਾਂ ਨੂੰ ਭਰਪੂਰ ਸਮਰਥਨ ਦਿੱਤਾ। ਜ਼ਿਲ੍ਹਾ ਪ੍ਰੀਸ਼ਦ ਦੇ ਦਫਤਰੀਵਾਲਾ ਜ਼ੋਨ ਤੋਂ ਪਹਿਲੀ ਵਾਰ ਮੈਂਬਰ ਬਣ ਕੇ ਚੇਅਰਪਰਸਨ ਹੁੰਦਿਆਂ ਉਨ੍ਹਾ ਲੋਕਾਂ ਦੀ ਸੇਵਾ ਕਰਨ ਦੀ ਹਰ ਸੰਭਵ ਕੋਸ਼ਿਸ਼ ਕੀਤੀ। ਉਨ੍ਹਾਂ ਪਾਰਟੀ ਹਾਈ ਕਮਾਂਡ ਤੇ ਪੰਜਾਬ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਦਾ ਵਿਸ਼ੇਸ਼ ਤੌਰ ’ਤੇ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਮਿਹਨਤ ਨੂੰ ਹਾਈ ਕਮਾਂਡ ਨੇ ਪਛਾਣਦੇ ਹੋਏ ਜੋ ਮਾਣ ਦਿੱਤਾ, ਉਸ ਲਈ ਉਹ ਤਹਿ ਦਿਲ ਤੋਂ ਧੰਨਵਾਦੀ ਹਨ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕੁਆਡੀਨੇਟਰ ਰਜਿੰਦਰ ਸਿੰਘ ਬਿੱਟੂ, ਬਲਾਕ ਕਾਂਗਰਸ ਦੇ ਪ੍ਰਧਾਨ ਹਰਪ੍ਰੀਤ ਸਿੰਘ ਬੱਬੂ ਬਾਜਵਾ, ਪਾਤੜਾਂ ਦੇ ਪ੍ਰਧਾਨ ਰਣਜੀਤ ਸਿੰਘ ਮਤੌਲੀ, ਨੰਬਰਦਾਰ ਗੁਰਦਰਸ਼ਨ ਸਿੰਘ ਗਲੋਲੀ, ਧਰਮ ਪਾਲ ਬਰਾਸ ਆਦਿ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਜਥੇਬੰਦੀ ਵੱਲੋਂ ਅੱਜ ਸਰਕਾਰ ਦੇ ਪੁਤਲੇ ਫੂਕਣ ਦਾ ਐਲਾਨ



ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਡੀਸੀ ਦਫਤਰ ਤਰਨਤਾਰਨ ਅਤੇ ਟੋਲ ਪਲਾਜ਼ਿਆਂ 'ਤੇ ਚੱਲ ਰਹੇ ਮੋਰਚਿਆਂ ਵਿੱਚ 3 ਜਨਵਰੀ ਨੂੰ ਪੰਜਾਬ ਸਰਕਾਰ ਦੇ ਪੁਤਲੇ ਫੂਕਣ ਦਾ ਐਲਾਨ ਕੀਤਾ ਗਿਆ। ਇਸ ਸਬੰਧੀ ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਸੂਬਾ ਆਗੂ ਹਰਪ੍ਰੀਤ ਸਿੰਘ ਪੰਡੋਰੀ ਸਿੱਧਵਾਂ, ਸਤਨਾਮ ਸਿੰਘ ਮਾਣੋਚਾਹਲ, ਹਰਜਿੰਦਰ ਸਿੰਘ ਸ਼ਕਰੀ ਨੇ ਦੱਸਿਆ ਕਿ ਪੰਜਾਬ ਸਰਕਾਰ ਦਾ ਦੂਹਰਾ ਚਿਹਰਾ ਲੋਕਾਂ ਸਾਹਮਣੇ ਨੰਗਾ ਹੋ ਚੁੱਕਾ ਹੈ। ਜਿਹੜੇ ਲੋਕ ਸਰਕਾਰ ਬਣਨ ਤੋਂ ਪਹਿਲਾਂ ਪੰਜਾਬ ਦਾ ਪਾਣੀ ਗੰਧਲਾ ਹੋਣ ਦੀ ਦੁਹਾਈ ਦਿੰਦੇ ਨਹੀਂ ਸੀ ਥੱਕਦੇ ਹੁਣ ਸੱਤਾ 'ਤੇ ਕਾਬਜ਼ ਹੁੰਦਿਆਂ ਕਾਰਪੋਰੇਟਾਂ ਦੇ ਹੱਕ ਵਿੱਚ ਭੁਗਤ ਕੇ ਧਰਤੀ, ਹਵਾ, ਪਾਣੀ ਬਚਾਉਣ ਲਈ ਸੰਘਰਸ਼ ਕਰਨ ਵਾਲਿਆਂ 'ਤੇ ਪਰਚੇ ਦਰਜ ਕਰਕੇ ਜੇਲਾਂ ਵਿੱਚ ਡੱਕ ਰਹੇ ਹਨ।

ਉਨ੍ਹਾਂ ਨੇ ਅੱਗੇ ਕਿਹਾ ਕਿ ਭਗਵੰਤ ਮਾਨ ਸਰਕਾਰ ਮਾਲਬਰੋਜ਼ ਸ਼ਰਾਬ ਫੈਕਟਰੀ ਜ਼ੀਰਾ ਦੇ ਮਾਲਕ ਖਿਲਾਫ ਸਖਤ ਅਪਰਾਧਿਕ ਧਾਰਾਵਾਂ ਤਹਿਤ ਮਾਮਲੇ ਦਰਜ ਕਰਕੇ ਉਕਤ ਫੈਕਟਰੀ ਨੂੰ ਬੰਦ ਕਰਾ ਕੇ ਹੋਰਨਾਂ ਨੂੰ ਸਖਤ ਸੰਦੇਸ਼ ਦੇਣ ਦੀ ਥਾਂ ਕਮੇਟੀਆਂ ਬਣਾ ਕੇ ਜਾਂਚ ਦੇ ਬਹਾਨੇ ਫੈਕਟਰੀ ਮੂਹਰੇ ਲੱਗਾ ਧਰਨਾ ਚੁਕਾਉਣ ਦੀਆਂ ਕੋਝੀਆਂ ਚਾਲਾਂ ਚੱਲ ਰਹੀ ਹੈ।

ਉਨ੍ਹਾਂ ਨੇ ਕਿਹਾ ਕਿ ਅੱਜ ਪੰਜਾਬ ਦੀ ਧਰਤੀ ਹਵਾ ਪਾਣੀ ਬਚਾਉਣ ਦੀ ਵੱਡੀ ਲੋੜ ਹੈ। ਇਸ ਲਈ ਸਾਰਿਆਂ ਨੂੰ ਇਸ ਕਾਰਜ ਵਾਸਤੇ ਆਪਣਾ ਯੋਗਦਾਨ ਪਾਉਣਾ ਚਾਹੀਦਾ ਹੈ। ਉਨ੍ਹਾਂ ਨੇ ਕਿਹਾ ਕਿ ਮੋਰਚੇ ਲਗਾਤਾਰ ਜਾਰੀ ਰਹਿਣਗੇ ਅਤੇ ਸੰਘਰਸ਼ ਨੂੰ ਹੋਰ ਤੇਜ਼ ਕੀਤਾ ਜਾਵੇਗਾ। ਇਸ ਮੌਕੇ ਪ੍ਰਧਾਨ ਅਜੀਤ ਸਿੰਘ ਚੰਬਾ, ਪ੍ਰਧਾਨ ਕਰਮ ਸਿੰਘ ਸ਼ਾਹ ਹਵੇਲੀਆਂ, ਪ੍ਰਧਾਨ ਹਰਜਿੰਦਰ ਸਿੰਘ ਹਵੇਲੀਆਂ, ਗੁਰਪਾਲ ਸਿੰਘ ਹਲਾਲਕਾ, ਜੁਗਰਾਜ ਸਿੰਘ ਰਾਨੀਵਲਾਹ ਅਤੇ ਮਨਜੀਤ ਸਿੰਘ ਕਰਮੂੰਵਾਲਾ ਆਦਿ ਹਾਜ਼ਰ ਸਨ।

# ਪੰਜਾਬ ਸਰਕਾਰ ਬਦਲਾਖੋਰੀ ਦੀ ਭਾਵਨਾ ਨਾਲ ਕਾਂਗਰਸੀ ਆਗੂਆਂ ਨੂੰ ਕਰ ਰਹੀ ਤੰਗ-ਪ੍ਰੇਸ਼ਾਨ: ਕੱਕੜ

ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਪੰਜਾਬ ਵਿਚਲੀ ਆਪ ਸਰਕਾਰ ਪੰਜਾਬ ਵਿੱਚ ਤਾਨਾਸ਼ਾਹੀ ਰਵੱਈਆ ਅਪਣਾ ਰਹੀ ਹੈ। ਪੰਜਾਬੀਆਂ ਨਾਲ ਕੀਤੇ ਵਾਅਦੇ ਪੂਰੇ ਕਰਨ ਦੀ ਬਜਾਏ ਕਾਂਗਰਸੀ ਆਗੂਆਂ ਵਿਰੁੱਧ ਦਮਨਕਾਰੀ ਨੀਤੀ ਅਪਣਾਈ ਹੋਈ ਹੈ, ਕਾਂਗਰਸੀ ਯੋਧੇ ਮੂਕ ਦਰਸ਼ਕ ਬਣ ਕੇ ਤਮਾਸ਼ਾ ਨਹੀਂ ਵੇਖਦੇ ਰਹਿਣਗੇ। ਕਾਂਗਰਸੀਆਂ ਨੂੰ ਇੱਟ ਦਾ ਜਵਾਬ ਪੱਥਰ ਨਾਲ ਦੇਣਾ ਆਉਂਦਾ ਹੈ, ਇਸ ਲਈ ਪੰਜਾਬ ਸਰਕਾਰ ਅਜਿਹਾ ਤਾਨਾਸ਼ਾਹੀ ਰਵੱਈਆ ਬੰਦ ਕਰੇ।

ਉਕਤ ਵਿਚਾਰਾਂ ਦਾ ਪ੍ਰਗਟਾਵਾ ਅਮਨਦੀਪ ਸਿੰਘ ਕੱਕੜ ਮੀਡੀਆ ਸਲਾਹਕਾਰ ਸਾਬਕਾ ਕੈਬਨਿਟ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਅਤੇ ਮੀਤ ਪ੍ਰਧਾਨ ਜ਼ਿਲਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਕੱਕੜ ਨੇ ਕਿਹਾ ਕਿ ਆਪਣੇ ਦਸ ਮਹੀਨੇ ਦੇ ਕਾਰਜਕਾਲ ਵਿੱਚ ਪੰਜਾਬ ਸਰਕਾਰ ਨੇ ਪੰਜਾਬੀਆਂ ਦੀ ਭਲਾਈ ਲਈ ਕੋਈ ਉਸਾਰੂ ਕੰਮ ਨਹੀਂ ਕੀਤਾ। ਪੰਜਾਬੀਆਂ ਨੂੰ ਘਰੋਂ ਬੇਘਰ ਜ਼ਰੂਰ ਕੀਤਾ ਹੈ, ਪਹਿਲਾਂ ਜਲੰਧਰ ਹੁਣ ਅੰਮ੍ਰਿਤਸਰ ਵਿੱਚ ਵੀ 850 ਘਰਾਂ ਨੂੰ ਨੋਟਿਸ ਭੇਜੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਕੱਠਪੁਤਲੀ ਸਰਕਾਰ ਬਣ ਗਈ ਹੈ। ਕਾਰਪੋਰੇਟ ਘਰਾਣਿਆਂ ਨੂੰ ਖੁਸ਼ ਕਰਨ ਲਈ ਜ਼ੀਰਕਪੁਰ ਵਿਖੇ ਸ਼ਰਾਬ ਦੀ ਫ਼ੈਕਟਰੀ ਬੰਦ ਨਹੀਂ ਕਰਵਾ ਰਹੀ।

ਕੱਕੜ ਨੇ ਕਿਹਾ ਕਿ ਆਪਣੀਆਂ ਇਨ੍ਹਾਂ ਘਿਨਾਉਣੀਆਂ ਹਰਕਤਾਂ ਤੋਂ ਜਨਤਾ ਦਾ ਧਿਆਨ ਪਾਸੇ ਕਰਨ ਲਈ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਵਿਰੁੱਧ ਮਨਘੜਤ ਕੇਸ ਦਰਜ ਕਰਵਾਇਆ। ਉਨ੍ਹਾਂ ਦਾਅਵੇ ਨਾਲ ਕਿਹਾ ਕਿ ਇਸ ਵਿੱਚੋਂ ਚੰਨੀ ਵਿਰੁੱਧ ਪੰਜਾਬ ਸਰਕਾਰ ਨੂੰ ਕੁੱਝ ਹੱਥ ਨਹੀਂ ਲੱਗੇਗਾ, ਉਲਟਾ ਸਰਕਾਰ ਆਪਣੀ ਬਦਨਾਮੀ ਕਰਵਾਏਗੀ। ਕੱਕੜ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਆਪਣੇ 3 ਮਹੀਨੇ ਦੇ ਕਾਰਜਕਾਲ ਦੌਰਾਨ ਪੰਜਾਬ ਦਾ ਖਾਧਾ ਕੁੱਝ ਨਹੀਂ ਉਲਟਾ ਆਪਣੇ ਘਰ ਦੇ ਬਾਹਰ ਲੰਗਰ ਲਗਾ ਕੇ ਪੰਜਾਬੀਆਂ ਨੂੰ ਖਵਾਇਆ ਹੀ ਹੈ। ਆਪ ਸਰਕਾਰ ਤਾਂ ਪੰਜਾਬ ਦਾ ਪੈਸਾ ਬਾਹਰਲੇ ਸੂਬਿਆਂ ਦੀਆਂ ਚੋਣਾਂ ਤੇ ਆਪਣੀ ਝੂਠੀ ਪ੍ਰਸੰਸਾ ਕਰਵਾਉਂਣ ਲਈ ਨਿਊਜ਼ ਪੇਪਰਾਂ ਤੇ ਐਡਾਂ ਲਵਾਉਣ ਲਈ ਖਰਚ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਵਰਗ ਇਸ ਸਰਕਾਰ ਤੋਂ 10 ਮਹੀਨਿਆਂ ਵਿੱਚ ਹੀ ਨਿਰਾਸ਼ ਹੋ ਗਿਆ ਹੈ। ਸਿੱਧੂ ਮੂਸੇਵਾਲਾ ਦੇ ਪਰਿਵਾਰ ਨੂੰ ਅਜੇ ਤੱਕ ਇਸ ਸਰਕਾਰ ਨੇ ਕੋਈ ਇਨਸਾਫ਼ ਨਹੀਂ ਦਿੱਤਾ, ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਕਰਨ ਵਾਲਿਆਂ ਵਿਰੁੱਧ ਕੋਈ ਕਾਰਵਾਈ ਅਜੇ ਤੱਕ ਨਹੀਂ ਕੀਤੀ ਗਈ, ਨਸ਼ਾ ਪਹਿਲਾਂ ਤੋਂ ਜ਼ਿਆਦਾ ਵਧ ਗਿਆ ਹੈ। ਹਰ ਮੁੱਦੇ 'ਤੇ ਫ਼ੇਲ ਸਰਕਾਰ ਨੂੰ ਪੰਜਾਬੀ ਆ ਰਹੀਆਂ ਚੋਣਾਂ ਵਿੱਚ ਚੰਗਾ ਸਬਕ ਸਿਖਾਉਣਗੇ।

ਇਸ ਮੌਕੇ ਉਨ੍ਹਾਂ ਨਾਲ ਬੂਆ ਸਿੰਘ ਸੰਧੂ ਓਐਸਡੀ ਸਰਕਾਰੀਆ, ਰਵੀ ਕੁਮਾਰ ਪੀਏ ਸਰਕਾਰੀਆ, ਮਨਦੀਪ ਸਿੰਘ ਮੁਹਾਰ ਐਡਵੋਕੇਟ, ਗੁਰਦੇਵ ਸਿੰਘ ਸ਼ੂਹਰਾ ਮੈਂਬਰ ਜ਼ਿਲਾ ਪ੍ਰੀਸ਼ਦ, ਬਲਦੇਵ ਸਿੰਘ ਮੰਝ ਮੈਂਬਰ ਬਲਾਕ ਸੰਮਤੀ, ਬਲਜਿੰਦਰ ਸਿੰਘ ਧਾਰੀਵਾਲ ਜਨਰਲ ਸਕੱਤਰ ਦਿਹਾਤੀ, ਰਿੰਕੂ ਚੋਗਾਵਾਂ ਅਤੇ ਡਾ. ਪਰਗਟ ਸਿੰਘ ਭੁੱਲਰ ਆਦਿ ਹਾਜ਼ਰ ਸਨ।

# ਪੰਜਾਬੀ ਸਾਹਿਤ ਸਭਾ ਚੋਗਾਵਾਂ ਵੱਲੋਂ ਦਫਤਰ ਤੇ ਲਾਇਬਰੇਰੀ ਦਾ ਉਦਘਾਟਨ



**ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)**-33 ਸਾਲਾਂ ਤੋਂ ਪੰਜਾਬੀ ਮਾਤ ਭਾਸ਼ਾ ਦੇ ਪ੍ਰਚਾਰ ਤੇ ਪ੍ਰਸਾਰ ਲਈ ਨਿਰੰਤਰ ਯਤਨ ਕਰ ਰਹੀ ਪੰਜਾਬੀ ਸਾਹਿਤ ਸਭਾ ਚੋਗਾਵਾਂ (ਰਜਿ.) ਅੰਮ੍ਰਿਤਸਰ ਵੱਲੋਂ ਅਟਾਰੀ ਰੋਡ ਚੋਗਾਵਾਂ ਨੇੜੇ ਡਾਕਖਾਨਾ ਵਿਖੇ ਸਭਾ ਦੇ ਦਫਤਰ ਅਤੇ ਫਤਹਿ ਸਿੰਘ ਔਲਖ ਯਾਦਗਾਰੀ ਲਾਇਬਰੇਰੀ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੇ ਪ੍ਰਮੁੱਖ ਕਹਾਣੀਕਾਰ ਮੁਖਤਾਰ ਗਿੱਲ ਨੇ ਰਸਮੀ ਤੌਰ 'ਤੇ ਫੀਤਾ ਕੱਟ ਕੇ ਕੀਤਾ। ਸਮਾਗਮ ਦੀ ਪ੍ਰਧਾਨਗੀ ਕਰ ਰਹੇ ਡਾ. ਹੀਰਾ ਸਿੰਘ ਨੇ ਕਿਹਾ ਕਿ ਲਾਇਬਰੇਰੀਆਂ ਸਮਾਜਕ ਚੇਤਨਾ ਦਾ ਮੁੱਖ ਸਰੋਤ ਹੁੰਦੀਆਂ ਹਨ ਅਤੇ ਪੁਸਤਕਾਂ ਨਾਲ ਜੁੜੇ ਲੋਕ ਜੀਵਨ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਦੇ ਯੋਗ ਹੋ ਜਾਂਦੇ ਹਨ। ਮੁਖਤਾਰ ਗਿੱਲ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਉਨ੍ਹਾਂ ਨੇ ਸਾਹਿਤ ਸਭਾ ਰੂਪੀ ਬੂਟਾ ਜੋ 1990 ਵਿੱਚ ਹੱਥੀਂ ਲਾਇਆ ਸੀ, ਉਹ ਅੱਜ ਵਿਸ਼ਾਲ ਦਰੱਖਤ ਬਣ ਚੁੱਕਾ ਹੈ। ਮੰਚ ਸੰਚਾਲਕ ਦੇ ਫਰਜ਼ ਨਿਭਾ ਰਹੇ ਪੰਜਾਬੀ ਸਾਹਿਤ ਸਭਾ ਚੋਗਾਵਾਂ ਦੇ ਪ੍ਰਧਾਨ ਅਤੇ ਕੇਂਦਰੀ ਪੰਜਾਬੀ ਲੇਖਕ ਸਭਾ ਦੇ ਸਕੱਤਰ ਧਰਵਿੰਦਰ ਸਿੰਘ ਔਲਖ ਨੇ ਵੱਧ ਤੋਂ ਵੱਧ ਪਾਠਕਾਂ ਤੇ ਨਵੇਂ ਉੱਭਰ ਰਹੇ ਲੇਖਕਾਂ ਨੂੰ ਸਾਹਿਤ ਸਭਾ ਤੇ ਲਾਇਬਰੇਰੀ ਨਾਲ ਜੁੜਨ ਦਾ ਸੱਦਾ ਦਿੱਤਾ। ਫੋਕਲੋਰ ਰਿਸਰਚ ਅਕਾਦਮੀ ਅੰਮ੍ਰਿਤਸਰ ਦੇ ਪ੍ਰਧਾਨ ਰਮੇਸ਼ ਯਾਦਵ ਨੇ ਲਾਇਬਰੇਰੀ ਵਾਸਤੇ 1100 ਰੁਪਏ ਤੇ ਕਿਤਾਬਾਂ ਭੇਟ ਕੀਤੀਆਂ। ਇਸ ਸਮਾਗਮ ਦੀ ਪ੍ਰਧਾਨਗੀ ਕਰ ਰਹੇ ਪਰਵਾਸੀ ਪੰਜਾਬੀ ਸਰਤਾਜ ਸਿੰਘ ਧੌਲ (ਆਸਟਰੇਲੀਆ) ਤੇ ਡਾ. ਕੇਵਲ ਸਿੰਘ ਰੰਧਾਵਾ (ਕੈਨੇਡਾ), ਹਰਮੀਤ ਆਰਟਿਸਟ ਨੇ ਵੀ ਵਿਚਾਰ ਪੇਸ਼ ਕਰਦਿਆਂ ਲਾਇਬਰੇਰੀ ਲਈ ਹਰ ਤਰ੍ਹਾਂ ਦਾ ਸਹਿਯੋਗ ਦੇਣ ਦਾ ਭਰੋਸਾ ਦਿਵਾਇਆ।

ਇਸ ਲਾਇਬਰੇਰੀ ਦੇ ਉਦਘਾਟਨ ਮੌਕੇ ਮੁਖਤਾਰ ਗਿੱਲ, ਅਮਨ ਰਣਜੀਤ ਗੱਗੋਮਾਹਲ, ਧਰਵਿੰਦਰ ਸਿੰਘ ਔਲਖ, ਰਮੇਸ਼ ਯਾਦਵ ਨੇ ਕਿਤਾਬਾਂ ਦੇ ਸੈੱਟ ਭੇਟ ਕੀਤੇ। ਕਰਵਾਏ ਕਵੀ ਦਰਬਾਰ ਵਿੱਚ ਮੇਘਲਾ ਦੇ ਸੰਪਾਦਕ ਜਤਿੰਦਰ ਸਿੰਘ ਔਲਖ, ਅਮਨਪ੍ਰੀਤ ਸਿੰਘ ਗੱਗੋਮਾਹਲ, ਰਣਜੀਤ ਕੌਰ, ਗੱਗੋਮਾਹਲ, ਗੁਰਜਿੰਦਰ ਸਿੰਘ ਬਘਿਆੜੀ, ਰਾਜ ਚੋਗਾਵਾਂ, ਕਿਰਨਜੀਤ ਕੌਰ ਕਿਰਨ ਸ਼ਾਹ, ਬਿਕਰਮਜੀਤ ਸਿੰਘ ਲੋਪੋਕੇ, ਜਗਰੂਪ ਸਿੰਘ ਐਮਾਂ, ਰਣਜੀਤ ਸਿੰਘ ਆਦਿ ਸ਼ਾਇਰਾਂ ਨੇ ਕਾਵਿ ਰਚਨਾਵਾਂ ਪੇਸ਼ ਕਰਕੇ ਮਾਹੌਲ ਨੂੰ ਕਾਵਿਕ ਰੰਗ ਵਿੱਚ ਰੰਗਿਆ। ਲਾਇਬਰੇਰੀ ਵਾਸਤੇ ਜਗ੍ਹਾ ਦਾ ਪ੍ਰਬੰਧ ਕਰਨ ਵਾਲੇ ਸਭਾ ਦੇ ਮੀਤ ਪ੍ਰਧਾਨ ਯੁੱਧਬੀਰ ਸਿੰਘ ਔਲਖ, ਗਗਨਦੀਪ ਸਿੰਘ ਔਲਖ, ਜੋਬਨਦੀਪ ਸਿੰਘ ਔਲਖ ਨੇ ਮੁਖਤਾਰ ਗਿੱਲ, ਡਾ. ਹੀਰਾ ਸਿੰਘ, ਧਰਵਿੰਦਰ ਸਿੰਘ ਔਲਖ, ਡਾ. ਕੇਵਲ ਸਿੰਘ ਰੰਧਾਵਾ ਨੂੰ ਸਨਮਾਨਿਤ ਕੀਤਾ।

ਇਸ ਮੌਕੇ ਆਜ਼ਾਦ ਸਿੰਘ ਸਰਕਾਰੀਆ, ਹਰਜੀਤ ਸਿੰਘ ਲਾਡੀ ਸਰਕਾਰੀਆ, ਗੁਲਸ਼ਨ ਸਿੰਘ ਬਾਗੀ, ਵਿਸ਼ਵਪ੍ਰੀਤ ਕੌਰ ਗੱਗੋਮਾਹਲ, ਸਤਿੰਦਰਪਾਲ ਸਿੰਘ ਰੰਧਾਵਾ, ਮਾਸਟਰ ਲਖਵਿੰਦਰ ਸਿੰਘ ਚੋਗਾਵਾਂ, ਗੁਰਵਿੰਦਰ ਸਿੰਘ ਕਲਸੀ, ਜਗਬੀਰ ਸਿੰਘ ਚੋਗਾਵਾਂ, ਸੁਖਵਿੰਦਰ ਸਿੰਘ, ਹਰਪ੍ਰੀਤ ਸਿੰਘ ਆਦਿ ਨੇ ਹਾਜ਼ਰੀ ਭਰਕੇ ਸਮਾਗਮ ਨੂੰ ਭਰਪੂਰਤਾ ਬਖ਼ਸ਼ੀ।

# ਹਰ ਕੰਮ 'ਚ ਨਾਮ ਬਾਣੀ ਦਾ ਹੀ ਓਟ ਆਸਰਾ ਹੋਵੇ: ਭਾਈ ਗੁਰਇਕਬਾਲ ਸਿੰਘ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕਿਸ਼ਨਗੜ੍ਹ ਅੰਦਰੂਨ ਚਾਟੀਵਿੰਡ ਗੇਟ ਵਿਖੇ ਹਰਦਿਆਲ ਸਿੰਘ ਦੇ ਪਰਿਵਾਰ ਵੱਲੋਂ ਬੀਬੀ ਕੌਲਾਂ ਜੀ ਭਲਾਈ ਕੇਂਦਰ ਟਰੱਸਟ ਭਾਈ ਗੁਰਇਕਬਾਲ ਸਿੰਘ ਦੇ ਸਹਿਯੋਗ ਨਾਲ ਕਲਗੀਧਰ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਅਤੇ 2023 ਦੇ ਆਗਾਜ਼ 'ਤੇ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਭੁਪਿੰਦਰ ਸਿੰਘ ਨੇ ਦੱਸਿਆ ਕਿ ਨਵੇਂ ਸਾਲ ਦੀ ਆਮਦ 'ਤੇ ਸਜਾਏ ਗਏ ਕੀਰਤਨ ਸਮਾਗਮ ਦੀ ਆਰੰਭਤਾ ਬੀਬੀ ਨਰਿੰਦਰਜੀਤ ਕੌਰ ਅਤੇ ਅੰਮ੍ਰਿਤ ਵੇਲੇ ਨਿਤਨੇਮ ਬੀਬੀਆਂ ਦੇ ਜਥੇ ਵੱਲੋਂ ਸੰਗਤ ਰੂਪੀ ਪਾਠ ਸ੍ਰੀ ਸੁਖਮਨੀ ਸਾਹਿਬ ਨਾਲ ਕੀਤੀ ਗਈ। ਉਪਰੰਤ ਭਾਈ ਜਤਿੰਦਰ ਸਿੰਘ ਬਿੱਟੂ, ਭਾਈ ਅਮਨਦੀਪ ਸਿੰਘ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਭਾਈ ਗੁਰਇਕਬਾਲ ਸਿੰਘ ਨੇ ਸ੍ਰੀ ਚੌਪਈ ਸਾਹਿਬ ਦੇ ਸੰਗਤ ਰੂਪੀ ਪਾਠ ਦੀ ਹਾਜ਼ਰੀ ਉਪਰੰਤ ਕਥਾ ਕੀਰਤਨ ਦੀ ਅੰਮ੍ਰਿਤਮਈ ਵਰਖਾ ਕਰਕੇ 2023 ਦਾ ਆਗਾਜ਼ ਕੀਤਾ। ਇਸ ਮੌਕੇ ਭਾਈ ਸਾਹਿਬ ਨੇ ਕਿਹਾ ਕਿ ਸਾਨੂੰ ਹਰ ਕੰਮ ਵਿਚ ਨਾਮ ਬਾਣੀ ਦਾ ਹੀ ਓਟ ਆਸਰਾ ਹੋਵੇ ਚਾਹੇ ਉਹ ਨਵਾਂ ਸਾਲ ਹੀ ਕਿਓਂ ਨਾ ਹੋਵੇ।

ਇਸ ਮੌਕੇ ਵਿਸ਼ੇਸ਼ ਤੌਰ 'ਤੇ ਸ੍ਰੀ ਹਰਿਮੰਦਰ ਸਾਹਿਬ ਦੇ ਅਰਦਾਸੀਏ ਭਾਈ ਬਲਜੀਤ ਸਿੰਘ, ਭੁਪਿੰਦਰ ਸਿੰਘ, ਹਰਜਿੰਦਰ ਸਿੰਘ, ਤਰਲੋਚਨ ਸਿੰਘ, ਭਾਈ ਜਸਬੀਰ ਸਿੰਘ ਅਤੇ ਮਨਪ੍ਰੀਤ ਸਿੰਘ ਦਿੱਲੀ ਵਾਲਿਆਂ ਨੇ ਪਿਆਰ ਭਰੀਆਂ ਹਾਜ਼ਰੀਆਂ ਭਰੀਆਂ।

# ਡਾ. ਮਨਦੀਪ ਕੌਰ ਨੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਅਹੁਦਾ ਸੰਭਾਲਿਆ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਖ਼ਾਲਸਾ ਕਾਲਜ ਗਵਰਨਿੰਗ ਕੌਂਸਲ ਵੱਲੋਂ ਅੱਜ ਖਾਲਸਾ ਕਾਲਜ ਆਫ਼ ਐਜੂਕੇਸ਼ਨ, ਰਣਜੀਤ ਐਵੀਨਿਊ ਵਿਖੇ ਡਾ. ਮਨਦੀਪ ਕੌਰ ਨੂੰ ਨਵੀਂ ਕਾਰਜਕਾਰੀ ਪ੍ਰਿੰਸੀਪਲ ਵਜੋਂ ਨਿਯੁਕਤ ਕੀਤਾ ਗਿਆ ਜੋ ਕਿ ਉਸੇ ਸੰਸਥਾ 'ਚ ਕਾਫ਼ੀ ਲੰਮੇ ਸਮੇਂ ਤੋਂ ਪ੍ਰੋਫੈਸਰ ਵਜੋਂ ਸੇਵਾਵਾਂ ਨਿਭਾਅ ਰਹੇ ਸਨ। ਕੌਂਸਲ ਦੇ ਆਨਰੇਰੀ ਸਕੱਤਰ ਰਜਿੰਦਰ ਮੋਹਨ ਸਿੰਘ ਛੀਨਾ ਅਤੇ ਹੋਰ ਮੈਂਬਰਾਂ ਦੀ ਮੌਜੂਦਗੀ 'ਚ ਡਾ. ਮਨਦੀਪ ਕੌਰ ਨੇ ਆਪਣੀ ਡਿਊਟੀ ਜੁਆਇਨ ਕੀਤੀ। ਡਾ. ਮਨਦੀਪ ਕੌਰ ਨੂੰ ਅਧਿਆਪਨ ਵਜੋਂ ਖਾਸਾ ਤਜਰਬਾ ਹਾਸਲ ਹੈ।

ਇਸ ਮੌਕੇ ਕਾਲਜ ਦੀ ਮੌਜੂਦਾ ਪ੍ਰਿੰਸੀਪਲ ਡਾ. ਸੁਰਿੰਦਰਪਾਲ ਕੌਰ ਢਿੱਲੋਂ ਜੋ ਸੇਵਾਮੁਕਤੀ ਤੋਂ ਬਾਅਦ ਐਕਸਟੈਨਸ਼ਨ 'ਤੇ ਸਨ, ਨੂੰ ਅੱਜ ਨਿੱਘੀ ਵਿਦਾਇਗੀ ਦਿੱਤੀ ਗਈ। ਇਸ ਮੌਕੇ ਨਵੇਂ ਪ੍ਰਿੰ: ਡਾ: ਮਨਦੀਪ ਕੌਰ ਦਾ ਸਵਾਗਤ ਕਰਦੇ ਹੋਏ ਉਮੀਦ ਜ਼ਾਹਿਰ ਕਰਦਿਆਂ ਸ: ਛੀਨਾ ਨੇ ਕਿਹਾ ਕਿ ਅਧਿਆਪਨ ਦੇ ਸਿੱਖਿਆ ਖੇਤਰ 'ਚ ਪੌਸ਼ ਇਲਾਕੇ 'ਚ ਸਥਿਤ ਇਹ ਕਾਲਜ ਇਕ ਨਾਮਵਰ ਸੰਸਥਾ ਹੈ ਅਤੇ ਕਾਰਜਕਾਰੀ ਪ੍ਰਿੰਸੀਪਲ ਵਜੋਂ ਨਿਯੁਕਤ ਡਾ. ਮਨਦੀਪ ਕੌਰ ਕਾਲਜ ਨੂੰ ਬੁਲੰਦੀਆਂ 'ਤੇ ਲਿਜਾਣਗੇ। ਉਨ੍ਹਾਂ ਕਿਹਾ ਕਿ ਅਕਾਦਮਿਕ ਖੇਤਰ 'ਚ ਡਾ. ਮਨਦੀਪ ਕੌਰ ਦਾ ਤਜਰਬਾ ਸੰਸਥਾ ਲਈ ਇਕ ਵੱਡਮੁੱਲਾ ਯੋਗਦਾਨ ਹੋਵੇਗਾ, ਕਿਉਂਕਿ ਇਹ ਕਾਲਜ ਕਈ ਪੇਸ਼ੇਵਰ ਅਧਿਆਪਕ ਕਿੱਤੇ ਵਜੋਂ ਕੋਰਸ ਪ੍ਰਦਾਨ ਕਰਦਾ ਹੈ। ਉਨ੍ਹਾਂ ਕਿਹਾ ਕਿ ਡਾ. ਢਿੱਲੋਂ ਨੇ ਆਪਣੇ 17 ਸਾਲਾਂ ਦੇ ਕਾਰਜਕਾਲ ਦੌਰਾਨ ਕਾਲਜ ਨੂੰ ਸਿੱਖਿਆ ਦੇ ਮਿਆਰ 'ਚ ਉਚਾਈਆਂ ਤੱਕ ਪਹੁੰਚਾਇਆ ਹੈ ਅਤੇ ਉਨ੍ਹਾਂ ਦੀ ਮਿਹਨਤ ਸਦਕਾ ਕਾਲਜ ਨੇ ਕਈ ਖਿਤਾਬ ਆਪਣੇ ਨਾਮ 'ਤੇ ਦਰਜ ਕਰਵਾਏ ਹਨ। ਇਸ ਮੌਕੇ ਸ: ਛੀਨਾ ਨੇ ਨਵੇਂ ਪ੍ਰਿੰਸੀਪਲ ਨੂੰ ਸੰਸਥਾ ਦੀ ਤਰੱਕੀ ਅਤੇ ਪ੍ਰਸਾਰ ਲਈ ਪੂਰੀ ਲਗਨ ਅਤੇ ਜਜ਼ਬੇ ਨਾਲ ਮਿਹਨਤ ਕਰਨ ਦੀ ਆਸ ਕੀਤੀ। ਇਸ ਮੌਕੇ ਕੌਂਸਲ ਜੁਆਇੰਟ ਸਕੱਤਰ ਅਜਮੇਰ ਸਿੰਘ ਹੇਰ, ਪਰਮਜੀਤ ਸਿੰਘ ਬੱਲ, ਸਰਦੂਲ ਸਿੰਘ ਮੰਨਨ, ਖ਼ਾਲਸਾ ਕਾਲਜ ਇੰਟਰਨੈਸ਼ਨਲ ਪਬਲਿਕ ਸਕੂਲ, ਰਣਜੀਤ ਐਵੀਨਿਊ ਪ੍ਰਿੰਸੀਪਲ ਨਿਰਮਲਜੀਤ ਕੌਰ ਗਿੱਲ ਅਤੇ ਹੋਰ ਸਟਾਫ਼ ਹਾਜ਼ਰ ਸੀ।

# ਨੌਜਵਾਨਾਂ ਦੀਆਂ ਸਮੱਸਿਆਵਾਂ ਹੱਲ ਕਰੇ ਪੰਜਾਬ ਸਰਕਾਰ : ਬੈਂਸ

ਗੁਰਦਾਸਪੁਰ (ਨਜ਼ਸ)-ਇੰਡੀਅਨ ਨੈਸ਼ਨਲ ਟਰੇਡ ਯੂਨੀਅਨ ਕਾਂਗਰਸ (ਇੰਟਕ) ਦੀ ਮੀਟਿੰਗ ਯੂਨੀਅਨ ਦੇ ਪ੍ਰਧਾਨ ਪਲਵਿੰਦਰ ਸਿੰਘ ਬੈਂਸ ਦੀ ਪ੍ਰਧਾਨਗੀ ਹੇਠ ਹੋਈ। ਬੁਲਾਰਿਆਂ ਨੇ ਦੇਸ਼ ਵਾਸੀਆਂ ਨੂੰ ਨਵੇਂ ਵਰ੍ਹੇ ਦੀਆਂ ਮੁਬਾਰਕਾਂ ਦਿੰਦਿਆਂ ਸੂਬਾ ਸਰਕਾਰ ਨੂੰ ਅਪੀਲ ਕੀਤੀ ਕਿ ਸੰਨ 2023 ਵਿੱਚ ਹਰ ਵਰਗ ਦੀਆਂ ਸਮੱਸਿਆਵਾਂ ਹੱਲ ਕਰਨ ਵੱਲ ਗੰਭੀਰਤਾ ਨਾਲ ਧਿਆਨ ਦੇਵੇ। ਉਨ੍ਹਾਂ ਕਿਹਾ ਕਿ ਇਸ ਸਮੇਂ ਸੂਬੇ ਵਿੱਚ ਬੇਰੁਜ਼ਗਾਰੀ ਦੀ ਸਮੱਸਿਆ ਬੇਹੱਦ ਗੰਭੀਰ ਬਣੀ ਹੋਈ ਹੈ। ਨੌਜਵਾਨ ਨਿਰਾਸ਼ਾ ਦੇ ਆਲਮ ਵਿੱਚ ਨਸ਼ਿਆਂ ਵਿੱਚ ਗ਼ਲਤਾਨ ਹੋ ਰਹੇ ਹਨ। ਸਰਕਾਰ ਠੋਸ ਯੋਜਨਾਵਾਂ ਬਣਾ ਕੇ ਨੌਜਵਾਨਾਂ ਨੂੰ ਰੋਜ਼ਗਾਰ ਉਪਲਬਧ ਕਰਵਾਏ। ਬੈਠਕ ਵਿੱਚ ਸੀਨੀਅਰ ਉਪ ਪ੍ਰਧਾਨ ਰਾਮ ਲੁਭਾਇਆ, ਜਨਰਲ ਸਕੱਤਰ ਐਡਵੋਕੇਟ ਰੂਪ ਲਾਲ, ਦਸੋਰੀਆ, ਮਨੋਹਰ ਲਾਲ, ਰਾਜ ਕੁਮਾਰ, ਪੁਨੀਤ ਮਹਾਜਨ, ਤੀਰਥ ਰਾਮ, ਵਿਜੇ ਕੁਮਾਰ, ਪ੍ਰਦੀਪ ਸ਼ਰਮਾ, ਦੀਪਕ ਕੁਮਾਰ, ਰਜੇਸ਼ ਕੁਮਾਰ, ਜਸਵੀਰ ਚੰਦ, ਵਿਨੋਦ ਕੁਮਾਰ, ਸੁਨੀਲ ਕੁਮਾਰ, ਮੋਹਨ ਸਿੰਘ, ਰਵਿੰਦਰ ਕੁਮਾਰ ਅਤੇ ਜੋਗਿੰਦਰ ਪਾਲ ਢੋਲੂ ਮੌਜੂਦ ਸਨ।

# ਕਲਾਸੀਫਾਈਡ ਇਸ਼ਤਿਹਾਰ

## Public Notice

It is for general information that I, Balvir Singh S/o Tarsem Lal R/o Hussainpur Guru Ka, Kotla Naudh Singh, Hoshiarpur, Punjab-144208 declare that name of my wife has been wrongly written as Majeeta Kour in my Passport No.R8236645. The actual name of my wife is Manjit Kaur which may be amended accordingly. (Hitesh)

## ਆਮ ਸੂਚਨਾ

ਮੈਂ, ਹਰਮਨਪ੍ਰੀਤ ਸਿੰਘ ਪੁੱਤਰ ਬਲਬੀਰ ਸਿੰਘ ਵਾਸੀ ਪਿੰਡ ਫਿਰੋਜ਼ ਰੋਲੀਆ, ਜ਼ਿਲ੍ਹਾ ਹੁਸ਼ਿਆਰਪੁਰ ਦੇ ਨਾਮ ਤੇ ਬੈਨਾਮਾ (ਰਜਿਸਟਰੀ) ਵਸੀਕਾ ਨੰਬਰ 2828, ਜਾਇਦ ਬਹੀ 1, ਜਿਲਦ ਨੰਬਰ 804 ਤੇ ਸਫਾ ਨੰਬਰ 9192 ਜੋ ਜੁਇੰਟ ਰਜਿਸਟਰਾਰ ਟਾਂਡਾ ਵੱਲੋਂ ਮਿਤੀ 12-03-2008 ਨੂੰ ਜਾਰੀ ਹੋਇਆ ਸੀ ਮਿਤੀ 27.12.2022 ਨੂੰ ਟਾਂਡਾ ਵਿਖੇ ਗੁੰਮ ਹੋ ਗਈ ਹੈ, ਅਸੀ ਇਸ ਜਮੀਨ ਦੀ ਕੋਈ ਗਰੰਟੀ ਨਹੀਂ ਦਿੱਤੀ ਨਾਂ ਹੀ ਪਲੱਜ ਕੀਤੀ ਹੈ ਨਾਂ ਹੀ ਇਕੁਟੇਬਲ ਮੋਰਟਗੇਜ ਕੀਤੀ ਅਤੇ ਨਾਂ ਹੀ ਉਕਤ ਜਮੀਨ ਤੇ ਕੋਈ ਲੋਨ ਹੈ। ਉਕਤ ਰਜਿਸਟਰੀ ਦੇ ਗੁੰਮ ਹੋਣ ਸੰਬੰਧੀ ਮੇਰੇ ਪਿਤਾ ਬਲਬੀਰ ਸਿੰਘ ਦੁਆਰਾ ਰਿਪੋਰਟ ਨੰਬਰ 302528/2022 ਮਿਤੀ 30-12-2022 ਦੁਆਰਾ ਟਾਂਡਾ ਪੁਲਿਸ ਸਟੇਸ਼ਨ ਵਿੱਚ ਐਫ.ਆਈ.ਆਰ ਦਰਜ ਕਰਵਾ ਦਿਤੀ ਗਈ ਹੈ।

ਸੁਖਦੇਵ ਸਿੰਘ ਪੁੱਤਰ ਤਾਰਾ ਸਿੰਘ, ਬੁਤਾਲਾ (ਅੰਮ੍ਰਿਤਸਰ) ਨਾਮ ਚੱਲਦਾ ਟਿਊਬਵੈੱਲ ਕੁਨੈਕਸ਼ਨ ਏ.ਪੀ.-3709 ਨੂੰ ਸੁਰਿੰਦਰ ਸਿੰਘ ਪੁੱਤਰ ਸੁਖਦੇਵ ਸਿੰਘ, ਬੁਤਾਲਾ ਨਾਂ ਕਰਨ ਦੀ ਦਰਖਾਸਤ ਹੈ। ਇਤਰਾਜ਼ 15 ਦਿਨਾਂ ਅੰਦਰ ਦਫਤਰ ਪਾਵਰਕਾਮ ਬਾਬਾ ਬਕਾਲਾ ਪੁੱਜਣ। (ਅਠੌਲਾ)

## ਬੇਦਖਲੀ ਨੋਟਿਸ

ਅਸੀਂ, ਪਰਮਜੀਤ ਕੌਰ ਪਤਨੀ ਪੂਰਨ ਸਿੰਘ ਪੁੱਤਰ ਦਰਸ਼ਨ ਸਿੰਘ, ਪਿੰਡ ਲੱਖੂਵਾਲ (ਅੰਮ੍ਰਿਤਸਰ) ਆਪਣੇ ਲੜਕੇ ਜੁਗਰਾਜ ਸਿੰਘ, ਨੂੰਹ ਅਰਵਿਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਅਠੌਲਾ)

ਮੈਂ, ਸੁਦੇਸ਼ ਕੁਮਾਰ ਪੁੱਤਰ ਮਲਾਵਾ ਰਾਮ, ਬਾਬਾ ਬਕਾਲਾ (ਅੰਮ੍ਰਿਤਸਰ) ਆਪਣੇ ਲੜਕੇ ਗੁਲਸ਼ਨ ਕੁਮਾਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕੀਤਾ ਸੀ, ਹੁਣ ਉਹ ਮੇਰੇ ਕਹਿਣੇ ਵਿੱਚ ਹੈ, ਮੈਂ ਹੁਣ ਉਕਤ ਬੇਦਖਲੀ ਵਾਪਿਸ ਲੈਂਦਾ ਹਾਂ, ਹੁਣ ਉਹ ਮੇਰੀ ਚੱਲ-ਅਚੱਲ ਜਾਇਦਾਦ ਦਾ ਹੱਕਦਾਰ ਹੋਵੇਗਾ। (ਅਠੌਲਾ)

ਮੈਂ, ਗੁਰਮੁਖ ਸਿੰਘ ਪੁੱਤਰ ਚੰਨਣ ਸਿੰਘ, ਵਾਸੀ ਮਕਾਨ ਨੰਬਰ 222, ਵਾਰਡ ਨੰਬਰ 12, ਭੋਗਪੁਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਰਣਜੀਤ ਸਿੰਘ ਅਤੇ ਇਸ ਦੀ ਪਤਨੀ ਜਸਵੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਕਿਉਂਕਿ ਮੇਰਾ ਇਨ੍ਹਾਂ ਨਾਲ ਕੋਈ ਸੰਬੰਧ-ਵਾਸਤਾ ਨਹੀਂ ਰਿਹਾ, ਸੰਬੰਧਤ ਨੋਟ ਕਰਨ। (ਕ੍ਰਿਸ਼ਨਾ)

ਮੈਂ, ਛੋਟਾ ਸਿੰਘ ਪੁੱਤਰ ਗੁਰਨਾਮ ਸਿੰਘ, ਪਿੰਡ ਬਮਾਲ, ਜ਼ਿਲਾ ਸੰਗਰੂਰ ਆਪਣੇ ਲੜਕੇ ਵਰਿੰਦਰ ਸਿੰਘ, ਨੂੰਹ ਗੁਰਪ੍ਰੀਤ ਕੌਰ ਅਤੇ ਪੋਤਰੀ ਅਮਾਨਤ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣਦੇਣ ਕਰਨ ਵਾਲੇ ਖੁੱਦ ਜ਼ਿੰਮੇਵਾਰ ਹੋਣਗੇ।

ਮੈਂ, ਬਲਵੀਰ ਸਿੰਘ ਪੁੱਤਰ ਪਰਮਜੀਤ ਸਿੰਘ, ਵਾਸੀ ਮਕਾਨ ਨੰ. 81, ਨਿਊ ਬਲਦੇਵ ਨਗਰ, ਤਹਿਸੀਲ ਵਾ ਜ਼ਿਲ੍ਹਾ ਜਲੰਧਰ, ਪੰਜਾਬ-144008 ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਕ੍ਰਿਤਿਕਾ ਜੋਕਿ ਸ਼ਾਦੀਸ਼ੁਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੀ ਲੜਕੀ ਕ੍ਰਿਤਿਕਾ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਸ ਨਾਲ ਕਿਸੇ ਕਿਸਮ ਦਾ ਲੈਣ-ਦੇਣ ਕਰੇਗਾ, ਉਹ ਖੁਦ ਜ਼ਿੰਮੇਦਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਦਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ ਪ੍ਰਾਨ ਨਾਥ ਪੁੱਤਰ ਸ੍ਰੀ ਅਮਰ ਨਾਥ ਅਤੇ ਰਾਜ ਰਾਣੀ ਪਤਨੀ ਸ੍ਰੀ ਪ੍ਰਾਨ ਨਾਥ ਵਾਸੀਆਨ ਮਕਾਨ ਨੰਬਰ 44 ਸੀ, ਆਰੀਆ ਨਗਰ, ਗੁਲਾਬ ਦੇਵੀ ਰੋਡ, ਵੀ ਟੀ ਸੀ, ਜਲੰਧਰ ਆਪਣੇ ਬੇਟੇ ਹਨੀ ਕੁਮਾਰ ਸ਼ਰਮਾ ਅਤੇ ਉਸ ਦੀ ਪਤਨੀ ਕਾਮਿਨੀ ਸ਼ਰਮਾ ਨੂੰ ਕਹਿਣੇਕਾਰ ਨਾ ਹੋਣ ਕਾਰਨ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ, ਸਾਡੇ ਪਰਵਾਰ ਅਤੇ ਰਿਸ਼ਤੇਦਾਰਾਂ ਦਾ ਉਸ 'ਚ ਅਤੇ ਉਨ੍ਹਾਂ ਨਾਲ ਕੋਈ ਸੰਬੰਧ ਜਾਂ ਰਿਸ਼ਤਾ-ਨਾਤਾ ਨਹੀਂ ਹੈ, ਸੰਬੰਧਤ ਨੋਟ ਕਰਨ। (6704)

ਮੈਂ, ਸੰਜੇ ਸਹਿਗਲ ਪੁੱਤਰ ਲੇਟ ਦਵਿੰਦਰ ਸਹਿਗਲ ਵਾਸੀ 26-ਲਾਰੈਂਸ ਰੋਡ, ਨਜ਼ਦੀਕ ਲਾਰੈਂਸ ਹੋਟਲ, ਅੰਮ੍ਰਿਤਸਰ ਆਪਣੇ ਲੜਕੇ ਰਾਘਵ ਸਹਿਗਲ ਅਤੇ ਉਸ ਦੀ ਪਤਨੀ ਸ਼ਮਿਤਾ ਜੋ ਕਿ ਮੇਰੇ ਕਹਿਣੇ ਵਿੱਚ ਨਹੀਂ ਹਨ, ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ, ਸੰਬੰਧਤ ਨੋਟ ਕਰਨ।

ਮੈਂ, ਕੰਵਲਜੀਤ ਸਿੰਘ ਪੁੱਤਰ ਸ੍ਰੀ ਕੁਲਵੰਤ ਸਿੰਘ ਵਾਸੀ ਮਕਾਨ ਨੰਬਰ 905-ਮੁਹੱਲਾ ਗੋਬਿੰਦ ਨਗਰ, ਮਿੱਠੂ ਬਸਤੀ ਜਲੰਧਰ, ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਗੁਰਵਿੰਦਰ ਸਿੰਘ, ਉਸ ਦੀ ਪਤਨੀ ਪਾਪਿੰਦਰ ਕੌਰ ਜੋ ਕਿ ਮੇਰੇ ਕਹਿਣੇ ਵਿੱਚ ਨਹੀਂ ਹਨ, ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। (ਅਰਪਿਤ)

ਮੈਂ, ਕਿਸ਼ਨ ਸਿੰਘ ਪੁੱਤਰ ਪਠਾਨ ਸਿੰਘ ਵਾਸੀ ਮਕਾਨ ਨੰ. 1119, ਗਲੀ ਨੰ. 2, ਭਾਰਤ ਨਗਰ, ਨੇੜੇ ਚੌਂਕ ਭਾਰਤ ਨਗਰ ਤੁੰਗਪਾਈ, ਬਟਾਲਾ ਰੋਡ, ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਚੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਉਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਸੁਮਿੱਤਰਾ ਦੇਵੀ ਪਤਨੀ ਲੇਟ ਹੰਸ ਰਾਜ ਵਾਸੀ ਗਲੀ ਨੰ. 6, ਬੈਂਕ ਕਾਲੋਨੀ, ਜਲੰਧਰ ਸੂਚਿਤ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ, ਉਸ ਦੀ ਪਤਨੀ ਹਿਮਾਨੀ ਅਤੇ ਇਨ੍ਹਾਂ ਦੇ ਦੋ ਬੱਚੇ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (6786)

ਅਸੀਂ, ਜਗਦੀਸ਼ ਸਿੰਘ ਪੁੱਤਰ ਬਾਵਾ ਸਿੰਘ ਅਤੇ ਜਗੀਰ ਕੌਰ ਪਤਨੀ ਜਗਦੀਸ਼ ਸਿੰਘ ਵਾਸੀਆਨ 503, ਗਲੀ ਨੰ. 2, ਗੁਰੂ ਨਗਰ ਵੇਰਕਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦੇ ਹਾਂ ਕਿ ਸਾਡਾ ਲੜਕਾ ਅਮਨਪ੍ਰੀਤ ਸਿੰਘ ਅਤੇ ਸਾਡੀ ਨੂੰਹ ਪ੍ਰਭਜੋਤ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਲਈ ਅਸੀਂ ਉਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਜਾਂ ਸਾਡੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ, ਦਰਸ਼ਨ ਲਾਲ ਪੁੱਤਰ ਮੰਗਲ ਦਾਸ ਵਾਸੀ 296, ਫਗਵਾੜੀ ਮੁਹੱਲਾ ਗੜ੍ਹਾ, ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੰਨੀ ਭਗਤ ਜੋ ਕਿ ਸ਼ਾਦੀ ਸ਼ੁਦਾ ਹੈ ਪਰ ਉਹ ਮੇਰੇ ਅਤੇ ਆਪਣੀ ਘਰਵਾਲੀ ਜੋਤੀ ਅਤੇ ਬੱਚਿਆ ਤੋਂ ਅਲੱਗ ਰਹਿੰਦਾ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਦਾ ਪਰਿਵਾਰ ਮੇਰੇ ਕੋਲ ਰਹਿੰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ। ਉਹ ਆਪਣੇ ਨਫ਼ੇ ਨੁਕਸਾਨ ਦਾ ਆਪ ਖੁਦ ਜ਼ਿੰਮੇਵਾਰ ਹੋਵੇਗਾ। ਸੰਬਧਿਤ ਨੋਟ ਕਰਨ।

## ਪਬਲੀਕੇਸ਼ਨ ਨੋਟਿਸ

ਬਾ ਅਦਾਲਤ ਹਰਕਰਮ ਸਿੰਘ, ਸਬ ਰਜਿਸਟਰਾਰ, ਹੁਸ਼ਿਆਰਪੁਰ।

ਵਿਸ਼ਾ-ਸ੍ਰੀ ਇੰਦਰ ਮੋਹਨ ਤ੍ਰਿਖਾ ਪੁੱਤਰ ਲੇਟ ਸ੍ਰੀ ਲਸ਼ਕਰੀ ਚੰਦ ਵਾਸੀ ਮਕਾਨ ਨੰਬਰ 810/15, ਮਾਨਵਤਾ ਨਗਰ, ਸੁਤੈਹਰੀ ਰੋਡ, ਹੁਸ਼ਿਆਰਪੁਰ ਦੀ ਅਣ-ਰਜਿਸਟਰਡ ਵਸੀਅਤ ਮੌਤ ਹੋਣ ਉਪਰੰਤ ਭਾਰਤੀ ਸਟੈਂਪ ਐਕਟ 1899 ਦੀ ਜ਼ੇਰ ਧਾਰਾ 40-ਏ ਤਹਿਤ ਰਜਿਸਟਰਡ ਕਰਵਾਉਣ ਬਾਰੇ ਦਰਖਾਸਤ ਵੱਲੋਂ ਸ੍ਰੀ ਵਿਕਾਸ ਤ੍ਰਿਖਾ ਪੁੱਤਰ ਬ੍ਰਿਜ ਮੋਹਨ ਤ੍ਰਿਖਾ ਵਾਸੀ ਮਕਾਨ ਨੰਬਰ 810/15, ਮਾਨਵਤਾ ਨਗਰ, ਸੁਤੈਹਰੀ ਰੋਡ, ਹੁਸ਼ਿਆਰਪੁਰ।

ਪੱਤਰ ਨੰਬਰ 929 /ਆਰ ਸੀ ਮਿਤੀ 30-12-2022

ਸ੍ਰੀ ਵਿਕਾਸ ਤ੍ਰਿਖਾ ਪੁੱਤਰ ਬ੍ਰਿਜ ਮੋਹਨ ਤ੍ਰਿਖਾ ਵਾਸੀ ਮਕਾਨ ਨੰਬਰ 810/15, ਮਾਨਵਤਾ ਨਗਰ, ਸੁਤੈਹਰੀ ਰੋਡ, ਹੁਸ਼ਿਆਰਪੁਰ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਦਰਖਾਸਤ ਕਰਤਾ ਨੇ ਇਸ ਅਦਾਲਤ ਵਿੱਚ ਹਾਜ਼ਰ ਆ ਕੇ ਅਨਰਜਿਸਟਰਡ ਵਸੀਅਤ ਭਾਰਤੀ ਸਟੈਂਪ ਐਕਟ 1899 ਦੀ ਧਾਰਾ 40-ਏ ਤਹਿਤ ਰਜਿਸਟਰਡ ਕਰਵਾਉਣ ਲਈ ਦਰਖਾਸਤ ਦਿੱਤੀ ਹੈ ਕਿ ਉਸ ਦੇ ਚਾਚਾ ਇੰਦਰ ਮੋਹਨ ਤ੍ਰਿਖਾ ਪੁੱਤਰ ਲੇਟ ਸ੍ਰੀ ਲਸ਼ਕਰੀ ਚੰਦ ਵਾਸੀ ਮਕਾਨ ਨੰਬਰ 810/15, ਮਾਨਵਤਾ ਨਗਰ, ਸੁਤੈਹਰੀ ਰੋਡ, ਹੁਸ਼ਿਆਰਪੁਰ ਨੇ ਅਣ-ਰਜਿਸਟਰਡ ਵਸੀਅਤ ਮਿਤੀ 25-01-1976 ਨੂੰ ਕਰਵਾਈ ਸੀ, ਪ੍ਰੰਤੂ ਉਸ ਦੀ ਮੌਤ ਮਿਤੀ 12-06-2016 ਨੂੰ ਹੋ ਚੁੱਕੀ ਹੈ। ਇਹ ਵਸੀਅਤ ਉਸ ਨੇ ਆਪਣੇ ਭਤੀਜੇ ਸ੍ਰੀ ਵਿਕਾਸ ਤ੍ਰਿਖਾ ਪੁੱਤਰ ਬ੍ਰਿਜ ਮੋਹਨ ਤ੍ਰਿਖਾ ਵਾਸੀ ਮਕਾਨ ਨੰਬਰ 810/15, ਮਾਨਵਤਾ ਨਗਰ, ਸੁਤੈਹਰੀ ਰੋਡ, ਹੁਸ਼ਿਆਰਪੁਰ ਦੇ ਨਾਂਅ ਦੇ ਹੱਕ ਵਿੱਚ ਲਿਖਵਾਈ ਸੀ। ਦਰਖਾਸਤ ਕਰਿੰਦਾ ਇਸ ਵਸੀਅਤ ਨੂੰ ਰਜਿਸਟਰਡ ਕਰਾਉਣਾ ਚਾਹੁੰਦਾ ਹੈ। ਇਸ ਲਈ ਇਸ ਇਸ਼ਤਿਹਾਰ ਰਾਹੀਂ ਆਮ ਜਨਤਾ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਵੀ ਵਿਅਕਤੀ ਨੂੰ ਇਸ ਵਸੀਅਤ ਦੇ ਰਜਿਸਟਰਡ ਹੋਣ ਵਿੱਚ ਕੋਈ ਉਜ਼ਰ/ਇਤਰਾਜ਼ ਹੋਵੇ ਤਾਂ ਉਹ ਇਹ ਪਬਲੀਕੇਸ਼ਨ ਹੋਣ ਦੀ ਮਿਤੀ ਤੋਂ 21 ਦਿਨਾਂ ਦੇ ਅੰਦਰ-ਅੰਦਰ ਅਸਾਲਤਨ ਜਾਂ ਵਕਾਲਤਨ ਹਾਜ਼ਰ ਅਦਾਲਤ ਆ ਕੇ ਆਪਣਾ ਇਤਰਾਜ਼ ਪੇਸ਼ ਕਰ ਸਕਦਾ ਹੈ। ਬਾਅਦ ਮਿਆਦ ਗੁਜ਼ਰਨੇ ਕਿਸੇ ਦਾ ਕੋਈ ਉਜ਼ਰ ਨਹੀਂ ਸੁਣਿਆ ਜਾਵੇਗਾ ਅਤੇ ਇਹ ਅਣ-ਰਜਿਸਟਰਡ ਵਸੀਅਤ ਰਜਿਸਟਰਡ ਕਰ ਦਿੱਤੀ ਜਾਵੇਗੀ।

ਇਹ ਪਬਲੀਕੇਸ਼ਨ ਨੋਟਿਸ ਅੱਜ ਮਿਤੀ 30-12-2022 ਨੂੰ ਮੇਰੀ ਮੋਹਰ ਅਤੇ ਹਸਤਾਖਰ ਨਾਲ ਜਾਰੀ ਹੋਇਆ ਹੈ।

ਸਬ ਰਜਿਸਟਰਾਰ, ਹੁਸ਼ਿਆਰਪੁਰ।

## COURT NOTICE

In the Court of Ms. Manisha Jain, Principal Judge Family Court, SBS Nagar.

CNR No. PBSB 01-000952-2022

Next Date : 16-01-2023

Kamaldeep Singh vs. Arita Heer

Publication Issued to : Arita Heer

Spouse : Kamaldeep Singh

D/o Major Singh S/o Village Makhan Majara P.O. Barian Kalan, Tehsil Garhshankar, Distt. Hoshiarpur at Present R/o 12 Wilson Road Acacia Garden Blacktown City New South Wales Australia.

In above titled case, the defendant(s)/respondent(s) could not be served. It is Ordered that defendant(s)/respondent(s) should appear in person or through counsel on 16-01-2023 at 10.00 a.m.

For details logon to https://highcourtchd.gov.in/?trs=district_notice&district=sbsnagar.

Principal Judge Family Court, SBS Nagar.

Dated, this day of 27-12-2022

## ਬੇਦਖਲੀ ਨੋਟਿਸ

ਮੈਂ ਜਸਵਿੰਦਰ ਸਿੰਘ ਗਿੱਲ ਪੁੱਤਰ ਸੁੱਚਾ ਸਿੰਘ ਵਾਸੀ ਪਿੰਡ ਤੇ ਡਾਕਖਾਨਾ ਸਰਹਾਲਾ ਕਲਾਂ ਤਹਿਸੀਲ ਗੜ੍ਹਸ਼ੰਕਰ ਜਿਲਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਪਰਦੀਪ ਕੁਮਾਰ ਮੇਰੇ ਕਹਿਣੇ ਵਿੱਚ ਨਹੀ ਹੈ ਇਸ ਕਰਕੇ ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾਂ ਹਾਂ ਇਹ ਆਪਣੇ ਕੀਤੇ ਚੰਗੇ ਮਾੜੇ ਕੰਮ ਦਾ ਖੁਦ ਜੁੰਮੇਵਾਰ ਹੋਵੇਗਾ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜੁੰਮੇਵਾਰ ਹੋਵੇਗਾ।

## ਨਾਂਅ ਦੀ ਬਦਲੀ

ਮੈਂ, ਕਵਲਜੀਤ ਕੌਰ ਪਤਨੀ ਸਿਕੰਦਰ ਸਿੰਘ ਵਾਸੀ ਵਾਰਡ ਨੰਬਰ-11, ਗਲੀ ਨੰਬਰ-1, ਗੁਰੂ ਨਾਨਕ ਨਗਰ, ਜੈਤੋ, ਫਰੀਦਕੋਟ ਨੇ ਆਪਣਾ ਨਾਂਅ ਬਦਲ ਕੇ ਕੰਵਲਜੀਤ ਕੌਰ ਰੱਖ ਲਿਆ ਹੈ, ਸੰਬੰਧਤ ਨੋਟ ਕਰਨ।

ਮੈਂ, ਭਰਭੂਰ ਕੌਰ ਪਤਨੀ ਕਪੂਰ ਸਿੰਘ ਵਾਸੀ ਨਥਾਣਾ (ਬਠਿੰਡਾ) ਨੇ ਆਪਣਾ ਨਾਂਅ ਬਦਲ ਕੇ ਭਰਭੂਰ ਕੌਰ ਰੱਖ ਲਿਆ ਹੈ, ਸੰਬੰਧਤ ਨੋਟ ਕਰਨ।

ਮੈਂ, ਰਾਮਜੀਤ ਸਿੰਘ ਪੁੱਤਰ ਸ੍ਰੀ ਮੋਹਣ ਸਿੰਘ ਪਿੰਡ ਤੇ ਡਾਕਖਾਨਾ ਬਡਲਾ ਜ਼ਿਲ੍ਹਾ ਹੁਸ਼ਿਆਰਪੁਰ ਨੇ ਆਪਣਾ ਨਾਂਅ ਰਾਮਜੀਤ ਸਿੰਘ ਤੋਂ ਬਦਲ ਕੇ ਰਣਜੀਤ ਸਿੰਘ ਰੱਖ ਲਿਆ ਹੈ, ਅੱਜ ਤੋਂ ਮੈਨੂੰ ਇਸ ਨਾਂਅ ਨਾਲ ਜਾਣਿਆ ਜਾਵੇ। ਸੰਬੰਧਤ ਨੋਟ ਕਰਨ।

ਮੈਂ, ਦਿਕਸ਼ਾ ਪਤਨੀ ਰਮਨਦੀਪ ਸਰਮਾ ਮਕਾਨ ਨੰਬਰ 180 ਵਾਸੀ ਟਿੱਬਾ ਲੁਧਿਆਣਾ ਨੇ ਆਪਣਾ ਨਾਂਅ ਬਦਲ ਕੇ ਦਿਕਸ਼ਾ ਸ਼ਰਮਾ ਰੱਖ ਲਿਆ ਹੈ। (ਦੋਰਾਹਾ)

ਮੈਂ, ਬਲਜੀਤ ਕੌਰ ਪਤਨੀ ਜਸਵਿੰਦਰ ਸਿੰਘ ਨਾਹਰ ਵਾਸੀ 6/7/178/1, ਮੁਹੱਲਾ ਗਰੀਨ ਐਵੇਨਿਊ, ਬੰਗਾ, 144505, ਤਹਿਸੀਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ, ਪੰਜਾਬ, ਭਾਰਤ ਨੇ ਆਪਣਾ ਨਾਂਅ ਬਲਜੀਤ ਕੌਰ ਤੋਂ ਬਦਲ ਕੇ ਬਲਜੀਤ ਕੌਰ ਨਾਹਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਅਰਪਿਤ)

ਮੈਂ, ਜਸਵਿੰਦਰ ਸਿੰਘ ਪੁੱਤਰ ਸੰਤੋਖ ਦਾਸ ਵਾਸੀ ਮਕਾਨ ਨੰ. 6/7/178/1 ਮੁਹੱਲਾ ਗਰੀਨ ਐਵੇਨਿਊ, ਬੰਗਾ-144505 ਤਹਿਸੀਲ ਬੰਗਾ, ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਪੰਜਾਬ, ਭਾਰਤ ਨੇ ਆਪਣਾ ਨਾਂਅ ਜਸਵਿੰਦਰ ਸਿੰਘ ਤੋਂ ਬਦਲ ਕੇ ਜਸਵਿੰਦਰ ਸਿੰਘ ਨਾਹਰ ਰੱਖ ਲਿਆ ਹੈ। ਸੰਬੰਧਤ ਨੋਟ ਕਰਨ। (ਅਰਪਿਤ)

## Change of Name

I, Anmol S/o. Ravinder, R/o. VPO Sheikhupur, District Kapurthala. That my actual and correct name is Anmol Kumar S/o. Ravinder Kumar R/o. H.No.170 Mohalla Soodan, Sheikhupur, District Kapurthala.

I, Arsh S/o Ravinder, R/o Mohalla Soodan VPO Sheikhupur, Tehsil and District Kapurthala.That my actual and correct name is Arsh Kumar S/o Ravinder Kumar R/o H.No. 170 Mohalla Soodan, Shiekhupur, District Kapurthala.

I, Gaurav s/o Avinash Chander r/o 413, Urban Estate, Phase-1, Jalandhar, Punjab-144022 have changed my name to Gaurav Verma. All Please Note.

I, Bahadar Singh s/o Sohan Singh r/o Vill. Mazara, Teh. Balachaur, Distt. Shaheed Bhagat Singh Nagar have changed my name spelling to Bahadur Singh. All Please Note.

I, Harman Preet Kaur w/o Mandeep Singh r/o Vill. Tandi, Po. Ibrahimwal, Kapurthala changed my name to Manpreet Kaur Ramgarhia, (Surname as Ramgarhia) All Please Note.

I, Rajesh Kumar s/o Ruldu Ram r/o Flat No. 139, F.F Rajiv Gandhi Vihar, Surya Enclave, Jalandhar, Punjab-144009 changed my name to Rajesh Kumar Heela. All Please Note.

I, Sajan S/o Somnath R/o H.No.Z4/2907, Street No.06, Kabir Nagar, Moga, Punjab-142001, have changed my name and shall hereafter be Known as Sajan Gill. All Please Note.

I, Sahil S/o Karamjit Singh R/o H.No.155, New Guru Nanak Nagar, Kapurthala, Punjab-144601, have changed my name and shall hereafter be Known as Sahil Mand. All Please Note.

I, hitherto known as Kavita Rani W/o Rakesh Kumar R/o Ward No. 3, Hargobind Nagar, Dhogri Road, Reru, Jalandhar-144012, Punjab have changed my name and shall hereafter be known as Kavita Verma.

I, Jasvir Singh S/o Gurbachan Singh R/o Vill. Akalgarh, Po. Fatehgarh Khurd, Teh. Garhshankar, Distt. Hoshiarpur Have Changed My Name From Jasvir Singh To Sukhminder Singh. All Please Note.

I Priyanshi D/O Munish Kumar R/O 1239, New Building Chownk, Jai Singh Gilwali Gate, Amritsar Have Changed My Name From Priyanshi To Priyanshi Nayyar .

I Pragun S/O Munish Kumar R/O 1239 New Building Chownk Jai Singh Gilwali Gate Amritsar Have Changed My Name From Pragun To Pragun Nayyar.

I Jugraj Singh Dhillion S/O Hardeep Singh R/O F7/430 , Ward No. 11, Batala Road , Kashmir Avenue, Amritsar Have Changed My Name From Jugraj Singh Dhillion To Jugraj Singh .

I, Sat Pal S/o Late Munshi Ram R/o H.No.B-2/133, Gandhi Nagar, Jalandhar, Punjab have changed my name from Satpaul to Sat Pal. All concerned please note.

I, Kamla Kumari W/o Bipan Dutt R/o Vill. Jandwal, Tehsil Mukerian, Distt. Hoshiarpur-144306, Punjab have changed my name from Kamla Kumari to Kamla Devi.

## Change of Name

I, Balwinder Singh S/o. Swarn Singh Village Jodh Singh Wala Tehsil Patti Dist. Tarntaran. I have change My Name Balwinder Singh S/o Swaran singh Note Please Everybody. (Baldev)

I, Gurjant Singh S/o Sh. Harnam Singh R/o VPO. Sansarpur, Tehsil Dasuya, Distt. Hoshiarpur have Changed the name of my minor daughter Gurleen Kaur to Kaur Gurleen. All Concerned please note. (AP)

I, Rajni Bala W/o Gurjant Singh R/o VPO. Sansarpur, Tehsil Dasuya, Distt. Hoshiarpur have Changed my name Rajni Bala to Bala Rajni. All Concerned please note. (AP)

I Jay Mahal S/o S. Sarabjit Singh 95, The Mall, Amritsar, have changed my name from Jay Mahal to Manmeet Pal Singh. All concerned to note. (Uttam)

I, Kiran D/o Kaulvin R/o Vill. Khojpur Distt. Jalandhar, (Pb.), have Changed my name Kiran to Kiran Sahota. All Concerned please note. (Akali P)

I, Raman Kukreja S/o Bodh Raj Kukreja R/o.H.No. B67-0251,Qila Mandi Near Govt.Girls Sr Sec School,Qila Mandi,Batala,Distt Gurdaspur.Have Changed my Name from Raman Kukreja to Jaxx Vercetti. Concerned Note. (Shre Krishna)

I Jaswinder Singh S/O Surjit Singh R/O Near Sarkari School Surgapuri Muktsar Road Kot Kapura Faridkot Have Changed My Name From Jaswinder Singh To Jaswinder Singh Mutiar All Concerned May Please Note

I Kamaljeet Kaur W/O Jaswinder Singh Mutiar R/O Near Sarkari School Surgapuri Muktsar Road Kot Kapura Faridkot Have Changed My Name From Kamaljeet Kaur To Kamaljeet Kaur Mutiar All Concerned May Please Note

I, Before Marriage Ashia Sharma Now After Marriage Have Changed My Name As Ashia Kohli W/O Piyush Kohli R/O 22-c, Krishna Square -ii Near Telephone Exchange Amritsar. All Concerned Please Note.

I, Amarjeet Kaur W/o Jagir Singh R/o VPO Pandori Ran Singh, District Amritsar have changed my name from Amarjeet Kaur to Amarjit Kaur

I Avtar Singh Saund S/O Dalip Singh Saund R/O Vpo Chhajjal Waddi Distt Amritsar Have Changed My Name From Avtar Singh To Avtar Singh Saund.

I, Kirandeep W/o Sarabjit Singh R/O Hakima De Hweli Back Side, Block Verka Vallah, Amritsar have changed my name from Kirandeep Kaur.

I, Shavani Sethi D/O Inderjit Sethi W/O Rajeev Sekhri Have Changed My Name From Shavani Sethi To Shivani Sekhri

I, Komalpreet Kaur D/o Bhupinder Singh R/o Harar, Near Bhure Gill, PO Chamyari, Tehsil Ajnala, District Amritsar have changed my name from Komalpreet Kaur to Kamaljeet Kaur.

I, Jagjit Singh S/o Harcharan Singh R/o Village Padiana, PO Cheema Bath, Tehsil Baba Bakala district Amritsar have changed my name from Jagjit Singh to Jagjeet Singh.

I, Poonam Alias PoonamJeet Kaur W/o Parminder singh R/o H.No.207, Impact Garden Bye Pass, VPO Vallah Amritsar have changed my name to Poonamjeet Kaur.

I,Kanwaljit Kaur W/O Mandeep Singh R/O Village Sham Nagar,Tehsil Majitha,Distt. Amritsar,Punjab have changed my name from Kanwaljit Kaur to Kawaljeet Kaur. Concerned note.

I, Hitherto Known As Depinder Dev Bhatia S/O Prem Nath Residing At Vpo Adoana, Tehsil Balachaur, Distt. Shaheed Bhagat Singh Nagar - 144521, Punjab, India Have Changed My Name And Shall Hereafter Be Known As Deep Inder Bhatia

I ,Teju Ram S/O Sadhu Ram R/O V.p.o. Tuto Mazara, Distt. Hoshiarpur, Punjab, India Have Changed Name Of My Minor Grand Daughter Lovepreet D/O Kulvir Singh To Lovepreet , Lovepreet.

I, Treja W/o Yusuf R/o V.P.O. Zahura, P.S. Tanda, Tehsil Dasuya (Hoshiarpur) Punjab, India, have changed my name to Treja Waraich. All concerned please note.

I Yusuf S/o Shingar Masih R/o V.P.O. Zahura, P.S. Tanda, Tehsil Dasuya (Hoshiarpur) Punjab, India, have changed my name to Yusuf Waraich. All concerned please note.

I Yusuf S/o Shingar Masih R/o V.P.O. Zahura, P.S. Tanda, Tehsil Dasuya (Hoshiarpur) Punjab, India, have changed my minor daughter's name from Shaina to Shaina Waraich. All concerned please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖ਼ਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਡਾ. ਅਰਵਿੰਦ ਨੂੰ ਸਦਮਾ, ਪਿਤਾ ਦਾ ਦਿਹਾਂਤ



ਝਬਾਲ (ਹਰਜਿੰਦਰ ਸਿੰਘ ਸੋਨੀ/ਰੌਬਿਨ ਸਿੰਘ ਸੋਨੀ)-ਡਾ. ਅਰਵਿੰਦ ਵਾਈਸ ਚਾਂਸਲਰ ਪਟਿਆਲਾ ਯੂਨੀਵਰਸਿਟੀ ਦੇ ਪਿਤਾ ਡਾ. ਹਰਸ਼ਰਨ ਸਿੰਘ ਦਾ ਬੀਤੇ ਦਿਨੀਂ ਅਚਾਨਕ ਦਿਹਾਂਤ ਹੋ ਗਿਆ ਜੋ ਪਰਿਵਾਰ ਨੂੰ ਨਾ ਸਹਿਣਯੋਗ ਘਾਟਾ ਪਿਆ ਹੈ।

ਡਾ. ਹਰਸ਼ਰਨ ਸਿੰਘ ਵਿੱਲੋਂ ਇੱਕ ਬਹੁਤ ਹੀ ਸੂਝਵਾਨ, ਬਿਬੇਕ ਬੁੱਧੀ ਦੇ ਮਾਲਕ ਤੇ ਸਮਾਜ ਸੇਵਕ ਸਨ। ਆਪ ਇਨਕਲਾਬੀ ਵਿਚਾਰਧਾਰਾ ਦੇ ਪਰਨਾਏ ਯਥਾਰਥਵਾਦੀ ਸੋਚ ਦੇ ਧਾਰਨੀ ਸਨ। ਉਨ੍ਹਾਂ ਦੇ ਵਿਛੋੜੇ ਨਾਲ ਜਿੱਥੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ ਉੱਥੇ ਹੀ ਇਨਕਲਾਬੀ ਵਿਚਾਰਧਾਰਾ ਦਾ ਇਕ ਗੰਭੀਰ ਚਿੰਤਕ ਅਲੋਪ ਹੋ ਗਿਆ। ਦੁੱਖ ਪ੍ਰਗਟ ਕਰਦਿਆਂ ਇਹ ਵਿਚਾਰ ਕੁੱਲ ਹਿੰਦ ਖੇਤ ਮਜ਼ਦੂਰ ਯੂਨੀਅਨ ਦੇ ਜ਼ਿਲਾ ਜਨਰਲ ਸਕੱਤਰ ਜਸਬੀਰ ਸਿੰਘ ਝਬਾਲ ਨੇ ਪ੍ਰੈੱਸ ਨਾਲ ਸਾਂਝੇ ਕੀਤੇ। ਜਸਬੀਰ ਝਬਾਲ ਨੇ ਦੁਖੀ ਪਰਿਵਾਰ ਨਾਲ ਦਿਲੀ ਹਮਦਰਦੀ ਪ੍ਰਗਟ ਕੀਤੀ।

# ਸਮਾਜ ਸੇਵੀ ਮਹਿੰਦਰ ਪਾਲ ਭਾਟੀਆ ਦਾ ਦਿਹਾਂਤ, ਸਸਕਾਰ ਅੱਜ



ਨੂਰਪੁਰ ਰਬੇਦੀ (ਸੁਰਜੀਤ ਸਿੰਘ ਕਾਹਲੋਂ)- ਸ਼੍ਰੋਮਣੀ ਅਕਾਲੀ ਦਲ ਦੇ ਸੂਬਾ ਜਨਰਲ ਸਕੱਤਰ ਚਮਨ ਲਾਲ ਭਾਟੀਆ ਪਿੰਡ ਕਰਤਾਰਪੁਰ ਦੇ ਚਾਚਾ ਉੱਘੇ ਸਮਾਜ ਸੇਵੀ ਚੌਧਰੀ ਮਹਿੰਦਰ ਪਾਲ ਭਾਟੀਆ ਦੀ ਅਚਾਨਕ ਦਿਲ ਦੀ ਧੜਕਣ ਬੰਦ ਹੋ ਜਾਣ ਕਾਰਨ ਮੌਤ ਹੋ ਗਈ, ਜਿਨਾਂ ਦਾ ਸਸਕਾਰ 3 ਜਨਵਰੀ ਨੂੰ ਸਵੇਰੇ 9-30 ਵਜੇ ਪਿੰਡ ਦੀ ਸ਼ਮਸ਼ਾਨਘਾਟ ਵਿੱਚ ਕੀਤਾ ਜਾਵੇਗਾ।

# ਡਾ. ਬਲਜੀਤ ਕੌਰ ਨੇ ਝੁੱਗੀ-ਝੌਂਪੜੀ ਵਾਲਿਆਂ ਨੂੰ ਕੰਬਲ ਵੰਡ ਕੇ ਮਨਾਇਆ ਨਵਾਂ ਸਾਲ

ਚੰਡੀਗੜ੍ਹ (ਗੁਰਜੀਤ ਬਿੱਲਾ)-ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਨਵੇਂ ਸਾਲ ਮੌਕੇ ਮਲੋਟ ਦੇ ਝੁੱਗੀ-ਝੌਂਪੜੀ ਵਾਲੇ ਖੇਤਰਾਂ ਵਿੱਚ ਜਾ ਕੇ ਕੰਬਲ ਵੰਡ ਕੇ ਨਵਾਂ ਸਾਲ ਮਨਾਇਆ। ਡਾ ਬਲਜੀਤ ਕੌਰ ਨੇ ਸਰਦੀ ਦੇ ਮੌਸਮ ਵਿੱਚ ਗਰੀਬਾਂ ਦੀ ਤਕਲੀਫ ਨੂੰ ਮਹਿਸੂਸ ਕਰਦੇ ਹੋਏ ਕਿਹਾ ਕਿ ਸਰਦੀਆਂ ਦੇ ਮੌਸਮ ਵਿੱਚ ਅਸੀਂ ਆਪਣੇ ਘਰਾਂ ਵਿਚ ਆਰਾਮ ਨਾਲ ਜੀਵਨ ਬਤੀਤ ਕਰਦੇ ਹਾਂ, ਪ੍ਰੰਤੂ ਝੁੱਗੀਆਂ ਵਿਚ ਰਹਿਣ ਵਾਲੇ ਵਿਅਕਤੀਆਂ ਦਾ ਇਸ ਕੜਾਕੇ ਦੀ ਠੰਢ ਵਿੱਚ ਗਰਮ ਕੱਪੜਿਆਂ ਤੋਂ ਬਗੈਰ ਜੀਵਨ ਬਤੀਤ ਕਰਨਾ ਬਹੁਤ ਮੁਸ਼ਕਿਲ ਹੈ। ਉਨ੍ਹਾਂ ਨੇ ਮਲੋਟ ਅੰਦਰ ਝੁੱਗੀ-ਝੌਂਪੜੀਆਂ ਵਾਲਿਆਂ ਦੀਆਂ ਮੁਸ਼ਕਿਲਾਂ ਨੂੰ ਦੇਖਦੇ ਹੋਏ ਗਰਮ ਕੰਬਲ ਵੰਡੇ ਗਏ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਲੋਕਾਂ ਦੀ ਸੇਵਾ ਵਿਚ ਲਗਾਤਾਰ ਯਤਨਸ਼ੀਲ ਹੈ। ਇਸ ਤਹਿਤ ਅੱਜ ਮਲੋਟ ਅੰਦਰ ਝੌਂਪੜੀਆਂ ਵਿੱਚ ਰਹਿਣ ਵਾਲੇ ਲੋੜਵੰਦਾਂ ਨੂੰ ਅਤਿ ਦੀ ਸਰਦੀ ਤੋਂ ਬਚਾਉਣ ਲਈ ਕੰਬਲ ਵੰਡੇ ਗਏ।

# 5773 ਪਿੰਡਾਂ ਨੂੰ ਰੈਵੀਨਿਊ ਲੈਂਡ ਦੀ ਰਜਿਸਟਰੀ ਲਈ ਐਨ ਓ ਸੀ ਤੋਂ ਦਿੱਤੀ ਛੋਟ : ਅਮਨ ਅਰੋੜਾ

ਚੰਡੀਗੜ੍ਹ (ਗੁਰਜੀਤ ਬਿੱਲਾ)-ਜਮੀਨ ਮਾਲਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਦੇ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਪੇਂਡੂ ਖੇਤਰਾਂ ਵਿੱਚ ਰੈਵੀਨਿਊ ਲੈਂਡ ਦੀ ਰਜਿਸਟ੍ਰੇਸ਼ਨ ਕਰਵਾਉਣ ਲਈ ਸੂਬੇ ਦੇ 5773 ਪਿੰਡਾਂ ਨੂੰ ਐਨ.ਓ.ਸੀ. ਲੈਣ ਤੋਂ ਛੋਟ ਦੇ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਮੰਤਰੀ ਅਮਨ ਅਰੋੜਾ ਨੇ ਦੱਸਿਆ ਕਿ ਇਹ ਲੋਕ-ਪੱਖੀ ਫੈਸਲਾ ਜਮੀਨ ਮਾਲਕਾਂ ਨੂੰ ਵੱਡੀ ਰਾਹਤ ਦੇਣ ਦੇ ਨਾਲ ਨਾਲ 22 ਜ਼ਿਲ੍ਹਿਆਂ ਵਿੱਚ ਪੈਂਦੇ 5773 ਪਿੰਡਾਂ ਵਿੱਚ ਰੈਵੀਨਿਊ ਅਸਟੇਟ ਦੀ ਨਿਰਵਿਘਨ ਰਜਿਸਟ੍ਰੇਸ਼ਨ ਲਈ ਰਾਹ ਪੱਧਰਾ ਕਰੇਗਾ। ਜ਼ਿਕਰਯੋਗ ਹੈ ਕਿ ਗੈਰ-ਕਾਨੂੰਨੀ ਕਾਲੋਨੀਆਂ ਉਤੇ ਰੋਕਣ ਲਗਾਉਣ ਲਈ ਮਾਲ ਵਿਭਾਗ ਵੱਲੋਂ ਹਾਲ ਹੀ ਵਿੱਚ ਵਿਕਾਸ ਅਥਾਰਟੀ ਜਾਂ ਲੋਕਲ ਬਾਡੀ ਦੇ ਅਧਿਕਾਰ ਖੇਤਰ ਅਧੀਨ ਆਉਣ ਵਾਲੀਆਂ ਜਾਇਦਾਦਾਂ ਦੀ ਰਜਿਸਟ੍ਰੇਸ਼ਨ ਲਈ ਐਨ.ਓ.ਸੀ. ਜਾਰੀ ਕਰਨਾ ਲਾਜਮੀ ਕੀਤਾ ਗਿਆ ਸੀ। ਇਹ ਫੈਸਲਾ ਪਿੰਡਾਂ ਦੀ ਰੈਵੀਨਿਊ ਲੈਂਡ 'ਤੇ ਵੀ ਲਾਗੂ ਹੋ ਗਿਆ ਸੀ, ਜਿਸ ਨਾਲ ਜਮੀਨ ਮਾਲਕਾਂ ਲਈ ਪੇਂਡੂ ਖੇਤਰਾਂ ਵਿੱਚ ਜਮੀਨ ਦੀ ਰਜਿਸਟਰੀ ਕਰਵਾਉਣ ਤੋਂ ਪਹਿਲਾਂ ਲਾਇਸੈਂਸ ਲੈਣਾ ਲਾਜ਼ਮੀ ਹੋ ਗਿਆ ਸੀ। ਇਹ ਵੀ ਦੱਸਣਯੋਗ ਹੈ ਕਿ ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ) 1995 ਦੇ ਸੈਕਸ਼ਨ (20) (3) ਵਿੱਚ ਕਿਹਾ ਗਿਆ ਹੈ ਕਿ ਰਜਿਸਟ੍ਰੇਸ਼ਨ ਐਕਟ, 1908 ਦੇ ਉਪਬੰਧਾਂ ਅਧੀਨ ਕੋਈ ਵੀ ਰਜਿਸਟਰਾਰ ਜਾਂ ਸਬ-ਰਜਿਸਟਰਾਰ ਕਾਲੋਨੀ ਵਿਚਲੀ ਜਮੀਨ ਜਾਂ ਪਲਾਟ ਜਾਂ ਇਮਾਰਤ ਦੀ ਵਿਕਰੀ ਸਬੰਧੀ ਸੇਲ ਡੀਡ ਜਾਂ ਕੋਈ ਹੋਰ ਦਸਤਾਵੇਜ ਰਜਿਸਟਰ ਨਹੀਂ ਕਰੇਗਾ, ਜਿਸ ਸਬੰਧੀ ਸਮਰੱਥ ਅਥਾਰਟੀ ਤੋਂ ਐਨ.ਓ.ਸੀ. ਪ੍ਰਾਪਤ ਨਾ ਕੀਤੀ ਗਈ ਹੋਵੇ। ਪੰਜਾਬ ਅਪਾਰਟਮੈਂਟ ਐਂਡ ਪ੍ਰਾਪਰਟੀ ਰੈਗੂਲੇਸ਼ਨ ਐਕਟ (ਪਾਪਰਾ) 1995 ਦੇ ਸੈਕਸ਼ਨ (20) (3) ਦੇ ਉਪਬੰਧਾਂ ਤਹਿਤ ਗੈਰ-ਲਾਇਸੈਂਸਸ਼ੁਦਾ ਕਾਲੋਨੀ ਵਿੱਚ ਸਥਿਤ ਜਮੀਨ, ਪਲਾਟ ਜਾਂ ਇਮਾਰਤ ਵੇਚਣ ਲਈ ਐਨ.ਓ.ਸੀ. ਲੈਣੀ ਲਾਜਮੀ ਹੋਣ ਕਾਰਨ ਜਮੀਨ ਮਾਲਕਾਂ ਨੂੰ ਰਜਿਸਟਰੀ ਕਰਵਾਉਣ ਵਿੱਚ ਮੁਸਕਿਲ ਆ ਰਹੀ ਸੀ। ਇਸ ਦਾ ਨੋਟਿਸ ਲੈਂਦਿਆਂ ਹੁਣ ਮਕਾਨ ਉਸਾਰੀ ਅਤੇ ਸ਼ਹਿਰੀ ਵਿਕਾਸ ਵਿਭਾਗ ਨੇ ਜਮੀਨ ਮਾਲਕਾਂ ਨੂੰ ਪੇਂਡੂ ਖੇਤਰਾਂ ਵਿੱਚ ਰੈਵੀਨਿਊ ਲੈਂਡ ਦੀ ਰਜਿਸਟਰੀ ਲਈ ਐਨ.ਓ.ਸੀ. ਲੈਣ ਤੋਂ ਛੋਟ ਦੇ ਦਿੱਤੀ ਹੈ। ਪ੍ਰਮੁੱਖ ਸਕੱਤਰ ਮਕਾਨ ਉਸਾਰੀ ਅਤੇ ਸਹਿਰੀ ਵਿਕਾਸ ਅਜੋਏ ਕੁਮਾਰ ਸਿਨਹਾ ਨੇ ਕਿਹਾ ਕਿ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰ ਦਿੱਤਾ ਗਿਆ ਹੈ ਅਤੇ ਇਸ ਐਕਟ ਦੇ ਬਾਕੀ ਉਪਬੰਧ (ਪ੍ਰੋਵਿਜਨਜ) ਉਸੇ ਤਰ੍ਹਾਂ ਲਾਗੂ ਰਹਿਣਗੇ।

# ਬੀ ਕੇ ਯੂ ਏਕਤਾ ਉਗਰਾਹਾਂ ਵੱਲੋਂ ਮਿੱਡਾ 'ਚ ਇਕਾਈ ਦਾ ਗਠਨ

## ਕਿਸਾਨ, ਮਜ਼ਦੂਰ ਸੰਘਰਸ਼ ਕਮੇਟੀ ਦੀ ਹਮਾਇਤ 'ਤੇ ਅਰਥੀ ਫੂਕ ਪ੍ਰਦਰਸ਼ਨ ਕਰਨ ਦਾ ਐਲਾਨ

**ਜਲਾਲਾਬਾਦ (ਜੀਤ ਕੁਮਾਰ)**

ਭਾਰਤੀ ਕਿਸਾਨ ਯੂਨੀਅਨ (ਏਕਤਾ) ਉਗਰਾਹਾਂ ਜ਼ਿਲ੍ਹਾ ਫਾਜ਼ਿਲਕਾ ਵੱਲੋਂ ਬਲਾਕ ਗੁਰੂ ਹਰਸਹਾਏ ਦੇ ਪਿੰਡ ਮਿੱਡਾ ਦੇ ਕਿਸਾਨਾਂ ਦੀ ਇਕਾਈ ਦਾ ਗਠਨ, ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ ਮੰਨੇਵਾਲਾ, ਬਲਾਕ ਗੁਰੂ ਹਰਸਹਾਏ ਦੇ ਪ੍ਰਧਾਨ ਸਰਵ ਮਿੱਤਰ ਸਵਾਹਵਾਲਾ ਤੇ ਬਲਾਕ ਜਰਨਲ ਸਕੱਤਰ ਸੁਦਰਸ਼ਨ ਸੁੱਲ੍ਹਾ ਦੀ ਅਗਵਾਈ 'ਚ ਕੀਤਾ ਗਿਆ, ਜਿਸ 'ਚ ਇਕਾਈ ਪ੍ਰਧਾਨ ਭਜਨ ਲਾਲ, ਜਨਰਲ ਸਕੱਤਰ ਸੁਖਦੇਵ ਸਿੰਘ, ਖਜ਼ਾਨਚੀ ਹਰੀਸ਼ ਕੁਮਾਰ, ਸੀਨੀਅਰ ਮੀਤ ਪ੍ਰਧਾਨ ਸਤਨਾਮ ਸਿੰਘ, ਮੀਤ ਪ੍ਰਧਾਨ ਹਰਵਿੰਦਰ ਸਿੰਘ, ਸੰਗਠਨ ਸਕੱਤਰ ਰਮੇਸ਼ ਕੁਮਾਰ, ਪ੍ਰਚਾਰ ਸਕੱਤਰ ਅਰਸ਼ਦੀਪ ਕੰਬੋਜ, ਸਲਾਹਕਾਰ ਜੱਜ ਸਿੰਘ, ਸਲਾਹਕਾਰ ਰਾਜ ਕੁਮਾਰ, ਪ੍ਰੈੱਸ ਸਕੱਤਰ ਗੁਰਵਿੰਦਰ ਸਿੰਘ, ਸਲਾਹਕਾਰ ਤੇਜਾ ਸਿੰਘ ਸਮੇਤ ਗਿਆਰਾਂ ਮੈਂਬਰਾਂ ਦੀ ਚੋਣ ਕੀਤੀ ਗਈ।



ਇਸ ਸਮੇਂ ਸੁਦਰਸ਼ਨ ਸੁੱਲ੍ਹਾ ਨੇ ਇਨਕਲਾਬੀ ਗੀਤਾਂ ਨਾਲ ਪ੍ਰਚਾਰ ਦੀ ਸ਼ੁਰੂਆਤ ਕੀਤੀ ਤੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ ਮੰਨੇ ਵਾਲਾ ਨੇ ਬੋਲਦਿਆਂ ਦੱਸਿਆ ਕਿ ਮੌਜੂਦਾ ਹਲਾਤਾਂ 'ਚ ਕਾਰਪੋਰੇਟ ਘਰਾਣੇ ਸਰਕਾਰ ਦੀ ਬਾਂਹ ਮਰੋੜ ਕੇ ਆਪਣੇ ਹੱਕ 'ਚ ਕਲੀਨ ਚਿੱਟਾਂ ਜਾਰੀ ਕਰਵਾ ਲੈਂਦੇ ਹਨ, ਜਿਵੇਂ ਜ਼ੀਰਾ ਸ਼ਰਾਬ ਫੈਕਟਰੀ ਦਾ ਜ਼ਹਿਰੀਲਾ ਪਾਣੀ ਧਰਤੀ 'ਚ ਪਾ ਕੇ ਨੇੜਲੇ ਪਿੰਡਾਂ ਦੇ ਪਿੰਡ ਤਬਾਹ ਕਰ ਦਿੱਤੇ ਗਏ ਹਨ, ਪਰ ਸਰਕਾਰ ਨਾਲ ਸਾਂਝ ਹੋਣ ਕਰਕੇ ਆਪਣੀ ਮਰਜ਼ੀ ਦੇ ਸਰਟੀਫਿਕੇਟ ਬਣਾ ਲਏ ਹਨ, ਹਰ ਰੋਜ਼ ਹੋ ਰਹੀਆਂ ਮੌਤਾਂ ਵਿੱਚੋਂ ਰਾਜਵੀਰ ਦੀ ਮੌਤ ਦਾ ਕਾਰਨ ਸਰਕਾਰ ਤੇ ਕਾਰਪੋਰੇਟ ਦੀਪ ਮਲਹੋਤਰਾ ਦੇ ਖਿਲਾਫ ਸਾਨੂੰ ਸਾਰਿਆਂ ਨੂੰ ਆਉਂਦੇ ਦਿਨਾਂ 'ਚ ਕਿਸਾਨ, ਮਜ਼ਦੂਰ, ਮੁਲਾਜ਼ਮ ਤੇ ਇਨਸਾਫ ਪਸੰਦ ਲੋਕਾਂ ਨੂੰ ਲੋਕ ਪੱਖੀ ਸੰਘਰਸ਼ 'ਚ ਅੱਗੇ ਹੋ ਕੇ ਲੜਨਾ ਪਵੇਗਾ। ਸੁਦਰਸ਼ਨ ਸੁੱਲ੍ਹਾ ਨੇ ਆਉਂਦੇ ਦਿਨਾਂ ਦੇ ਪ੍ਰੋਗਰਾਮਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੂਬਾ ਕਮੇਟੀ ਦੇ ਆਦੇਸ਼ਾਂ ਤਹਿਤ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਹਮਾਇਤ ਲਈ ਟੋਲ ਪਲਾਜ਼ਿਆਂ ਤੇ ਔਰੰਗਜ਼ੇਬੀ ਜਜ਼ੀਆ ਵਸੂਲੀ ਦੇ ਖਿਲਾਫ 3 ਤੇ 4 ਜਨਵਰੀ ਨੂੰ ਪਿੰਡਾਂ 'ਚ ਪੁਤਲੇ ਫੂਕੇ ਜਾਣਗੇ ਅਤੇ 4 ਜਨਵਰੀ ਨੂੰ ਜ਼ੀਰੇ ਸ਼ਰਾਬ ਫੈਕਟਰੀ ਬੰਦ ਕਰਵਾਉਣ ਲਈ ਸੰਘਰਸ਼ 'ਚ ਹਮਾਇਤ ਲਈ ਪਹੁੰਚਣ ਦਾ ਸੱਦਾ ਦਿੱਤਾ। ਇਸ ਸਮੇਂ ਮਿੱਡਾ ਪਿੰਡ ਦੇ ਕਿਸਾਨ ਮਜ਼ਦੂਰ ਇਕੱਠ ਵਿੱਚ ਸ਼ਾਮਲ ਸਨ।

# ਦੁਰਗਾ ਸੇਵਾ ਦਲ ਨੇ ਲੋੜਵੰਦਾਂ ਨੂੰ ਰਜਾਈਆਂ ਤੇ ਕੱਪੜੇ ਵੰਡੇ



**ਸੰਗਰੂਰ (ਪ੍ਰਵੀਨ)**

ਸ਼੍ਰੀ ਦੁਰਗਾ ਸੇਵਾ ਦਲ, ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਦੇ ਵੱਲੋਂ ਹਰ ਸਾਲ ਦੀ ਤਰ੍ਹਾਂ ਨਵੇਂ ਸਾਲ ਦੇ ਮੌਕੇ ਤੇ ਲੋੜਵੰਦ ਪਰਿਵਾਰਾਂ ਨੂੰ ਰਜਾਈਆਂ ਤੇ ਬੱਚਿਆਂ ਨੂੰ ਸਰਦੀ ਵਾਲੇ ਕੱਪੜੇ ਵੰਡੇ ਗਏ, ਜਿਸ ਲਈ ਸ਼੍ਰੀ ਸੰਜੇ ਗੁਪਤਾ (ਚੇਅਰਮੈਨ, ਵੰਸਤ ਵੈਲੀ ਪਬਲਿਕ ਸਕੂਲ) ਤੇ ਸ਼੍ਰੀ ਮੋਹਨ ਲਾਲ ਗੋਇਲ (ਪ੍ਰਧਾਨ, ਜ਼ਿਲ੍ਹਾ ਫਰੂਟ ਐਸੋਸੀਏਸ਼ਨ ਸੰਗਰੂਰ) ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਸ਼੍ਰੀ ਗੁਪਤਾ ਨੇ ਕਿਹਾ ਕਿ ਲੋੜਵੰਦਾਂ ਨੂੰ ਲੱਭ ਕੇ ਉਨ੍ਹਾਂ ਨੂੰ ਜ਼ਰੂਰਤ ਦਾ ਸਾਮਾਨ ਵੰਡਣਾ ਅਤਿਅੰਤ ਪੁੰਨ ਦਾ ਕੰਮ ਹੈ। ਉਨ੍ਹਾਂ ਆਪਣੇ ਵੱਲੋਂ ਇਸ ਸੇਵਾ ਲਈ ਯੋਗਦਾਨ ਵੀ ਦਿੱਤਾ। ਇਸ ਦੇ ਨਾਲ ਹੀ ਸ਼੍ਰੀ ਮੋਹਨ ਲਾਲ ਗੋਇਲ ਨੇ ਕਿਹਾ ਕਿ ਸ਼੍ਰੀ ਦੁਰਗਾ ਸੇਵਾ ਦਲ ਹਰ ਸਾਲ ਠੰਡ ਤੋਂ ਬਚਣ ਲਈ ਲੋੜਵੰਦ ਪਰਿਵਾਰਾਂ ਨੂੰ ਰਜਾਈਆਂ ਵੰਡਦਾ ਹੈ, ਜੋ ਕਿ ਅਤਿ ਸ਼ਲਾਘਾਯੋਗ ਕਦਮ ਹੈ।

ਇਸ ਮੌਕੇ ਸੰਸਥਾ ਦੇ ਪ੍ਰਧਾਨ ਸ਼੍ਰੀ ਅਰੂਪ ਸਿੰਗਲਾ ਨੇ ਦੱਸਿਆ ਕਿ ਅੱਜ ਨਵੇਂ ਸਾਲ ਦੀ ਖੁਸ਼ੀ ਵਿੱਚ 61 ਪਰਿਵਾਰਾਂ ਨੂੰ ਰਜਾਈਆਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਨਵੇਂ ਗਰਮ ਕੱਪੜੇ ਦਿੱਤੇ ਗਏ ਹਨ। ਉਨ੍ਹਾ ਕਿਹਾ ਕਿ ਜੋ ਪਰਿਵਾਰ ਅੱਜ ਰਜਾਈਆਂ ਲੈ ਰਹੇ ਹਨ, ਇਨ੍ਹਾਂ ਦੇ ਕਿਸੇ ਵੀ ਕੋਲ ਰਹਿਣ ਲਈ ਪੱਕਾ ਘਰ ਨਹੀਂ ਹੈ, ਇਹ ਸਾਰੇ ਪਰਿਵਾਰ ਝੌਂਪੜੀਆਂ ਵਿੱਚ ਰਹਿ ਰਹੇ ਹਨ। ਉਨ੍ਹਾ ਕਿਹਾ ਕਿ ਸ਼੍ਰੀ ਦੁਰਗਾ ਸੇਵਾ ਦਲ ਦਾ ਮੁੱਖ ਟੀਚਾ ਸਮਾਜ 'ਚ ਇਨਸਾਨੀਅਤ ਦੀ ਸੇਵਾ ਕਰਨਾ ਹੈ, ਜਿਸ ਲਈ ਉਨ੍ਹਾਂ ਦੀ ਟੀਮ ਵੱਲੋਂ ਨਵੇਂ ਸਾਲ ਦੀ ਸ਼ੁਰੂਆਤ ਲੋੜਵੰਦਾਂ ਦੀ ਸੇਵਾ ਤੋਂ ਕੀਤੀ ਗਈ ਹੈ। ਸਿੰਗਲਾ ਨੇ ਕਿਹਾ ਕਿ ਕੋਈ ਵੀ ਲੋੜਵੰਦ ਵਿਅਕਤੀ ਆਪਣੇ ਬੱਚਿਆਂ ਨੂੰ ਸ਼ਾਮ ਨੂੰ 5 ਵਜੇ ਤੋਂ ਲੈ ਕੇ 7 ਵਜੇ ਤੱਕ ਲੰਗਰ ਭਵਨ ਸਿਵਲ ਹਸਪਤਾਲ ਸੰਗਰੂਰ ਵਿਖੇ ਆਪਣੇ ਨਾਲ ਲਿਆ ਕੇ ਉਨ੍ਹਾਂ ਦੇ ਸਾਈਜ਼ ਦੇ ਨਵੇਂ ਕੱਪੜੇ ਲੈ ਕੇ ਜਾ ਸਕਦਾ ਹੈ, ਇਹ ਸੇਵਾ ਲੋਹੜੀ ਤੱਕ ਜਾਰੀ ਰਹੇਗੀ। ਇਸ ਮੌਕੇ ਉਨ੍ਹਾਂ ਨੇ ਸੰਸਥਾ ਵੱਲੋਂ ਨਵੇਂ ਸਾਲ ਦੀ ਵਧਾਈ ਦੇ ਨਾਲ ਮੈਡਮ ਅੰਨੂ ਸਿੰਗਲਾ, ਮੈਡਮ ਦੀਰਜ ਨਹਿਰਾ ਤੇ ਅਨਿਲ ਗੋਇਲ ਦਾ ਸੰਸਥਾ ਨੂੰ ਸਹਿਯੋਗ ਦੇਣ ਲਈ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।

ਇਸ ਮੌਕੇ ਸੰਸਥਾ ਦੇ ਸਰਗਰਮ ਮੈਂਬਰ ਦੇਵੀ ਸਿੰਗਲਾ (ਚੇਅਰਮੈਨ), ਡਿੰਪੀ ਜਿੰਦਲ, ਵੇਦ ਪ੍ਰਕਾਸ਼ ਸਿੰਗਲਾ, ਬਾਲ ਕ੍ਰਿਸ਼ਨ, ਮੰਗਲ ਸਿੰਘ ਰਾਣਾ, ਪਵਨ ਕੁਮਾਰ, ਗੁਰਮੀਤ ਸਿੰਘ, ਮਾਸਟਰ ਗੋਬਿੰਦ ਲਾਲ, ਮਾਸਟਰ ਪ੍ਰੇਮ ਚੰਦ ਸ਼ਰਮਾ, ਵਿਜੇ ਕਾਂਤ, ਪ੍ਰਿੰਸ ਪਾਠਕ, ਸੁਰਿੰਦਰ ਕੁਮਾਰ, ਦੇਵ ਰਾਜ, ਵਿਜੇ ਜਿੰਦਲ ਤੇ ਸੁਮਿਤ ਗੋਇਲ ਹਾਜ਼ਰ ਸਨ।

# ਮਾਤਾ ਕਿਰਪਾਲ ਕੌਰ ਨੂੰ ਸ਼ਰਧਾਂਜਲੀਆਂ

**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਸ਼ਹਿਰ ਦੇ ਉੱਘੇ ਵਪਾਰੀ ਅਭੈ ਸਿੰਘ, ਮਹਿੰਦਰ ਸਿੰਘ ਦੇ ਮਾਤਾ ਜੀ ਤੇ ਅਕਾਲੀ ਆਗੂ ਜਸਪਾਲ ਸਿੰਘ ਖਾਲਸਾ ਦੇ ਚਾਚੀ ਜੀ ਅਤੇ ਪੱਤਰਕਾਰ ਗੁਰਇਕਬਾਲ ਸਿੰਘ ਖਾਲਸਾ ਦੇ ਦਾਦੀ ਤੇ ਅਕਾਲੀ ਦਲ ਦੇ ਸ਼ਹਿਰੀ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਦੇ ਨਜ਼ਦੀਕੀ ਰਿਸ਼ਤੇਦਾਰ ਮਾਤਾ ਕ੍ਰਿਪਾਲ ਕੌਰ ਨਮਿਤ ਰੱਖੇ ਗਏ ਸ਼੍ਰੀ ਆਖੰਡ ਪਾਠ ਸਹਿਬ ਦੇ ਭੋਗਾਂ ਤੋਂ ਉਪਰੰਤ ਅੰਤਿਮ ਅਰਦਾਸ ਪਾਤੜਾਂ ਦੇ ਗੁਰਦੁਆਰ ਸ਼੍ਰੀ ਗੁਰੂ ਤੇਗ ਬਹਾਦਰ ਸਾਹਿਬ ਵਿਖੇ ਹੋਈ, ਜਿਸ ਵਿੱਚ ਪੁੱਜੇ ਰਾਜਨੀਤਕ ਤੇ ਸਮਾਜਸੇਵੀ ਆਗੂਆਂ ਵੱਲੋਂ ਮਾਤਾ ਕ੍ਰਿਪਾਲ ਕੌਰ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਸ਼੍ਰੋਮਣੀ ਕਮੇਟੀ ਮੈਂਬਰ ਨਿਰਮਲ ਸਿੰਘ ਹਰਿਆਊ, ਸਾਬਕਾ ਚੇਅਰਮੈਨ ਮਹਿੰਦਰ ਸਿੰਘ ਲਾਲਵਾ ਤੇ ਸ਼ਹਿਰੀ ਪ੍ਰਧਾਨ ਗੋਬਿੰਦ ਸਿੰਘ ਵਿਰਦੀ ਨੇ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਧਾਰਮਿਕ ਬਿਰਤੀ ਵਾਲੇ ਮਾਤਾ ਕ੍ਰਿਪਾਲ ਕੌਰ ਜਿੱਥੇ ਖੁਦ ਗੁਰਬਾਣੀ ਪੜ੍ਹਦੇ ਸਨ, ਉੱਥੇ ਹੀ ਉਨ੍ਹਾਂ ਨੇ ਸੁਖਮਨੀ ਸੇਵਾ ਸੁਸਾਇਟੀ ਦਾ ਗਠਨ ਕਰਕੇ ਬਹੁਤ ਸਾਰੀਆਂ ਬੀਬੀਆਂ ਤੇ ਬੱਚੀਆਂ ਨੂੰ ਗੁਰਬਾਣੀ ਦੇ ਲੜ ਲਾਇਆ ਅਤੇ ਉਨ੍ਹਾਂ ਵੱਲੋਂ ਦਿੱਤੀ ਗਈ ਸਿੱਖਿਆ ਦੀ ਬਦੌਲਤ ਉਨ੍ਹਾਂ ਦੇ ਬੱਚਿਆਂ ਨੇ ਵੀ ਸਮਾਜ ਵਿੱਚ ਨਾਮਣਾ ਖੱਟਿਆ ਹੈ।

ਸਾਬਕਾ ਵਿਧਾਇਕਾ ਬੀਬੀ ਵਨਿੰਦਰ ਕੌਰ ਲੂੰਬਾ ਤੇ ਸਾਬਕਾ ਵਿਧਾਇਕ ਨਿਰਮਲ ਸਿੰਘ ਨੇ ਸੋਗ ਸੰਦੇਸ਼ ਭੇਜ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ, ਉੱਥੇ ਹੀ ਇਸ ਸਮਾਗਮ 'ਚ ਅਕਾਲੀ ਆਗੂ ਸੁਖਵਿੰਦਰ ਸਿੰਘ ਬਰਾਸ, ਮੰਗਤ ਸਿੰਘ ਬਰਾਸ, ਸੁਖਦੇਵ ਸਿੰਘ ਜਿਉਣਪੁਰਾ, ਰਸ਼ਪਾਲ ਸਿੰਘ ਬਰਾਸ, ਸੁਖਵਿੰਦਰ ਸਿੰਘ ਝੱਬਰ, ਜੋਗਿੰਦਰ ਸਿੰਘ ਬਾਵਾ, ਗੁਰਦੀਪ ਸਿੰਘ ਖਾਂਗ, ਗੁਰਬਚਨ ਸਿੰਘ ਮੌਲਵੀਵਾਲਾ, ਅਜੈਬ ਸਿੰਘ ਮੱਲ੍ਹੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਕਾਲੇਕਾ, ਗੁਰੂ ਤੇਗ ਬਹਾਦਰ ਐਜੂਕੇਸ਼ਨ ਟਰੱਸਟ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ, ਉੱਪ-ਚੇਅਰਮੈਨ ਗੁਰਬਚਨ ਸਿੰਘ ਮਾਨ, ਮੈਨੇਜਰ ਗੁਰਪਿੰਦਰ ਸਿੰਘ ਕਾਲੇਕਾ, ਵਿਜੈ ਗਰਗ, ਰਾਮਾ ਗੁਪਤਾ, ਮਦਨਮੋਹਣ ਸਿੰਘ ਹੰਸਪਾਲ, ਸੂਰਜ ਕੁਮਾਰ ਪਹਿਲਵਾਨ, ਸੰਤੋਖ ਸਿੰਘ ਖਿੰਡਾ, ਈਸ਼ਰ ਸਿੰਘ ਪਨੇਸਰ, ਅੰਗਰੇਜ ਸਿੰਘ ਲਾਲਵਾ, ਪੱਤਰਕਾਰ ਭਾਈਚਾਰੇ 'ਚੋਂ ਗੁਰਨਾਮ ਸਿੰਘ ਚੌਹਾਨ ਤੇ ਸੱਤਪਾਲ ਗਰਗ ਆਦਿ ਮੌਜੂਦ ਸਨ।

## ਕਾਤਰਾਂ

### ਸੇਵਾ ਕੇਂਦਰ 'ਚ ਸੁਖਮਨੀ ਸਾਹਿਬ ਦਾ ਪਾਠ ਕਰਾਇਆ



**ਕੋਟ ਈਸੇ ਖਾਂ (ਅਰੋੜਾ)**-ਧਰਮਕੋਟ ਰੋਡ 'ਤੇ ਸਥਿਤ ਬੀ ਡੀ ਪੀ ਓ ਦਫਤਰ ਵਿਖੇ ਬਣੇ ਸੇਵਾ ਕੇਂਦਰ ਵਿੱਚ ਕਰਮਚਾਰੀਆਂ ਵੱਲੋਂ ਨਵੇਂ ਸਾਲ ਦੀ ਆਮਦ ਦੀ ਖੁਸ਼ੀ 'ਚ ਸ਼੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ, ਜਿਸ ਵਿੱਚ ਸੇਵਾ ਕੇਂਦਰ ਦੇ ਕਰਮਚਾਰੀ ਤੇ ਹੋਰ ਸ਼ਖਸੀਅਤਾਂ ਹਾਜ਼ਰ ਹੋਈਆਂ। ਇਸ ਮੌਕੇ ਸੇਵਾ ਕੇਂਦਰ ਦੇ ਸਬੰਧਤ ਕਰਮਚਾਰੀਆਂ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਲੋਕਾਂ ਨੂੰ ਸੇਵਾ ਕੇਂਦਰ ਵਿੱਚ ਚੱਲ ਰਹੀਆਂ ਸੇਵਾਵਾਂ ਦਾ ਵੱਧ ਤੋਂ ਵੱਧ ਲਾਭ ਉਠਾਉਣਾ ਚਾਹੀਦਾ ਹੈ। ਇਸ ਮੌਕੇ ਸਾਬਕਾ ਚੇਅਰਮੈਨ ਸ਼ਿਵਾਜ ਸਿੰਘ ਭੋਲਾ ਮਸਤੇਵਾਲਾ, ਸੁਰਜੀਤ ਸਿੰਘ ਖਾਲਿਸਤਾਨੀ, ਪਿੱਪਲ ਸਿੰਘ ਰਾਜਪੂਤ, ਜਰਨੈਲ ਸਿੰਘ ਤੋਂ ਇਲਾਵਾ ਦਵਿੰਦਰ ਬਾਂਸਲ ਇੰਚਾਰਜ ਸੇਵਾ ਕੇਂਦਰ, ਵਰਿੰਦਰ ਸਿੰਘ, ਗੁਰਜੀਤ ਸਿੰਘ ਮਾਨ, ਰਣਜੀਤ ਸਿੰਘ ਮਾਨ, ਅਮਿਤ ਸ਼ਰਮਾ, ਮੱਸਾ ਸਿੰਘ, ਜਸਪ੍ਰੀਤ ਸਿੰਘ, ਮਨਪ੍ਰੀਤ ਸਿੰਘ, ਰਾਮ ਬਚਨ, ਗੋਪਾਲ ਸ਼ਰਮਾ ਆਦਿ ਹਾਜ਼ਰ ਸਨ।

### ਵਕੀਲ ਕੇ ਐੱਲ ਗਰੋਵਰ ਦੀ ਮੌਤ 'ਤੇ ਆਗੂਆਂ ਵੱਲੋਂ ਦੁੱਖ ਪ੍ਰਗਟ



**ਮਲੋਟ (ਗੁਰਮੀਤ ਸਿੰਘ ਮੱਕੜ)**-ਸੀਵਰੇਜ ਬੋਰਡ ਦੇ ਇੰਜੀਨੀਅਰ ਰਾਕੇਸ਼ ਮੋਹਨ ਮੱਕੜ ਦੇ ਕੁੜਮ ਵਕੀਲ ਤੇ ਨੋਟਰੀ ਕੇ.ਐਲ. ਗਰੋਵਰ ਅਚਨਚੇਤ ਸਵਰਗਵਾਸ ਹੋ ਗਏ। ਉਨ੍ਹਾਂ ਦੀ ਮੌਤ 'ਤੇ ਡੀ.ਏ.ਵੀ. ਹਸਪਤਾਲ ਦੇ ਡਾਇਰੈਕਟਰ ਜੀ.ਸੀ. ਸ਼ਰਮਾ, ਨਗਰ ਕੌਂਸਲ ਦੇ ਪ੍ਰਧਾਨ ਸ਼ੁਭਦੀਪ ਸਿੰਘ ਬਿੱਟੂ, ਸੀਵਰੇਜ ਬੋਰਡ ਦੇ ਹਰਜਿੰਦਰ ਸਿੰਘ ਗੁਰੋਂ, ਰਾਜਵੰਤ ਸਿੰਘ, ਲਖਵਿੰਦਰ ਸਿੰਘ, ਜੰਗੀਰ ਸਿੰਘ, ਪ੍ਰੈਸ ਕਲੱਬ ਦੇ ਪ੍ਰਧਾਨ ਗੁਰਮੀਤ ਸਿੰਘ ਮੱਕੜ, ਗੁਪਤਾ ਇੰਡਸਟਰੀ ਦੇ ਵਿਕਾਸ ਗੁਪਤਾ, ਡਿਸਟ੍ਰੀਬਿਊਟਰ ਐਸੋਸੀਏਸ਼ਨ ਦੇ ਸਤੀਸ਼ ਗੋਇਲ, ਜੀ.ਓ.ਜੀ. ਦੇ ਸਾਬਕਾ ਇੰਚਾਰਜ ਹਰਪ੍ਰੀਤ ਸਿੰਘ, ਆਰ.ਟੀ.ਆਈ. ਕਾਰਕੁੰਨ ਸੰਦੀਪ ਮਲੂਜਾ, ਪੱਤਰਕਾਰ ਰੋਹਿਤ ਕਾਲੜਾ, ਸੰਦੀਪ ਮੰਗਲਾ, ਰਵੀਕਾਂਤ ਕੈਨੇਡੀ, ਰਵੀ ਕੁਮਾਰ ਗਰਗ, ਲਵਿੰਗ ਲਿਟਲ ਸਕੂਲ ਦੇ ਪ੍ਰਿੰਸੀਪਲ ਮੀਨਾ ਅਰੋੜਾ, ਨਗਰ ਕੌਂਸਲ ਦੇ ਸਾਬਕਾ ਪ੍ਰਧਾਨ ਸਤਿਗੁਰਦੇਵ ਪੱਪੀ ਆਦਿ ਵੱਖ-ਵੱਖ ਧਾਰਮਿਕ, ਸਮਾਜ ਸੇਵੀ ਤੇ ਵਪਾਰਕ ਜਥੇਬੰਦੀਆਂ ਦੇ ਅਹੁਦੇਦਾਰਾਂ ਨੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦੇ ਹੋਏ ਵਾਹਿਗੁਰੂ ਅੱਗੇ ਅਰਦਾਸ ਕੀਤੀ ਕਿ ਉਹ ਪਰਵਾਰ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਸਵ. ਕੇ.ਐਲ. ਗਰੋਵਰ ਨਮਿਤ ਪਾਠ ਦਾ ਭੋਗ ਅਤੇ ਅੰਤਮ ਅਰਦਾਸ 4 ਜਨਵਰੀ ਨੂੰ ਦੁਪਹਿਰ 12 ਵਜੇ ਤੋਂ 1 ਵਜੇ ਤੱਕ ਗੁਰਦੁਆਰਾ ਗੁਰੂ ਨਾਨਕ ਦੇਵ ਜੀ ਸਾਹਿਬ ਮੰਡੀ ਹਰਜ਼ੀ ਰਾਮ ਮਲੋਟ ਵਿਖੇ ਹੋਵੇਗੀ।

### ਰੇਤ ਦੀ ਭਰੀ ਟ੍ਰਾਲੀ-ਟ੍ਰੈਕਟਰ ਕਾਬੂ

**ਜਲਾਲਾਬਾਦ (ਜੀਤ ਕੁਮਾਰ, ਦਹੂਜਾ)**-ਥਾਣਾ ਸਦਰ ਦੀ ਪੁਲਸ ਨੇ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਵਿੱਚ ਰੇਤ ਦੀ ਭਰੀ ਟ੍ਰਾਲੀ-ਟ੍ਰੈਕਟਰ ਕਾਬੂ ਕੀਤਾ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਸਹਾਇਕ ਥਾਣੇਦਾਰ ਬਲਕਾਰ ਸਿੰਘ ਪੁਲਸ ਪਾਰਟੀ ਸਣੇ ਗਸ਼ਤ ਦੌਰਾਨ ਘੁਬਾਇਆ ਵਿੱਚ ਮੌਜੂਦ ਸੀ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਸੋਹਨਜੀਤ ਸਿੰਘ ਪੁੱਤਰ ਮੱਖਣ ਸਿੰਘ ਵਾਸੀ ਪਿੰਡ ਚੱਕ ਭੰਬਾ ਵੱਟੂ ਉਰਫ ਜਵਾਲੇਵਾਲਾ, ਜੋਕਿ ਰੇਤੇ ਦੀ ਨਾਜਾਇਜ਼ ਮਾਈਨਿੰਗ ਕਰਕੇ ਰੇਤਾ ਅੱਗੇ ਵੇਚਣ ਦਾ ਆਦੀ ਹੈ, ਅੱਜ ਵੀ ਆਪਣੇ ਟ੍ਰੈਕਟਰ ਸਮੇਤ ਰੇਤ ਦੀ ਟ੍ਰਾਲੀ ਪਿੰਡ ਚੱਕ ਖੀਵਾ ਤੋਂ ਘੁਬਾਇਆ ਨੂੰ ਲੈ ਕੇ ਆ ਰਿਹਾ ਹੈ, ਜਿਸ 'ਤੇ ਪੁਲਸ ਨੇ ਛਾਪੇਮਾਰੀ ਕਰਕੇ 100 ਸਕੇਅਰ ਫੁੱਟ ਰੇਤ ਦੀ ਟ੍ਰਾਲੀ ਤੇ ਟ੍ਰੈਕਟਰ ਮਾਰਕਾ ਸਵਰਾਜ ਕਾਬੂ ਕੀਤਾ ਹੈ, ਜਿਸ ਦੇ ਖਿਲਾਫ ਪੁਲਸ ਨੇ ਮੁਕੱਦਮਾ ਦਰਜ ਕਰ ਲਿਆ ਹੈ।

# ਪੰਜਾਬ ਖੇਤੀਬਾੜੀ 'ਵਰਸਿਟੀ ਦੇ ਵਿਦਿਆਰਥੀਆਂ ਵੱਲੋਂ ਫੂਡ ਪ੍ਰੋਸੈਸਿੰਗ ਪਲਾਂਟ ਦਾ ਦੌਰਾ

**ਰਾਮਪੁਰਾ ਫੂਲ (ਦਰਸ਼ਨ ਜਿੰਦਲ)**



ਪਿੰਡ ਰਾਮਪੁਰਾ ਦੇ ਫੂਡ ਪ੍ਰੋਸੈਸਿੰਗ ਪਲਾਂਟ, ਜਿੱਥੇ ਹਲਦੀ ਦੀ ਖੇਤੀ ਦੇ ਨਾਲ ਨਾਲ ਰਸੋਈ 'ਚ ਵਰਤੋਂਯੋਗ ਮਸਾਲੇ ਤੇ ਆਚਾਰ ਤਿਆਰ ਕੀਤੇ ਜਾਂਦੇ ਹਨ, ਨੂੰ ਵੇਖਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਵਿਦਿਆਰਥੀਆਂ ਤੇ ਪ੍ਰੋਫੈਸਰ ਸਾਹਿਬਾਨ ਨੇ ਇੱਕ ਦਿਨ ਦਾ ਦੌਰਾ ਕੀਤਾ ਤਾਂ ਜੋ ਹਲਦੀ ਦੀ ਖੇਤੀ ਦੇ ਨਾਲ ਨਾਲ, ਇਸ ਲਈ ਕੰਮ ਆਉਂਦੀ ਖੇਤੀ ਮਸ਼ੀਨਰੀ ਤੇ ਫੂਡ ਪ੍ਰੋਸੈਸਿੰਗ ਦੇ ਹੁਨਰ ਤੋਂ ਯੂਨੀਵਰਸਿਟੀ ਅੰਦਰ ਖੇਤੀ ਇੰਜੀਨੀਅਰ ਬਣਨ ਜਾ ਰਹੇ ਵਿਦਿਆਰਥੀਆਂ ਨੂੰ ਜਾਣੂੰ ਕਰਵਾਇਆ ਜਾ ਸਕੇ। ਇਹ ਜਾਣਕਾਰੀ ਦਿੰਦਿਆਂ ਐੱਮ ਬੀ ਏ ਤੇ ਫੂਡ ਟੈਕਨਾਲੋਜਿਸਟ ਨਵਦੀਪ ਬੱਲੀ ਤੇ ਖੇਤੀ ਇੰਜੀਨੀਅਰ ਗੁਰਸ਼ਰਨ ਸਿੰਘ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਪਿੰਡ ਰਾਮਪੁਰਾ 'ਚ ਆਪਣੇ ਖੇਤ ਅੰਦਰ 7/8 ਸਾਲਾਂ ਤੋਂ ਹਲਦੀ ਦੀ ਖੇਤੀ ਕਰਨ ਤੋਂ ਇਲਾਵਾ ਇੱਕ ਫੂਡ ਪ੍ਰੋਸੈਸਿੰਗ ਪਲਾਂਟ ਲਗਾਇਆ ਹੋਇਆ ਹੈ ਤਾਂ ਜੋ ਲੋਕਾਂ ਨੂੰ ਸ਼ੁੱਧ ਮਿਰਚ ਮਸਾਲੇ ਹਾਸਲ ਕਰਵਾਏ ਜਾ ਸਕਣ। ਇਹ ਵੀ ਦੱਸਿਆ ਕਿ ਇੱਥੇ ਹਲਦੀ ਦੀਆਂ ਕੱਚੀਆਂ ਗੱਠਾਂ ਤੋਂ ਸ਼ੁੱਧ ਹਲਦੀ ਪਾਊਡਰ ਤੋਂ ਇਲਾਵਾ ਮਿਰਚ ਮਸਾਲੇ, ਬੇਸਨ, ਚਾਹ ਮਸਾਲਾ, ਲੱਸੀ-ਦਹੀਂ ਮਸਾਲਾ, ਸਬਜ਼ੀ ਵਾਲੇ ਪਕੌੜੇ, ਨਮਕੀਨ ਆਈਟਮਾਂ, ਕੱਚੀ ਹਲਦੀ ਦਾ ਆਚਾਰ ਅਤੇ ਲਸਨ ਦਾ ਖਟ-ਮਿੱਠਾ ਅਚਾਰ ਆਦਿ ਇੱਕ ਦਰਜਨ ਤੋਂ ਵੱਧ ਰਸੋਈ ਉਤਪਾਦ ਤਿਆਰ ਕੀਤੇ ਜਾਂਦੇ ਹਨ ਅਤੇ ਖੇਤੀ, ਪੰਜਾਬ ਖੇਤੀ ਯੂਨੀਵਰਸਿਟੀ ਲੁਧਿਆਣਾ ਦੇ ਮਾਹਰਾਂ ਦੀਆਂ ਸਿਫਾਰਸ਼ਾਂ ਅਨੁਸਾਰ ਕੀਤੀ ਜਾਂਦੀ ਹੈ। ਬੱਲੀ ਤੇ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਸਰਕਾਰੀ ਨੌਕਰੀ ਵਾਲੇ ਪਾਸੇ ਜਾਣ ਦੀ ਥਾਂ ਐਗਰੋ ਫੂਡ ਪ੍ਰੋਸੈਸਿੰਗ ਦਾ ਰਾਹ ਚੁਣਿਆ ਹੈ, ਜਿਸ 'ਚ ਪੁੰਨ ਵੀ ਹੈ ਤੇ ਫਲੀਆਂ ਵੀ। ਇਸੇ ਕਰਕੇ ਉਨ੍ਹਾਂ ਬਠਿੰਡਾ-ਬਰਨਾਲਾ ਜੀ ਟੀ ਰੋਡ 'ਤੇ ਲੋਕਾਂ ਦੀ ਸਹੂਲਤ ਲਈ ਇੱਕ ਕਿਸਾਨ ਹੱਟ ਦਾ ਸੰਚਾਲਨ ਵੀ ਕੀਤਾ ਹੈ, ਜਿੱਥੇ ਉਕਤ ਉਤਪਾਦਾਂ ਤੋਂ ਬਿਨਾਂ ਕਿਸਾਨਾਂ ਵੱਲੋਂ ਤਿਆਰ ਕੀਤਾ ਸ਼ਹਿਦ, ਗੁੜ ਤੇ ਦਾਲਾਂ ਵੀ ਹਾਸਲ ਕਰਵਾਈਆਂ ਗਈਆਂ ਹਨ। ਇਸੇ ਦੌਰਾਨ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਪ੍ਰੋਸੈਸਿੰਗ ਤੇ ਫੂਡ ਇੰਜੀਨੀਅਰਿੰਗ ਦੇ ਪ੍ਰੋਫੈਸਰ ਸਾਹਿਬਾਨ ਸੰਜੀਵ ਰਤਨ ਸ਼ਰਮਾ ਤੇ ਪ੍ਰੋਫੈਸਰ ਮੁਹੰਮਦ ਸਲੀਮ ਆਲਮ ਨੇ ਦੱਸਿਆ ਕਿ ਉਨ੍ਹਾਂ ਤੇ ਵਿਦਿਆਰਥੀਆਂ ਨੂੰ ਇੱਥੇ ਆ ਕੇ ਚੰਗਾ ਮਹਿਸੂਸ ਹੋਇਆ ਹੈ ਤੇ ਵਿਦਿਆਰਥੀਆਂ ਦਾ ਇੱਥੇ ਆ ਕੇ ਫੂਡ ਪ੍ਰੋਸੈਸਿੰਗ ਤੇ ਇੰਜੀਨੀਅਰਿੰਗ ਦੇ ਮਾਮਲੇ ਵਿੱਚ ਕਾਫੀ ਕੁਝ ਸਿੱਖਣ ਨੂੰ ਮਿਲਿਆ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਹੋਣਹਾਰ ਨੌਜਵਾਨ ਉੱਦਮੀ ਕਿਸਾਨਾਂ ਨੂੰ ਆਪਣੇ ਉਤਪਾਦਾਂ ਦੀ ਪ੍ਰਦਰਸ਼ਨੀ ਤੇ ਵੇਚ ਲਈ ਯੂਨੀਵਰਸਿਟੀ ਵੱਲੋਂ ਆਏ ਸਾਲ ਲਗਾਏ ਜਾਂਦੇ ਖੇਤੀ ਮੇਲਿਆਂ ਵਿੱਚ ਉੱਚਿਤ ਥੜ੍ਹਾ ਮੁਹੱਈਆ ਕਰਵਾਇਆ ਜਾਂਦਾ ਹੈ। ਉਨ੍ਹਾਂ ਪੜ੍ਹ ਰਹੇ ਵਿਦਿਆਰਥੀਆਂ ਤੇ ਇਨ੍ਹਾਂ ਉੱਦਮੀਆਂ ਦੇ ਚੰਗੇ ਭਵਿੱਖ ਦੀ ਕਾਮਨਾ ਵੀ ਕੀਤੀ।

# ਦੇਸ਼ ਭਗਤ ਪਰਵਾਰਾਂ ਦੀ ਸਰਕਾਰੀ ਦਫ਼ਤਰਾਂ 'ਚ ਖੱਜਲ-ਖੁਆਰੀ ਬੰਦ ਹੋਵੇ : ਨਿਰਮਲ ਸਿੰਘ

## ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਨੂੰ ਮਨਾਉਣ ਲਈ ਸਰਕਾਰ ਵਿਸ਼ੇਸ਼ ਕਦਮ ਚੁੱਕੇ



ਫਰੀਡਮ ਫਾਈਟਰ ਉੱਤਰਾਅਧਿਕਾਰੀ ਜਥੇਬੰਦੀ ਦੀ ਮੀਟਿੰਗ ਦੌਰਾਨ ਵਿਚਾਰ-ਵਟਾਂਦਰਾ ਕਰਦੇ ਹੋਏ ਆਗੂ ਤੇ ਮੈਂਬਰ।

**ਮਲੋਟ (ਗੁਰਮੀਤ ਸਿੰਘ ਮੱਕੜ)**

ਫਰੀਡਮ ਫਾਈਟਰ ਉੱਤਰਾਅਧਿਕਾਰੀ ਜਥੇਬੰਦੀ ਦੀ ਮਹੀਨਾਵਾਰ ਮੀਟਿੰਗ ਜ਼ਿਲ੍ਹਾ ਪ੍ਰਧਾਨ ਨਿਰਮਲ ਸਿੰਘ ਮਲੋਟ ਦੀ ਅਗਵਾਈ ਹੇਠ ਹੋਈ। ਮੀਟਿੰਗ ਵਿੱਚ ਸਮੂਹ ਦੇਸ਼ ਭਗਤ ਪਰਵਾਰਾਂ ਦੇ ਵਾਰਿਸਾਂ ਨੇ ਹਿੱਸਾ ਲਿਆ। ਮੀਟਿੰਗ ਨੂੰ ਸੰਬੋਧਨ ਕਰਦਿਆਂ ਨਿਰਮਲ ਸਿੰਘ ਮਲੋਟ ਨੇ ਮੀਟਿੰਗ ਵਿੱਚ ਆਏ ਸਾਰੇ ਦੇਸ਼ ਭਗਤ ਪਰਵਾਰਾਂ ਦੇ ਵਾਰਿਸਾਂ ਨੂੰ ਨਵੇਂ ਸਾਲ ਦੀਆਂ ਮੁਬਾਰਕਾਂ ਦੇਣ ਉਪਰੰਤ ਕਿਹਾ ਕਿ 23 ਜਨਵਰੀ ਨੂੰ ਨੇਤਾ ਜੀ ਸੁਭਾਸ਼ ਚੰਦਰ ਬੋਸ ਦੇ ਜਨਮ ਦਿਹਾੜੇ ਨੂੰ ਮਨਾਉਣ ਲਈ ਮਾਨ ਸਰਕਾਰ ਨੂੰ ਕੋਈ ਵਿਸ਼ੇਸ਼ ਕਦਮ ਚੁੱਕਣਾ ਚਾਹੀਦਾ ਹੈ, ਜਿਸ ਨਾਲ ਦੇਸ਼ ਭਗਤਾਂ ਦੇ ਵਾਰਿਸਾਂ ਦਾ ਮਾਣ ਰੱਖਿਆ ਜਾਵੇ, ਕਿਉਂਕਿ ਨੇਤਾ ਜੀ ਸੁਭਾਸ਼ ਚੰਦਰ ਬੋਸ ਆਜ਼ਾਦੀ ਦੇ ਅਸਲ ਹੀਰੋ ਸਨ। ਜਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਗੁਰਮੀਤ ਸਿੰਘ ਸੰਧੂ ਨੇ ਕਿਹਾ ਕਿ ਸਰਕਾਰੀ ਦਫਤਰਾਂ ਵਿੱਚ ਕੰਮ ਕਰਵਾਉਣ ਲਈ ਦੇਸ਼ ਭਗਤਾਂ ਦੇ ਵਾਰਿਸਾਂ ਨੂੰ ਖੱਜਲ ਖੁਆਰ ਹੋਣਾ ਪੈ ਰਿਹਾ ਹੈ, ਪ੍ਰੰਤੂ ਪ੍ਰਸ਼ਾਸਨ ਇਸ ਵੱਲ ਧਿਆਨ ਦੇਵੇ ਨਹੀ ਤਾਂ ਉਨ੍ਹਾਂ ਵੱਲੋਂ ਸੰਘਰਸ਼ ਵਿੱਢਣ ਦੀ ਤਿਆਰੀ ਕੀਤੀ ਜਾਵੇਗੀ, ਜਿਸ ਦੀ ਜ਼ਿੰਮੇਵਾਰੀ ਜ਼ਿਲ੍ਹਾ ਪ੍ਰਸ਼ਾਸਨ ਦੀ ਹੋਵੇਗੀ।

ਮੀਟਿੰਗ ਵਿੱਚ ਜਰਨਲ ਸਕੱਤਰ ਬਲਜਿੰਦਰ ਸਿੰਘ ਮਧੀਰ, ਸਕੱਤਰ ਸੁਭਾਸ਼ ਬੱਬਰ, ਜ਼ਿਲ੍ਹਾ ਖਜ਼ਾਨਚੀ ਕੁਲਵੰਤ ਸਿੰਘ ਭਲਾਈਆਣਾ, ਦਫਤਰ ਇੰਚਾਰਜ ਹਰਿੰਦਰ ਸਿੰਘ ਛਾਬੜਾ, ਅਮਰਜੀਤ ਸਿੰਘ ਬਾਵਾ, ਸਟੇਟ ਬਾਡੀ ਮੈਂਬਰ ਨਾਜਮ ਸਿੰਘ ਮਧੀਰ, ਜਸਕਰਨ ਸਿੰਘ ਜੱਸੇਆਣਾ, ਚਾਨਣ ਸਿੰਘ ਕੱਖਾਂਵਾਲੀ, ਮੁਖਤਿਆਰ ਸਿੰਘ ਧਿਗਾਣਾ, ਪ੍ਰੇਮ ਕੁਮਾਰ, ਤਰਸੇਮ ਲਾਲ ਗਿੱਦੜਬਾਹਾ, ਦਰਸ਼ਨ ਸਿੰਘ ਕਾਉਣੀ, ਸੁਖਦੇਵ ਸਿੰਘ, ਪਰਮਜੀਤ ਸਿੰਘ ਸਿੱਧੂ, ਗੁਰਮੀਤ ਸਿੰਘ ਜੰਡਵਾਲਾ, ਗੁਰਤੇਜ ਸਿੰਘ ਮਲੋਟ, ਕੇਸਰ ਸਿੰਘ, ਜਗਸੀਰ ਸਿੰਘ ਆਦਿ ਮੈਂਬਰ ਹਾਜ਼ਰ ਸਨ।

# ਭਾਜਪਾ 'ਚ ਸ਼ਾਮਲ ਹੋਣ ਵਾਲਿਆਂ ਦਾ ਸਨਮਾਨ

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**



ਵਿਧਾਨ ਸਭਾ ਹਲਕਾ ਸ਼ੁਤਰਾਣਾ ਅਧੀਨ ਆਉਂਦੇ ਪਿੰਡ ਅਤਾਲਾਂ ਵਿਖੇ ਪੰਚਾਇਤ ਮੈਂਬਰ ਹੰਸ ਰਾਜ ਦੀ ਅਗਵਾਈ ਹੇਠ ਹੋਰ ਕਈ ਪਿੰਡ ਵਾਸੀ ਭਾਰਤੀ ਜਨਤਾ ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਪਾਰਟੀ ਵਿੱਚ ਸ਼ਾਮਲ ਹੋਣ ਦਾ ਐਲਾਨ ਕੀਤਾ ਹੈ। ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਹਰ ਸੰਭਵ ਮਾਨ ਸਨਮਾਨ ਦਾ ਭਰੋਸਾ ਦਿੱਤਾ। ਭਾਜਪਾ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਹਲਕਾ ਇੰਚਾਰਜ ਨਰਾਇਣ ਸਿੰਘ ਨਰਸੋਤ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਪੱਖੀ ਨੀਤੀਆਂ ਤੋਂ ਪ੍ਰਭਾਵਿਤ ਹੋ ਕੇ ਲੋਕ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ। ਉਨ੍ਹਾ ਕਿਹਾ ਕਿ ਕਾਂਗਰਸ ਨੇ ਸਦਾ ਰਾਜ-ਸੱਤਾ 'ਤੇ ਕਾਇਮ ਰਹਿਣ ਲਈ ਦੇਸ਼ ਦੇ ਹਿੱਤਾਂ ਨਾਲ ਖਿਲਵਾੜ ਕੀਤਾ, ਜਦੋਂਕਿ ਭਾਜਪਾ ਦੇ ਹੱਥਾਂ ਵਿੱਚ ਦੇਸ਼ ਸੁਰੱਖਿਅਤ ਹੈ। ਕਾਂਗਰਸ ਦੇ ਸਾਬਕਾ ਪ੍ਰਧਾਨ ਰਾਹੁਲ ਗਾਂਧੀ ਵੱਲੋਂ ਸ਼ੁਰੂ ਕੀਤੀ ਭਾਰਤ ਜੋੜੋ ਯਾਤਰਾ 'ਤੇ ਤਿੱਖਾ ਹਮਲਾ ਕਰਦਿਆਂ ਉਨ੍ਹਾ ਕਿਹਾ ਕਿ ਆਪਣੀ ਰਾਜਨੀਤਕ ਜ਼ਮੀਨ ਖੁੱਸਦੀ ਵੇਖ ਕੇ ਰਾਹੁਲ ਗਾਂਧੀ ਹੱਥ ਪੈਰ ਮਾਰ ਰਿਹਾ ਹੈ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਮਾਣਕ ਸਿੰਘ, ਅਮਰੀਕ ਸਿੰਘ, ਕਾਲਾ ਰਾਮ, ਹਰਭਜਨ ਸਿੰਘ, ਜਸਵੀਰ ਸਿੰਘ, ਦਵਿੰਦਰ ਸਿੰਘ ਬਰਾਸ, ਬਗੀਚਾ ਸਿੰਘ ਦੁਤਾਲ, ਸੋਨੂੰ ਗਰਗ, ਸਾਬਕਾ ਕੌਂਸਲਰ ਜਗਦੀਸ਼ ਪੰਛੀ, ਪਰਮਜੀਤ ਕੌਰ, ਰਾਣੀ ਦੇਵੀ, ਗਿੰਦਰ ਰਾਣੀ ਤੇ ਹੋਰ ਪਤਵੰਤੇ ਸੱਜਣ ਮੌਜੂਦ ਸਨ।

# ਰਣਸੀਂਹ ਕਲਾਂ ਦੀ ਪੰਚਾਇਤ 'ਤੇ ਲੱਗੇ ਪੱਖ-ਪਾਤ ਦੇ ਦੋਸ਼, ਸਰਪੰਚ ਨੇ ਦੋਸ਼ਾਂ ਨੂੰ ਨਕਾਰਿਆ

**ਨਿਹਾਲ ਸਿੰਘ ਵਾਲਾ, ਅਜੀਤਵਾਲ (ਨਛੱਤਰ ਸੰਧੂ)**-ਪਿੰਡ ਰਣਸੀਂਹ ਕਲਾਂ ਦੇ ਵਾਸੀ ਚਰਨ ਸਿੰਘ ਪੁੱਤਰ ਚੰਨਣ ਸਿੰਘ ਤੇ ਸਰਬਜੀਤ ਸਿੰਘ ਪੁੱਤਰ ਮਹਿੰਦਰ ਸਿੰਘ ਨੇ ਪ੍ਰੈੱਸ ਨੂੰ ਲਿਖਤੀ ਹਲਫੀਆ ਬਿਆਨ ਦਿੰਦਿਆਂ ਦੋਸ਼ ਲਾਇਆ ਕਿ ਪਿੰਡ ਦੀ ਪੰਚਾਇਤ ਵੱਲੋਂ ਸ਼ਾਮਲਾਟ ਦੀ ਜਗ੍ਹਾ 'ਤੇ ਨਾਜਾਇਜ਼ ਕਬਜ਼ਾ ਕਰਵਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਦੀ ਪੰਚਾਇਤ ਵੱਲੋਂ ਇੱਕ ਪੰਚਾਇਤ ਮੈਂਬਰ ਦੇ ਘਰ ਨੂੰ ਸ਼ਾਮਲਾਟ ਦੀ ਜਗ੍ਹਾ ਵਿੱਚੋਂ ਰਸਤਾ ਪੱਕਾ ਕੀਤਾ ਜਾ ਰਿਹਾ ਹੈ, ਜਦਕਿ ਪੰਚਾਇਤ ਮੈਂਬਰ ਦੇ ਘਰ ਨੂੰ ਪੱਕਾ ਨੰਬਰੀ ਰਸਤਾ ਹੋਰ ਜਾਂਦਾ ਹੈ। ਉਨ੍ਹਾਂ ਦੱਸਿਆ ਕਿ ਮੈਂ ਇਸ ਮਾਮਲੇ ਨੂੰ ਲੈ ਕੇ ਡਿਪਟੀ ਕਮਿਸ਼ਨਰ ਮੋਗਾ ਨੂੰ ਲਿਖਤੀ ਦਰਖਾਸਤ ਦੇ ਕੇ ਕਾਰਵਾਈ ਦੀ ਮੰਗ ਕੀਤੀ ਸੀ। ਉਨ੍ਹਾਂ ਨੇ ਇਹ ਦਰਖਾਸਤ ਬੀ.ਡੀ.ਪੀ.ਓ. ਨਿਹਾਲ ਸਿੰਘ ਵਾਲਾ ਨੂੰ ਮਾਰਕ ਕਰ ਦਿੱਤੀ ਸੀ। ਫਿਰ ਪੰਚਾਇਤ ਅਫਸਰ ਕੁਝ ਮੁਲਾਜ਼ਮਾਂ ਨਾਲ ਮੌਕਾ ਦੇਖਣ ਆਏ ਸਨ ਤੇ ਉਨ੍ਹਾਂ ਨੇ ਇਸ ਗਲੀ ਦੀ ਉਸਾਰੀ ਦਾ ਕੰਮ ਰੁਕਵਾ ਦਿੱਤਾ ਸੀ, ਪ੍ਰੰਤੂ ਮਹਿਕਮੇ ਵੱਲੋਂ ਕੰਮ ਰੋਕਣ ਦੇ ਬਾਵਜੂਦ ਕੰਮ ਚਾਲੂ ਕਰਕੇ ਉਸ ਰਸਤੇ ਵਿੱਚ ਇੰਟਰਲੌਕ ਟਾਈਲ ਲਗਾ ਦਿੱਤੀ। ਚਰਨ ਸਿੰਘ ਨੇ ਅੱਗੇ ਦੱਸਿਆ ਕਿ ਮੈਂ ਫਿਰ ਦੁਬਾਰਾ ਇਸ ਮਾਮਲੇ ਸਬੰਧੀ ਡਿਪਟੀ ਕਮਿਸ਼ਨਰ ਦੇ ਪੇਸ਼ ਹੋਇਆ ਕਿ ਮੈਂ ਮਹਿਕਮੇ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਹੈ ਤਾਂ ਡਿਪਟੀ ਕਮਿਸ਼ਨਰ ਸਾਹਿਬ ਨੇ ਮੈਨੂੰ ਡੀ.ਡੀ.ਪੀ.ਓ. ਪਾਸ ਭੇਜ ਦਿੱਤਾ, ਪਰ ਮੈਨੂੰ ਕੋਈ ਇਨਸਾਫ ਨਹੀਂ ਮਿਲਿਆ। ਫਿਰ ਤੀਸਰੀ ਵਾਰ ਡਿਪਟੀ ਕਮਿਸ਼ਨਰ ਕੋਲ ਜਾਣ 'ਤੇ ਕਾਰਵਾਈ ਹੋਈ ਤੇ ਉਨ੍ਹਾਂ ਨੇ ਗਲੀ ਦਾ ਕੰਮ ਰੁਕਵਾ ਦਿੱਤਾ। ਇਸ ਸਬੰਧੀ ਪਿੰਡ ਦੇ ਸਰਪੰਚ ਨਾਲ ਗੱਲਬਾਤ ਕਰਨ 'ਤੇ ਉਨ੍ਹਾ ਦੱਸਿਆ ਕਿ ਤਕਰੀਬਨ ਸਾਰੇ ਪਿੰਡ ਦੀਆਂ ਗਲੀਆਂ ਦਾ ਕੰਮ ਮੁਕੰਮਲ ਹੋ ਚੁੱਕਿਆ ਹੈ, ਇਹੀ ਗਲੀ ਬਸ ਬਣਾਉਣ ਵਾਲੀ ਰਹਿੰਦੀ ਸੀ, ਜੋ ਬਣ ਰਹੀ ਹੈ, ਜਿੱਥੇ ਇਕੱਲੇ ਪੰਚਾਇਤ ਮੈਂਬਰ ਦਾ ਨਹੀਂ, ਬਲਕਿ ਹੋਰ ਵੀ ਗਰੀਬਾਂ ਦੇ ਮਕਾਨ ਇਸ ਗਲੀ 'ਤੇ ਲੱਗਦੇ ਹਨ। ਇਹ ਸਭ ਰੰਜਿਸ਼ ਅਧੀਨ ਹੋ ਰਿਹਾ ਹੈ। ਹੋਰ ਕੋਈ ਮਾਮਲਾ ਨਹੀਂ।



ਅਖੀਰ ਚਰਨ ਸਿੰਘ ਤੇ ਸਰਬਜੀਤ ਸਿੰਘ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਤੇ ਡਿਪਟੀ ਕਮਿਸ਼ਨਰ ਮੋਗਾ ਤੋਂ ਮੰਗ ਕੀਤੀ ਹੈ ਕਿ ਪਿੰਡ ਦੀਆਂ ਅਧੂਰੀਆਂ ਕੱਚੀਆਂ ਗਲੀਆਂ ਨੂੰ ਪੱਕਾ ਕਰਵਾਇਆ ਜਾਵੇ ਤੇ ਜਿੱਥੇ ਨਜਾਇਜ਼ ਤੌਰ 'ਤੇ ਬਣੀਆਂ ਹਨ, ਇਸ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਕੇ ਸਾਨੂੰ ਇਨਸਾਫ ਦਿੱਤਾ ਜਾਵੇ।

# ਕੰਪਿਊਟਰ ਟਾਈਪਿੰਗ ਕੋਰਸ ਪੂਰਾ ਕਰਨ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਬ੍ਰੇਨ ਟੈੱਕ ਇੰਸਟੀਚਿਊਟ ਵੱਲੋਂ 2 ਮਹੀਨੇ ਦਾ ਮੁਫ਼ਤ ਕੰਪਿਊਟਰ ਟਾਈਪਿੰਗ ਕੋਰਸ ਕਰਵਾਇਆ ਗਿਆ ਤੇ ਇਸ ਦੀ ਸਮਾਪਤੀ 'ਤੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਵੰਡੇ ਗਏ। ਸੰਸਥਾ ਦੇ ਮੁਖੀ ਰਮਨਦੀਪ ਸਹਾਰਨ ਨੇ ਦੱਸਿਆ ਕਿ ਇਹ ਮੁਫ਼ਤ ਕੰਪਿਊਟਰ ਕੋਰਸ ਕਰਵਾਉਣ ਦਾ ਮੁੱਖ ਉਦੇਸ਼ ਵਿਦਿਆਰਥੀਆਂ ਦੇ ਉੱਜਵਲ ਭਵਿੱਖ ਤੇ ਰੋਜ਼ਗਾਰ ਲਈ ਰਾਹ ਖੋਲ੍ਹਣਾ ਹੈ। ਉਨ੍ਹਾ ਦੱਸਿਆ ਕਿ ਕਈ ਵਿਦਿਆਰਥੀ ਆਰਥਿਕ ਤੰਗੀ ਕਾਰਨ ਕੰਪਿਊਟਰ ਕੋਰਸ ਨਹੀਂ ਕਰ ਪਾਉਂਦੇ, ਜਿਸ ਲਈ ਉਨ੍ਹਾ ਦੀ ਸੰਸਥਾ ਬ੍ਰੇਨ ਟੈੱਕ ਵੱਲੋਂ ਇਹ ਕੋਰਸ ਮੁਫ਼ਤ ਕਰਵਾਏ ਜਾਂਦੇ ਹਨ। ਉਨ੍ਹਾ ਦੱਸਿਆ ਕਿ ਨੌਜਵਾਨ ਹੋਰ ਵੀ ਵੱਖ-ਵੱਖ ਤਰ੍ਹਾਂ ਦੇ ਕੋਰਸ ਕਰ ਦੇਸ਼ਾਂ-ਵਿਦੇਸ਼ਾਂ ਵਿੱਚ ਰੋਜ਼ਗਾਰ ਪ੍ਰਾਪਤ ਕਰ ਸਕਦੇ ਹਨ। ਰਮਨਦੀਪ ਸਹਾਰਨ ਨੇ ਦੱਸਿਆ ਕਿ ਉਨ੍ਹਾ ਦੀ ਸੰਸਥਾ ਰੋਜ਼ਗਾਰ ਲਈ ਮੁਫ਼ਤ ਇੰਟਰਵਿਊ ਦੀ ਟ੍ਰੇਨਿੰਗ ਵੀ ਦਿੰਦੀ ਹੈ। ਇਸ ਮੌਕੇ ਮੈਡਮ ਹਰਮਨਦੀਪ ਕੌਰ ਨੇ ਕਿਹਾ ਕਿ 10 ਜਨਵਰੀ ਤੋਂ ਮੁੜ ਬੱਚਿਆਂ ਨੂੰ ਮੁਫ਼ਤ ਕੰਪਿਊਟਰ ਕੋਰਸਾਂ ਦੀ ਸਿਖਲਾਈ ਦਿੱਤੀ ਜਾਵੇਗੀ।

# ਐੱਸ ਕੇ ਕਾਲਜ ਆਫ਼ ਐਜੂਕੇਸ਼ਨ ਦਾ ਬੀ ਐੱਡ ਦਾ ਨਤੀਜਾ ਰਿਹਾ ਸ਼ਾਨਦਾਰ

**ਮੋਗਾ (ਅਮਰਜੀਤ ਬੱਬਰੀ)**-ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵੱਲੋਂ ਐਲਾਨੇ ਗਏ ਬੀਐਡ ਦੂਜੇ ਸਮੈਸਟਰ ਦੇ ਨਤੀਜੇ ਵਿੱਚ ਸੁਖਦੇਵਾ ਕ੍ਰਿਸ਼ਨਾ ਕਾਲਜ ਆਫ਼ ਐਜੂਕੇਸ਼ਨ ਘੱਲ ਕਲਾਂ ਦੀਆਂ ਵਿਦਿਆਰਥਣਾਂ ਨੇ ਆਪਣੀ ਸਫ਼ਲਤਾ ਦਾ ਝੰਡਾ ਲਹਿਰਾਇਆ ਹੈ। ਯੂਨੀਵਰਸਿਟੀ ਵੱਲੋਂ ਐਲਾਨੇ ਗਏ ਦੂਜੇ ਸਮੈਸਟਰ ਦੇ ਨਤੀਜੇ ਵਿੱਚ ਕਾਲਜ ਦੀ ਵਿਦਿਆਰਥਣ ਪ੍ਰਿਆ ਤੇ ਕਾਲਜ ਅਰੋੜਾ ਦੋਵਾਂ ਨੇ 393 ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਵਿਭਾ ਸਿਆਲ ਤੇ ਨੈਨਸੀ ਨੇ 391 ਅੰਕ ਪ੍ਰਾਪਤ ਕਰਕੇ ਦੂਜਾ ਸਥਾਨ ਤੇ ਸਿਮਰਨ ਤੇ ਮਨਪ੍ਰੀਤ ਕੌਰ ਨੇ 383 ਅੰਕ ਪ੍ਰਾਪਤ ਕਰਕੇ ਕਾਲਜ 'ਚੋਂ ਤੀਜਾ ਸਥਾਨ ਪ੍ਰਾਪਤ ਕਰਕੇ ਕਾਲਜ ਦੀ ਸ਼ਾਨ ਨੂੰ ਕਾਇਮ ਰੱਖਿਆ ਹੈ। ਕਾਲਜ ਦੀਆਂ ਵਿਦਿਆਰਥਣਾਂ ਨੇ ਪਹਿਲੇ ਤੇ ਦੂਜੇ ਦਰਜੇ ਵਿੱਚ ਪ੍ਰੀਖਿਆ ਪਾਸ ਕੀਤੀ ਹੈ।

ਕਾਲਜ ਪ੍ਰਿੰਸੀਪਲ ਡਾਕਟਰ ਮੋਨਿਕਾ ਵਰਮਾ ਨੇ ਬੱਚਿਆਂ ਨੂੰ ਉਨ੍ਹਾਂ ਦੀ ਸਫ਼ਲਤਾ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਸਭ ਸਮੂਹ ਸਟਾਫ਼ ਅਤੇ ਵਿਦਿਆਰਥੀਆਂ ਦੀ ਸਖਤ ਮਿਹਨਤ ਦਾ ਨਤੀਜਾ ਹੈ। ਉਨ੍ਹਾਂ ਅਗਾਂਹ ਵਾਸਤੇ ਵੀ ਅਜਿਹੀ ਮਿਹਨਤ ਕਰਨ ਲਈ ਪ੍ਰੇਰਤ ਕੀਤਾ। ਕਾਲਜ ਚੈਅਰਮੈਨ ਡਾਕਟਰ ਅਸ਼ੋਕ ਨੇ ਵੀ ਵਿਦਿਆਰਥਣਾਂ ਨੂੰ ਵਧਾਈ ਦਿੱਤੀ ਤੇ ਅੱਗੇ ਤੋਂ ਵੀ ਚੰਗੇ ਨਤੀਜਿਆਂ ਦੀ ਆਸ ਪ੍ਰਗਟਾਈ। ਇਸ ਮੌਕੇ ਕਾਲਜ ਚੈਅਰਮੈਨ, ਪ੍ਰਿੰਸੀਪਲ ਤੇ ਸਮੂਹ ਸਟਾਫ਼ ਤੋਂ ਇਲਾਵਾ ਬੀਐਡ ਤੇ ਡੀਐਲ ਡੀ ਦੇ ਵਿਦਿਆਰਥੀ ਹਾਜ਼ਰ ਸਨ।

# ਨਵੇਂ ਸਾਲ ਦੀ ਆਮਦ 'ਤੇ ਬੀੜ ਦੁਸਾਂਝ 'ਚ ਜਾਨਵਰਾਂ ਦੀ ਸੇਵਾ



**ਨਾਭਾ (ਵਰਿੰਦਰ ਵਰਮਾ)**

ਹਰੇਕ ਵਿਅਕਤੀ ਨੂੰ ਜਿੰਨਾ ਵੀ ਹੋ ਸਕੇ ਆਪਣੀ ਕਮਾਈ ਵਿੱਚੋਂ ਦਸਵੰਧ ਕੱਢ ਕੇ ਦਾਨ ਕਰਨਾ ਚਾਹੀਦਾ ਹੈ ਤੇ ਜਾਨਵਰਾਂ ਦੀ ਸੇਵਾ ਕਰਨੀ ਚਾਹੀਦੀ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਆਮ ਆਦਮੀ ਪਾਰਟੀ ਦੇਵ ਮਾਨ ਨੇ ਬੀੜ ਦੁਸਾਂਝ ਵਿੱਚ ਨਵੇਂ ਸਾਲ ਦੀ ਆਮਦ 'ਤੇ ਜਾਨਵਰਾਂ ਨੂੰ ਫਲ ਵੰਡਣ ਉਪਰੰਤ ਕੀਤਾ। ਉਨ੍ਹਾਂ ਕਿਹਾ ਕਿ ਬੀੜ ਦੋਸਾਂਝ ਵਿੱਚ ਆਮ ਆਦਮੀ ਪਾਰਟੀ ਦੇ ਅਹੁਦੇਦਾਰ ਵੱਲੋਂ ਆਵਾਰਾ ਜਾਨਵਰਾਂ ਨੂੰ ਫ਼ਲ ਪਾ ਕੇ ਸੇਵਾ ਕੀਤੀ ਗਈ ਹੈ, ਜੋ ਬਹੁਤ ਵਧੀਆ ਉਪਰਾਲਾ ਹੈ। ਉਨ੍ਹਾਂ ਕਿਹਾ ਕਿ ਹਰੇਕ ਮਨੁੱਖ ਨੂੰ ਅਜਿਹੇ ਉਪਰਾਲੇ ਕਰਨੇ ਚਾਹੀਦੇ ਹਨ। ਦੇਵ ਮਾਨ ਨੇ ਕਿਹਾ ਕਿ ਸਹਿਰ ਦੀਆਂ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਅਹੁਦੇਦਾਰਾਂ ਨੂੰ ਵੀ ਅੱਗੇ ਆ ਕੇ ਜਾਨਵਰਾਂ ਦੀ ਸੇਵਾ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਨਾਲ ਧਰਮ ਪਤਨੀ ਵਿਧਾਇਕ ਦੇਵ ਮਾਨ, ਤੇਜਿੰਦਰ ਸਿੰਘ ਚੌਧਰੀ ਮਾਜਰਾ, ਮਨਪ੍ਰੀਤ ਸਿੰਘ ਧਾਰੋਕੀ, ਦਵਿੰਦਰ ਸਿੰਘ ਕਲਾਰਾਂ ਪ੍ਰਧਾਨ ਟਰੱਕ ਯੂਨੀਅਨ ਨਾਭਾ, ਰਵੀ ਕਰਤਾਰ ਕਲੋਨੀ, ਭੁਪਿੰਦਰ ਸਿੰਘ ਕੱਲਰਮਾਜਰੀ, ਅਮਨਦੀਪ ਸਿੰਘ ਰਹਿਲ, ਸੁਖਦੀਪ ਸਿੰਘ ਖਹਿਰਾ, ਸਿਮਰਨਜੀਤ ਸਿੰਘ ਅੜਕ ਚੌਹਾਨ, ਮਨਜੋਤ ਸਿੰਘ ਲੱਧਾਹੇੜੀ, ਹਰਮੀਕ ਸਿੰਘ ਬਾਜਵਾ, ਰਾਜਿੰਦਰ ਸਿੰਘ ਰਾਜਗੜ੍ਹ ਤੇ ਹੋਰ ਅਹੁਦੇਦਾਰ ਮੌਜੂਦ ਸਨ।

# ਨਵੇਂ ਸਾਲ ਦੇ ਆਗਮਨ ਸੰਬੰਧੀ ਗੁ. ਕਲਗੀਧਰ ਸਾਹਿਬ ਵਿਖੇ ਗੁਰਮਤਿ ਸਮਾਗਮ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਨਵੇਂ ਸਾਲ 2023 ਦੇ ਆਗਮਨ ਦੀ ਖੁਸ਼ੀ 'ਚ ਗੁਰਦੁਆਰਾ ਸ੍ਰੀ ਕਲਗੀਧਰ ਸਾਹਿਬ ਖੰਨਾ 'ਚ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਏ ਗਏ। ਇਸ ਮੌਕੇ ਸਮਾਗਮ 'ਚ ਹਜ਼ੂਰੀ ਰਾਗੀ ਭਾਈ ਗੁਰਚਰਨ ਸਿੰਘ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਪੁੱਜੇ ਉਘੇ ਰਾਗੀ ਜਥੇ ਭਾਈ ਹਰਕੀਰਤ ਸਿੰਘ ਹਜ਼ੂਰੀ ਰਾਗੀ ਗੁ. ਦੁੱਖ ਨਿਵਾਰਨ ਸਾਹਿਬ ਪਟਿਆਲਾ ਤੇ ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਭਾਈ ਹਰਜੀਤ ਸਿੰਘ ਤੇ ਭਾਈ ਗੁਰਵਿੰਦਰ ਸਿੰਘ ਦੇ ਰਾਗੀ ਜਥਿਆਂ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰੂ ਸ਼ਬਦ ਨਾਲ ਜੋੜਿਆ, ਜਿਨ੍ਹਾਂ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸਿਰੋਪੇ ਭੇਟ ਕਰਕੇ ਨਿਵਾਜਿਆ ਗਿਆ। ਸਮਾਗਮ ਦੌਰਾਨ ਵੱਡੀ ਗਿਣਤੀ 'ਚ ਸੰਗਤਾਂ ਨੇ ਹਾਜ਼ਰੀਆਂ ਭਰ ਕੇ ਗੁਰੂ ਜਸ ਸਰਵਣ ਕੀਤਾ, ਜਦੋਂਕਿ ਹਲਕਾ ਵਿਧਾਇਕ ਤਰੁਨਪ੍ਰੀਤ ਸਿੰਘ ਸੌਂਦ ਨੇ ਵੀ ਸਮਾਗਮ ਵਿੱਚ ਸ਼ਮੂਲੀਅਤ ਕੀਤੀ। ਹੈੱਡ ਗ੍ਰੰਥੀ ਭਾਈ ਹਰਵਿੰਦਰ ਸਿੰਘ ਨੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ। ਸਮਾਗਮ ਦੀ ਸਮਾਪਤੀ ਉਪ੍ਰੰਤ ਸੰਗਤਾਂ ਵੱਲੋਂ ਫੁੱਲਾਂ ਦੀ ਵਰਖਾ ਵੀ ਕੀਤੀ ਗਈ। ਪ੍ਰਬੰਧਕ ਕਮੇਟੀ ਦੇ ਸੈਕਟਰੀ ਅਵਤਾਰ ਸਿੰਘ ਕੈਂਥ ਨੇ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀ ਮੁਬਾਰਕਬਾਦ ਦਿੱਤੀ ਤੇ 5 ਜਨਵਰੀ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਨਾਏ ਜਾ ਰਹੇ ਪ੍ਰਕਾਸ਼ ਪੁਰਬ 'ਚ ਹਾਜ਼ਰੀਆਂ ਭਰਨ ਦੀ ਅਪੀਲ ਕੀਤੀ। ਇਸ ਮੌਕੇ ਗੁਰੂ ਕੇ ਅਤੁੱਟ ਲੰਗਰ ਵਰਤਾਏ ਗਏ। ਇਸ ਤੋਂ ਇਲਾਵਾ ਕੌਫੀ ਦੇ ਲੰਗਰ ਵੀ ਅਤੁੱਟ ਵਰਤਾਏ ਗਏ।

ਮਾਗਮ 'ਚ ਗੁਰਦੁਆਰਾ ਪ੍ਰਬੰਧਕ ਕਮੇਟੀ ਪ੍ਰਧਾਨ ਰੁਪਿੰਦਰ ਸਿੰਘ ਰਾਜਾ ਗਿੱਲ, ਸੈਕਟਰੀ ਅਵਤਾਰ ਸਿੰਘ ਕੈਂਥ, ਹਰਵੀਰ ਸਿੰਘ ਸੋਨੂੰ, ਰਵਿੰਦਰ ਸਿੰਘ ਬਬਲੂ, ਬਲਵਿੰਦਰ ਸਿੰਘ ਸੌਂਦ, ਸਮਾਜ ਸੇਵੀ ਹਰਪ੍ਰੀਤ ਸਿੰਘ ਪ੍ਰਿੰਸ, ਜਸਵਿੰਦਰ ਸਿੰਘ ਖਾਲਸਾ, ਭੁਪਿੰਦਰ ਸਿੰਘ ਚਾਨੇ, ਰਣਜੀਤ ਸਿੰਘ ਕਾਲੜਾ, ਜਸਕਰਨ ਸਿੰਘ, ਪਰਵਿੰਦਰ ਸਿੰਘ ਭੰਗੂ, ਸਤਿੰਦਰ ਸਿੰਘ ਕੋਹਲੀ, ਜਤਿੰਦਰਜੀਤ ਸਿੰਘ ਬਖਸ਼ੀ, ਪਰਮਜੀਤ ਸਿੰਘ ਵਾਲੀਆ, ਅਵਤਾਰ ਸਿੰਘ ਢਿੱਲੋਂ, ਪਰਮਜੀਤ ਸਿੰਘ ਘਟੌੜਾ, ਰਵਿੰਦਰ ਮੋਹਨ ਟੋਨੀ, ਜਰਨੈਲ ਸਿੰਘ, ਚਰਨਜੀਤ ਸਿੰਘ ਠੇਕੇਦਾਰ, ਗ੍ਰੰਥੀ ਭਾਈ ਸਮਿੰਦਰ ਸਿੰਘ, ਸੇਵਾਦਾਰ ਅਵਤਾਰ ਸਿੰਘ, ਸੇਵਾਦਾਰ ਜਗਦੀਸ਼ ਸਿੰਘ, ਬਾਬਾ ਸੋਹਣ ਸਿੰਘ, ਜਸਵੀਰ ਸਿੰਘ, ਹਰਜਿੰਦਰ ਸਿੰਘ ਆਦਿ ਹਾਜ਼ਰ ਸਨ।

# ਚਿਰਾਗ ਸਿੰਗਲਾ ਦਾ ਜਨਮ ਦਿਨ ਸ਼ਿਆਮ ਪ੍ਰਭੂ ਦੀ ਹਜ਼ੂਰੀ 'ਚ ਮਨਾਇਆ

**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**

'ਆਪ' ਆਗੂ, ਆੜ੍ਹਤੀ ਐਸੋਸੀਏਸ਼ਨ ਤੇ ਨਵੀਂ ਅਗਰਵਾਲ ਗਊਸ਼ਾਲਾ ਦੇ ਮੈਂਬਰ ਕੁਲਬੀਰ ਸਿੰਗਲਾ ਅਤੇ ਉਨ੍ਹਾਂ ਦੀ ਧਰਮ ਪਤਨੀ ਗਿੰਨੀ ਸਿੰਗਲਾ ਵੱਲੋਂ ਆਪਣੇ ਸਪੁੱਤਰ ਚਿਰਾਗ ਸਿੰਗਲਾ ਦਾ ਜਨਮ ਦਿਨ ਨਵੀਂ ਅਗਰਵਾਲ ਗਊਸ਼ਾਲਾ ਵਿਖੇ ਕਰਾਏ ਗਏ ਸ਼੍ਰੀ ਸ਼ਿਆਮ ਜੀ ਦੇ ਸੰਕੀਰਤਨ ਮੌਕੇ ਬਿਰਾਜਮਾਨ ਸ਼੍ਰੀ ਸ਼ਿਆਮ ਸਰਕਾਰ ਦੇ ਇਲਾਹੀ ਸਰੂਪ ਦੀ ਪਵਿੱਤਰ ਹਜ਼ੂਰੀ 'ਚ ਕੇਕ ਕੱਟ ਕੇ ਮਨਾਇਆ ਗਿਆ।



ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ ਸਿਹਤ ਮੰਤਰੀ ਪੰਜਾਬ ਚੇਤਨ ਸਿੰਘ ਜੌੜਾਮਾਜਰਾ, ਮੈਡਮ ਸ਼ਰਨਜੀਤ ਕੌਰ ਜੌੜਾਮਾਜਰਾ, ਉਦਯੋਗਪਤੀ ਰਮੇਸ਼ ਗਰਗ, ਸੀ.ਏ ਅਮਿਤ ਸਿੰਗਲਾ, ਪੀ.ਏ ਗੁਰਦੇਵ ਸਿੰਘ ਟਿਵਾਣਾ, ਹਰਜਿੰਦਰ ਸਿੰਘ ਮਿੱਟੂ ਜੌੜਾਮਾਜਰਾ, ਠੇਕੇਦਾਰ ਪ੍ਰਮੋਦ ਸਿੰਗਲਾ, ਸਮਾਜ ਸੇਵੀ ਬਾਲ ਕ੍ਰਿਸ਼ਨ ਗਰਗ, ਅਗਰਵਾਲ ਧਰਮਸ਼ਾਲਾ ਪ੍ਰਧਾਨ ਜੀਵਨ ਗਰਗ, ਸ਼੍ਰੀ ਸ਼ਿਆਮ ਸੰਕੀਰਤਨ ਮੰਡਲ ਪ੍ਰਧਾਨ ਸੰਜੀਵ ਸਿੰਗਲਾ, ਸਹਾਰਾ ਕਲੱਬ ਪ੍ਰਧਾਨ ਦਵਿੰਦਰ ਜੈ ਸਿੰਘ, 'ਆਪ' ਪਾਰਟੀ ਦੇ ਐਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ, ਡਾ. ਮਦਨ ਮਿੱਤਲ, ਗੋਪਾਲ ਕ੍ਰਿਸ਼ਨ ਗਰਗ, ਸੋਹਣ ਲਾਲ ਸਿੰਗਲਾ, ਤਰੁਨ ਬਾਂਸਲ ਸੰਗਰੂਰ, ਸੰਦੀਪ ਸੰਜੂ ਕਕਰਾਲਾ, ਅਸ਼ੋਕ ਸਿੰਗਲਾ, ਸੁਮਿਤ ਗੁਪਤਾ ਅੰਬਾਲਾ, ਨਾਨਕ ਚੰਦ ਪਾਤੜਾਂ, ਹਲਕਾ ਇੰਚਾਰਜ ਬਲਕਾਰ ਸਿੰਘ ਗੱਜੂਮਾਜਰਾ, ਓ ਐਸ ਡੀ ਗੁਲਜ਼ਾਰ ਸਿੰਘ ਵਿਰਕ, ਯੂਥ ਪ੍ਰਧਾਨ ਪਾਰਸ ਸ਼ਰਮਾ, ਸੰਤ ਸਿੰਗਲਾ, ਸਾਬਕਾ ਨਗਰ ਕੌਂਸਲ ਪ੍ਰਧਾਨ ਕਪੂਰ ਚੰਦ ਬਾਂਸਲ, ਜੇ ਪੀ ਗਰਗ, ਅਸ਼ੋਕ ਮੋਦਗਿਲ ਅਤੇ ਥਾਣਾ ਸਿਟੀ ਮੁਖੀ ਗੁਰਵਿੰਦਰ ਸਿੰਘ ਸੰਧੂ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਭਰ ਤੋਂ ਨਾਮੀ ਸ਼ਖ਼ਸੀਅਤਾਂ ਨੇ ਸਿੰਗਲਾ ਪਰਵਾਰ ਨੂੰ ਮੁਬਾਰਕਬਾਦ ਅਤੇ ਚਿਰਾਗ ਸਿੰਗਲਾ ਨੂੰ ਆਸ਼ੀਰਵਾਦ ਦਿੱਤਾ।

ਮਸ਼ਹੂਰ ਭਜਨ ਗਾਇਕ ਆਦਿਤਯ ਗੋਇਲ ਤੇ ਸ਼੍ਰੀ ਸ਼ਿਆਮ ਸੰਕੀਰਤਨ ਮੰਡਲ ਪ੍ਰਧਾਨ ਦੇ ਗਾਇਕ ਨੀਰਜ ਸਿੰਗਲਾ ਵੱਲੋਂ ਮਿੱਠੇ-ਮਿੱਠੇ ਭਜਨਾਂ ਰਾਹੀਂ ਸ਼੍ਰੀ ਸ਼ਿਆਮ ਸਰਕਾਰ ਜੀ ਦੀ ਮਹਿਮਾ ਦਾ ਗੁਣਗਾਨ ਕੀਤਾ ਗਿਆ ਤੇ ਸ਼ਿਆਮ ਪ੍ਰੇਮੀ ਦੇਰ ਰਾਤ ਤੱਕ ਭਜਨਾਂ 'ਤੇ ਝੂੰਮਦੇ ਰਹੇ। ਇਸ ਮੌਕੇ ਭਜਨ ਗਾਇਕ ਆਦਿਤਯ ਗੋਇਲ ਨੇ ਨਿਰਸਵਾਰਥ ਸੇਵਾ ਨਿਭਾਅ ਰਹੇ ਸ਼੍ਰੀ ਸ਼ਿਆਮ ਸੰਕੀਰਤਨ ਮੰਡਲ ਵੱਲੋਂ ਸ਼ਹਿਰ 'ਚ 200 ਸੰਕੀਰਤਨਾਂ ਦੀ ਲੜੀ ਪੂਰੇ ਕੀਤੇ ਜਾਣ ਤੇ ਮੁਬਾਰਕਬਾਦ ਦਿੱਤੀ ਅਤੇ ਮੰਡਲ ਵੱਲੋਂ ਧਾਰਮਿਕ ਅਤੇ ਸਮਾਜ ਸੇਵਾ ਖੇਤਰ 'ਚ ਨਿਰੰਤਰ ਕੀਤੇ ਜਾ ਰਹੇ ਕਾਰਜਾਂ ਨੂੰ ਸ਼ਲਾਘਾਯੋਗ ਦੱਸਿਆ। ਇਸ ਮੌਕੇ ਦਰਸ਼ਨ ਮਿੱਤਲ, ਸਤਪਾਲ ਪਾਲੀ, ਲਾਡੀ ਚੀਮਾ, ਪੰਕਜ ਗੋਇਲ, ਪੁਨੀਤ ਗਰਗ, ਪ੍ਰਿੰਸ ਸਿੰਗਲਾ, ਵਰੁਣ ਗਰਗ, ਸ਼ਿਆਮ ਬੱਤਰਾ, ਅਸ਼ਵਿਨ ਕੁਮਾਰ, ਯੋਗੇਸ਼ ਗਰਗ, ਤਰੁਸ਼ ਬਾਂਸਲ, ਰੋਬਿਨ ਗਰਗ ਅਤੇ ਗਗਨ ਗਰਗ ਸਮੇਤ ਵੱਡੀ ਗਿਣਤੀ 'ਚ ਸ਼ਹਿਰ ਵਾਸੀ ਅਤੇ ਸ਼ਿਆਮ ਪ੍ਰੇਮੀ ਮੌਜੂਦ ਸਨ। ਸੰਕੀਰਤਨ ਦੇ ਅਖੀਰ ਸ਼੍ਰੀ ਸ਼ਿਆਮ ਜੀ ਦੀ ਆਰਤੀ ਉਪਰੰਤ ਸਿੰਗਲਾ ਪਰਵਾਰ ਕੁਲਬੀਰ ਸਿੰਗਲਾ, ਗਿੰਨੀ ਸਿੰਗਲਾ, ਅਸ਼ੋਕ ਸਿੰਗਲਾ ਕੋਕੀ, ਗੌਰਵ ਸਿੰਗਲਾ ਤੇ ਮੰਨਤ ਸਿੰਗਲਾ ਵੱਲੋਂ ਆਏ ਹੋਏ ਪਤਵੰਤਿਆਂ ਤੇ ਸ਼ਰਧਾਲੂਆਂ ਦਾ ਧੰਨਵਾਦ ਕੀਤਾ ਗਿਆ।

3-Jan-PAGE-8.qxd 1/2/2023 10:35 PM Page 1



## ਟਰੈਕਟਰ-ਟਰਾਲੀ ਪਲਟਣ ਕਾਰਨ ਲੱਗਾ ਮੀਲਾਂ ਲੰਮਾ ਜਾਮ-ਯਾਤਰੀ ਹੋਏ ਪ੍ਰੇਸ਼ਾਨ



**ਫਿਲੌਰ (ਨਿਰਮਲ)**

ਤੜਕਸਾਰ ਫਿਲੌਰ ਨੇੜੇ ਸਿਕਸ-ਲੇਨ 'ਤੇ ਭਗਵਾਨ ਮਈਆ ਦਰਬਾਰ ਨੇੜੇ ਇਕ ਬੱਜਰੀ ਨਾਲ ਭਰਿਆ ਟਰੱਕ ਪਲਟ ਗਿਆ। ਉਸ ਪਿੱਛੇ ਲੱਕੜੀ ਦਾ ਬੂਰਾ ਲੱਦੀ ਆ ਰਿਹਾ ਟ੍ਰੈਕਟਰ-ਟਰਾਲੀ ਨਾਲ ਵੱਜ ਕੇ ਪਲਟ ਗਿਆ ਅਤੇ ਉਸ ਪਿੱਛੇ ਇਕ ਗੰਨਿਆ ਨਾਲ ਭਰੀ ਟਰਾਲੀ ਆ ਕੇ ਵੱਜੀ 'ਤੇ ਪਲਟ ਗਈ। ਸੜਕ 'ਤੇ ਭਾਰੀ ਜਾਮ ਲੱਗ ਗਿਆ ਅਤੇ ਦੇਖਦਿਆਂ- ਦੇਖਦਿਆਂ ਵਾਹਨਾਂ ਦੀਆਂ ਮੀਲਾਂ ਵਧੀ ਕਤਾਰਾਂ ਲੱਗ ਗਈਆਂ। ਫਿਲੌਰ ਪੁਲਸ ਨੂੰ ਸੂਚਿਤ ਕੀਤਾ। ਮੌਕੇ 'ਤੇ ਜਗਦੀਸ਼ ਰਾਜ ਡੀ.ਐਸ.ਪੀ ਫਿਲੌਰ, ਪੰਕਜ ਕੁਮਾਰ ਐਡੀਸ਼ਨਲ ਐਸ.ਐਚ.ਓ ਫਿਲੌਰ, ਸਬ ਇੰਸਪੈਕਟਰ ਬਲਜੀਤ ਭਾਰੀ ਪੁਲਸ ਫੋਰਸ ਨਾਲ ਪੁੱਜੇ, ਕਰੇਨਾਂ ਮੰਗਵਾਂ ਕੇ ਨੁਕਸਾਨੇ ਗਏ ਵਾਹਨਾਂ ਨੂੰ ਸੜਕ ਤੋਂ ਪਰੇ ਕਰਵਾਇਆ ਗਿਆ। ਵਾਹਨ ਚਾਲਕਾਂ ਦਾ ਬਚਾਓ ਹੋ ਗਿਆ, ਪਰ ਵਾਹਨ ਨੁਕਸਾਨੇ ਗਏ। ਲੰਬੀ ਦੂਰੀ ਦੀਆਂ ਬੱਸਾਂ, ਤੀਰਥ ਯਾਤਰੀਆਂ ਨਾਲ ਭਰੀਆਂ ਬੱਸਾਂ ਦੇ ਯਾਤਰੀ ਬੇਹੱਦ ਪ੍ਰੇਸ਼ਾਨ ਨਜ਼ਰ ਆਏ। ਕੁਝ ਐਬੂਲੈਂਸ ਗੱਡੀਆਂ ਵੀ ਫਸੀਆਂ ਨਜ਼ਰ ਆਈਆਂ, ਕਈ ਬੱਸਾਂ ਫਿਲੌਰ ਵਿਖੇ ਸਵਾਰੀਆਂ ਉਤਾਰ ਕੇ ਵਾਪਸ ਮੁੜ ਗਈਆਂ। ਲੁਧਿਆਣਾ ਤੋਂ ਜਲੰਧਰ ਸਿਕਸ-ਲੇਨ ਚਾਲੂ ਰਿਹਾ ਅਤੇ ਉਸ ਸੜਕ 'ਤੇ ਆਵਾਜਾਈ ਜੂੰ ਦੀ ਚਾਲ ਵਾਂਗ ਚਲਦੀ ਨਜ਼ਰ ਆਈ। ਸੰਘਣੀ ਧੁੰਦ ਤੋਂ ਦੌਰਾਨ ਕੁਝ ਸਮਾਜ ਸੇਵੀ ਸੰਸਥਾਵਾਂ ਵੱਲੋਂ ਠੰਢ ਤੋਂ ਬਚਾਓ ਲਈ ਯਾਤਰੀਆਂ ਲਈ ਧੂਣੀਆਂ ਲਗਾਈਆਂ ਅਤੇ ਚਾਹ ਵੀ ਪਿਲਾਈ ਗਈ।

## ਸੰਘਰਸ਼ ਕਰ ਰਹੀਆਂ ਟਰੱਕ ਯੂਨੀਅਨਾਂ ਦਾ ਬਹਾਲੀ ਤੱਕ ਸਾਥ ਦੇਣ ਦਾ ਐਲਾਨ

**ਮਾਹਿਲਪੁਰ (ਸਫਰੀ)**

ਪੰਜਾਬ ਸਰਕਾਰ ਵਲੋਂ ਟਰੱਕ ਯੂਨੀਅਨਾਂ ਭੰਗ ਕਰਨ ਦੇ ਲਏ ਗਏ ਸਰਾਸਰ ਗਲਤ ਤੇ ਧੱਕੇਸ਼ਾਹੀ ਵਾਲੇ ਫੈਸਲੇ ਕਾਰਨ ਪੰਜਾਬ ਦੇ ਸਮੁੱਚੇ ਟਰੱਕ ਅਪਰੇਟਰਾਂ ਵਿੱਚ ਭਾਰੀ ਰੋਸ ਤੇ ਨਿਰਾਸਤਾ ਹੈ। ਸਰਕਾਰਾਂ ਦੀਆਂ ਬਦਨੀਤੀਆਂ ਕਾਰਨ ਪਹਿਲਾਂ ਤੋਂ ਹੀ ਮੰਦਹਾਲੀ ਦੀ ਮਾਰ ਝੱਲ ਰਹੇ ਤੇ ਬੜੀ ਮੁਸ਼ਕਲ ਨਾਲ ਡੰਗ ਟਪਾ ਰਹੇ ਮਿਹਨਤਕਸ਼ ਟਰੱਕ ਅਪਰੇਟਰਾਂ ਨੂੰ ਸਰਕਾਰ ਬਿਨਾਂ ਵਜ੍ਹਾ ਉਜਾੜਨ ਤੇ ਬਜ਼ਿੱਦ ਹੈ। ਛੋਟੇ ਕਿਸਾਨਾਂ ਤੇ ਮਜਦੂਰਾਂ ਦੇ ਪਰਿਵਾਰਾਂ 'ਚੋਂ ਉੱਠੇ ਇਨ੍ਹਾਂ ਟਰੱਕ ਅਪਰੇਟਰਾਂ ਨੇ ਬੜੀ ਮਸ਼ਸਕਲ ਨਾਲ ਕਰਜੇ ਚੁੱਕ ਕੇ, ਦਿਨ-ਰਾਤ ਮਿਹਨਤ ਕਰਕੇ ਆਪਣੇ ਪਰਿਵਾਰਾਂ ਨੂੰ ਚਲਾਉਣ ਲਈ ਰੋਜੀ-ਰੋਟੀ ਦਾ ਵਸੀਲਾ ਬਣਾਇਆ ਸੀ ਜੋ ਸਰਮਾਏਦਾਰਾਂ ਦੀਆਂ ਮੱਦਦਗਾਰ ਸਰਕਾਰਾਂ ਖੋਹ ਕੇ ਆਪਣੇ ਚਹੇਤਿਆਂ ਨੂੰ ਸੌਂਪਣਾ ਚਾਹੁੰਦੀਆਂ ਹਨ। ਆਲ ਪੰਜਾਬ ਟਰੱਕ ਯੂਨੀਅਨ ਵਲੋਂ ਪੂਰੇ ਪੰਜਾਬ ਅੰਦਰ ਵੱਖ-ਵੱਖ ਸਮੇਂ 'ਤੇ ਵੱਖ-ਵੱਖ ਥਾਵਾਂ 'ਤੇ ਧਰਨੇ ਤੇ ਰੋਸ ਪ੍ਰਦਰਸ਼ਨ ਜਾਰੀ ਹਨ। ਪੰਜਾਬ ਦੇ ਟਰੱਕ ਯੂਨੀਅਨਾਂ ਦੇ ਪ੍ਰਧਾਨ ਹੈਪੀ ਸੰਧੂ ਤੇ ਉਨ੍ਹਾਂ ਦੀਆਂ ਸਹਿਯੋਗੀ ਯੂਨੀਅਨਾਂ ਦੇ ਅਹੁਦੇਦਾਰਾਂ ਦੀ ਅਗਵਾਈ ਹੇਠ 30 ਦਸੰਬਰ ਦੁਪਹਿਰ 1 ਵਜੇ ਤੋਂ ਸ਼ੰਭੂ ਬੈਰੀਅਰ ਤੇ ਨਿਰੰਤਰ ਧਰਨਾ ਜਾਰੀ ਹੈ ਜਿਸ ਵਿੱਚ ਪੂਰੇ ਪੰਜਾਬ ਦੇ ਟਰੱਕ ਅਪਰੇਟਰਾਂ ਤੇ ਹੋਰ ਸੰਘਰਸ਼ਸ਼ੀਲ ਸੰਸਥਾਵਾਂ ਦੇ ਆਗੂਆਂ ਤੇ ਸਮੱਰਥਕਾਂ ਵਲੋਂ ਭਰਵੀਂ ਸ਼ਮੂਲੀਅਤ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਟਰੱਕ ਯੂਨੀਅਨਾਂ ਦੇ ਅਹੁਦੇਦਾਰਾਂ ਨਾਲ ਗੱਲਬਾਤ ਕਰਕੇ ਯੂਨੀਅਨਾਂ ਬਹਾਲ ਕਰਕੇ ਮਸਲਾ ਸੁਲਝਾਉਣ ਦੀ ਬਜਾਏ ਧੱਕੇ ਨਾਲ ਧਰਨਾਕਾਰੀਆਂ ਨੂੰ ਖਿੰਡਾਉਣ ਲਈ ਸਾਜ਼ਿਸ਼ਾਂ ਘੜਨ ਲੱਗੀ ਹੋਈ ਹੈ। ਯੂਨੀਅਨਾਂ ਦੇ ਅਹੁਦੇਦਾਰਾਂ ਖਿਲਾਫ



ਝੂਠੇ ਪੁਲਿਸ ਕੇਸ ਦਰਜ ਕਰਨ ਤੇ ਉਨ੍ਹਾਂ ਵਲੋਂ ਦਸਾਂ ਨਹੁੰਆਂ ਦੀ ਕਿਰਤ ਕਮਾਈ ਕਰਕੇ ਬਣਾਏ ਦਫਤਰਾਂ ਤੇ ਪਾਰਕਿੰਗਾਂ 'ਤੇ ਵੀ ਨਜਾਇਜ ਕਬਜੇ ਕਰਨ ਦੀਆਂ ਧਮਕੀਆਂ ਦੇ ਰਹੀ ਹੈ। ਇਸ ਸਬੰਧ ਵਿੱਚ ਗੁੱਡਜ ਕੈਰੀਅਰ ਟਰੱਕ ਅਪਰੇਟਰ ਵੈਲਫੇਅਰ ਸੁਸਾਇਟੀ ਮਾਹਿਲਪੁਰ ਦੇ ਪ੍ਰਧਾਨ ਬਲਜੀਤ ਸਿੰਘ ਕੁੱਕੀ ਬੈਂਸ ਵਲੋਂ ਸਾਥੀਆਂ ਸਮੇਤ ਇਲਾਕੇ ਦੇ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਤੇ ਸਮੱਰਥਕਾਂ ਨਾਲ ਮੀਟਿੰਗ ਕਰਕੇ ਸਹਿਯੋਗ ਦੇਣ ਦੀ ਮੰਗ ਕੀਤੀ ਅਤੇ ਕਿਸਾਨ ਯੂਨੀਅਨਾਂ ਦੇ ਸੂਬੇ ਦੇ ਅਹੁਦੇਦਾਰਾਂ ਤੱਕ ਟਰੱਕ ਅਪਰੇਟਰਾਂ ਦੀ ਮੰਗਾਂ ਪਹੁੰਚਾ ਕੇ ਯੂਨੀਅਨਾਂ ਨੂੰ ਮੁੜ ਬਹਾਲ ਕਰਾਉਣ ਲਈ ਚੱਲ ਰਹੇ ਸੰਘਰਸ਼ ਵਿੱਚ ਤੇਜੀ ਲਿਆਉਣ ਲਈ ਕਿਹਾ। ਇਸ ਮੌਕੇ 'ਤੇ ਇਲਾਕਾ ਮਾਹਿਲਪੁਰ ਚੱਬੇਵਾਲ ਦੇ ਸੰਯੁਕਤ ਕਿਸਾਨ ਮੋਰਚੇ ਦੇ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜ੍ਹੀਆਂ ਨੇ ਟਰੱਕ ਅਪਰੇਟਰਾਂ ਨੂੰ ਆਪਣੇ ਸਾਥੀਆਂ ਵਲੋਂ ਪੂਰਨ ਸਹਿਯੋਗ ਦੇਣ ਤੇ ਯੂਨੀਅਨਾਂ ਦੀ ਮੁੜ ਬਹਾਲੀ ਤੱਕ ਸਰਕਾਰ ਦੀ ਹਰ ਧੱਕੇਸ਼ਾਹੀ ਦਾ ਡੱਟ ਕੇ ਮੁਕਾਬਲਾ ਕਰਨ ਦਾ ਭਰੋਸਾ ਦਿਵਾਇਆ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਆਪਣੇ ਸਿਰਮੌਰ ਕਿਸਾਨ ਆਗੂਆਂ ਨੂੰ ਮਿਲ ਕੇ ਟਰੱਕ ਅਪਰੇਟਰਾਂ ਦੀਆਂ ਮੰਗਾਂ ਤੇ ਮੁਸ਼ਕਿਲਾਂ ਵਿਸਥਾਰ ਨਾਲ ਦੱਸਣਗੇ ਤੇ ਉਨ੍ਹਾਂ ਵਲੋਂ ਵੀ ਪੂਰਾ ਸਹਿਯੋਗ ਦਿਵਾਉਣਗੇ। ਸ਼ੰਭੂ ਬੈਰੀਅਰ ਤੇ ਧਰਨੇ ਵਿੱਚ ਸਮੂਲੀਅਤ ਕਰਨ ਲਈ ਭਾਰੀ ਗਿਣਤੀ ਵਿੱਚ ਟਰੱਕ ਅਪਰੇਟਰਾਂ ਤੇ ਕਿਸਾਨ ਆਗੂਆਂ ਦਾ ਕਾਫਲਾ ਰਵਾਨਾ ਹੋਇਆ। ਇਸ ਮੌਕੇ ਪ੍ਰਧਾਨ ਬਲਜੀਤ ਸਿੰਘ ਕੁੱਕੀ ਬੈਂਸ,ਕਿਸਾਨ ਆਗੂ ਤਲਵਿੰਦਰ ਸਿੰਘ ਹੀਰ ਨੰਗਲ ਖਿਲਾੜੀਆਂ, ਗੁਰਦੀਪ ਸਿੰਘ ਸੰਘਾ, ਗੁਰਚਰਨ ਸਿੰਘ, ਜਸਵੀਰ ਸਿੰਘ, ਅਮਰਜੀਤ ਸਿੰਘ, ਪਰਮਿੰਦਰ ਸਿੰਘ ਪਿੰਦਾ, ਸੁਰਜੀਤ ਸਿੰਘ, ਗੁਰਦੇਵ ਸਿੰਘ, ਖੁਸ਼ਵੰਤ ਸਿੰਘ, ਜਸਵਿੰਦਰ ਸਿੰਘ ਬੰਗਾ, ਸਤਪਾਲ ਸਿੰਘ, ਮਨੀ ਬਿਹਾਲਾ, ਮੱਖਣ ਸਿੰਘ ਕੋਠੀ, ਜਸਵੀਰ ਸੀਰਾ, ਜੁਝਾਰ ਸਿੰਘ ਯੋਧਾ ਸਿੰਘ, ਬਾਲ ਕਿਸ਼ਨ, ਮਨੋਜ ਕੁਮਾਰ, ਨਰੰਜਣ ਸਿੰਘ, ਕਸ਼ਮੀਰ ਸਿੰਘ, ਗੁਰਦੀਪ ਸਿੰਘ ਬੂੜੋ ਬਾੜੀ, ਮਲਕੀਤ ਸਿੰਘ, ਦਲਬੀਰ ਪੰਡਿਤ ਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀ ਹਾਜ਼ਰ ਸਨ।

## ਨੌਜਵਾਨ ਕਿਸਾਨ-ਮਜ਼ਦੂਰ ਭਲਾਈ ਸੁਸਾਇਟੀ ਦੀ ਮੀਟਿੰਗ 'ਚ ਹੱਕਾਂ ਦੀ ਕੀਤੀ ਅਵਾਜ਼ ਬੁਲੰਦ



**ਅੱਡਾ ਸਰਾਂ, (ਜਸਵੀਰ ਕਾਜਲ )**- ਨੌਜਵਾਨ ਕਿਸਾਨ ਮਜ਼ਦੂਰ ਭਲਾਈ ਸੋਸਾਇਟੀ ਦੇ ਸਰਕਲ ਟਾਂਡਾ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿਚ ਸੂਬਾ ਪ੍ਰਧਾਨ ਉਂਕਾਰ ਸਿੰਘ ਧਾਮੀ ਨੇ ਸੋਸਾਇਟੀ ਦੇ ਮੈਂਬਰਾਂ ਨੂੰ ਕਿਸਾਨਾਂ ਕਿਰਤੀਆਂ ਦੇ ਹੱਕਾਂ ਦੀ ਰਾਖੀ ਲਈ ਲਾਮਬੰਦ ਕੀਤਾ। ਇਸ ਮੌਕੇ ਸੀਨੀਅਰ ਉਪ ਪ੍ਰਧਾਨ ਰਾਮ ਸਿੰਘ ਧੁੱਗਾ, ਉੱਪ ਪ੍ਰਧਾਨ ਕਿਰਪਾਲ ਸਿੰਘ ਕਸਬਾ, ਬਾਬਾ ਦਵਿੰਦਰ ਸਿੰਘ, ਸਰਕਲ ਪ੍ਰਧਾਨ ਟਾਂਡਾ ਮਨਦੀਪ ਸਿੰਘ ਮੰਨਾ ਅਤੇ ਹਰਜੀਤ ਸਿੰਘ ਨੰਗਲ ਨੇ ਭਾਗ ਲੈ ਕੇ ਮੈਂਬਰਾਂ ਨੂੰ ਲਾਮਬੰਦ ਕੀਤਾ। ਇਸ ਮੌਕੇ ਸੂਬਾ ਪ੍ਰਧਾਨ ਧਾਮੀ ਨੇ ਆਖਿਆ ਕਿ ਪਿਛਲੀਆਂ ਸਰਕਾਰਾਂ ਦੀ ਤਰ੍ਹਾਂ ਮੌਜੂਦਾ ਸਰਕਾਰ ਵੀ ਕਿਸਾਨਾਂ ਕਿਰਤੀਆਂ ਨਾਲ ਧੱਕੇਸ਼ਾਹੀ ਕਰ ਰਹੀ ਹੈ ਅਤੇ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੋ ਰਹੀ ਹੈ। ਉਨ੍ਹਾਂ ਆਖਿਆ ਕਿ ਇਸ ਮੌਕੇ ਪੰਜਾਬ ਵਿਚ ਨਸ਼ਾ ਧੜਾਧੜ ਵਿਕ ਰਿਹਾ ਹੈ ਅਤੇ ਕਤਲ ਲੁੱਟਾਂ ਦੀਆਂ ਵਾਰਦਾਤਾਂ ਕਾਰਨ ਲੋਕਾਂ ਵਿਚ ਸਹਿਮ ਹੈ। ਉਨ੍ਹਾਂ ਆਖਿਆ ਕਿ ਚੋਣਾਂ ਤੋਂ ਪਹਿਲਾ ਮੁੱਖ ਮੰਤਰੀ ਭਗਵੰਤ ਮਾਨ ਜੀਰਾ ਸ਼ਰਾਬ ਫੈਕਟਰੀ ਦੇ ਪ੍ਰਦੂਸ਼ਣ ਦੀ ਸਮੱਸਿਆ ਦੀ ਵਕਾਲਤ ਕਰਦੇ ਹੋਏ ਉਸਦੇ ਖਿਲਾਫ ਸਨ। ਹੁਣ ਧਰਤੀ ਦਾ ਪਾਣੀ ਜਹਿਰੀਲਾ ਕਰ ਕੇ ਕੈਂਸਰ ਵੰਡ ਰਹੀ ਇਸ ਫੈਕਟਰੀ ਖਿਲਾਫ ਮੋਰਚਾ ਲਾਉਣ ਵਾਲੇ ਕਿਸਾਨਾਂ 'ਤੇ ਪਰਚੇ ਕੀਤੇ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਉਨ੍ਹਾਂ ਦੀ ਜਥੇਬੰਦੀ ਕਿਸਾਨਾਂ-ਮਜ਼ਦੂਰਾਂ ਦੇ ਮਸਲਿਆਂ ਦੇ ਹੱਲ ਲਈ ਲਗਾਤਾਰ ਸੰਘਰਸ਼ ਕਰ ਰਹੀ ਹੈ। ਜਥੇਬੰਦੀ ਦਾ ਸਟਿੱਕਰ ਵੀ ਜਾਰੀ ਕੀਤਾ ਗਿਆ . ਇਸ ਮੌਕੇ ਡਾ. ਭੀਸ਼ਮ ਦੱਤ ਭਾਰਗੋ, ਗਗਨਦੀਪ ਸਿੱਧੂ, ਪਰਮਜੀਤ ਕੌਰ, ਨਿਰਮਲ ਸਿੰਘ ਨੂਰਪੁਰ, ਬਾਬਾ ਬੂਆ ਸਿੰਘ, ਬਾਬਾ ਯੁਵਰਾਜ ਸਿੰਘ, ਬਲਬੀਰ ਸਿੰਘ ਨਿਹੰਗ ਮੁਖੀ ਜੱਸਾ ਸਿੰਘ ਰਾਮਗੜ੍ਹੀਆ ਆਦਿ ਮੌਜੂਦ ਸਨ।

## ਸਾਲਾਨਾ ਛਿੰਝ ਜੋੜ ਮੇਲਾ 14 ਨੂੰ

**ਫਿਲੌਰ (ਨਿਰਮਲ)**- ਨਜ਼ਦੀਕੀ ਪਿੰਡ ਤੇਹਿੰਗ ਵਿਖੇ ਸਮੂਹ ਗ੍ਰਾਮ ਪੰਚਾਇਤ ਦਸ਼ਮੇਸ਼ ਸਪੋਰਟਸ ਕਲੱਬ, ਐਨ.ਆਰ.ਆਈਜ ਵੀਰਾਂ ਅਤੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਾਘੀ ਦੇ ਸ਼ੁੱਭ ਅਵਸਰ 'ਤੇ ਧੰਨ ਧੰਨ ਬਾਬਾ ਫਰੀਦ ਜੀ ਦੀ ਯਾਦ 'ਚ 14 ਜਨਵਰੀ ਦਿਨ ਸ਼ਨੀਵਾਰ ਨੂੰ ਸਲਾਨਾ ਛਿੰਝ ਜੋੜ ਮੇਲਾ ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦੇ ਹੋਏ ਸਰਪੰਚ ਸਤਪਾਲ ਸਿੰਘ ਜੋਹਲ ਨੇ ਦੱਸਿਆ ਕਿ ਜੇਤੂ ਪਹਿਲਵਾਨਾਂ ਨੂੰ ਨਗਦ ਇਨਾਮ ਦਿੱਤੇ ਜਾਣਗੇ, ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਇਲਾਕਾ ਨਿਵਾਸੀਆਂ ਨੂੰ ਮੇਲੇ ਵਿੱਚ ਹੁੰਮ-ਹੁੰਮਾਂ ਕੇ ਪਹੁੰਚਣ ਲਈ ਹਾਰਦਿਕ ਸੱਦਾ ਦਿੱਤਾ।

## ਪ੍ਰਾਚੀਨ ਸ਼ਿਵ ਮੰਦਰ 'ਚ ਸ਼ਰਧਾਲੂਆਂ ਦਾ ਲੱਗਾ ਤਾਂਤਾ



**ਕਲਾਨੌਰ, (ਮਨਦੀਪ ਕੋਹਲੀ)**-ਸਰਹੱਦੀ ਜ਼ਿਲਾ ਗੁਰਦਾਸਪੁਰ ਦੇ ਕਸਬਾ ਕਲਾਨੌਰ ਵਿੱਚ ਸਥਿਤ ਪ੍ਰਾਚੀਨ ਸ਼ਿਵ ਮੰਦਰ ਵਿਖੇ ਸਾਲ ਦੇ ਪਹਿਲੇ ਦਿਨ ਸ਼ਿਵ ਭਗਤ ਵੱਡੇ ਪੱਧਰ 'ਤੇ ਨਤਮਸਤਕ ਹੋਏ। ਇਸ ਮੌਕੇ ਸ਼ਿਵ ਭਗਤਾਂ ਵੱਲੋਂ ਨਵੇਂ ਸਾਲ ਦੇ ਆਰੰਭ ਵਿੱਚ ਭੋਲੇ ਸ਼ੰਕਰ ਦਾ ਪੂਜਨ ਕੀਤਾ ਗਿਆ। ਇਸ ਮੌਕੇ ਪਠਾਨਕੋਟ ਤੇ ਜੁਗਿਆਲ ਇਲਾਕੇ ਤੋਂ ਵੀ ਸੰਗਤਾਂ ਦਰਸ਼ਨ ਕਰਨ ਪਹੁੰਚੀਆਂ ਹੋਈਆਂ ਸਨ। ਇਸ ਮੌਕੇ ਦਰਸ਼ਨਾ ਦੇਵੀ, ਸੁਨੀਤਾ, ਜੋਤੀ, ਮਮਤਾ, ਮੰਗਤ ਰਾਮ, ਜਨਕ ਰਾਜ, ਅੰਕੁਸ਼ ਸੋਈ, ਹੀਰਾ ਟੇਲਰ ਆਦਿ ਸ਼ਿਵ ਭਗਤਾਂ ਨੇ ਦੱਸਿਆ ਕਿ ਨਵਾਂ ਸਾਲ ਸ਼ੁਰੂ ਹੋਣ ਦੇ ਪਹਿਲੇ ਦਿਨ ਵੱਡੀ ਤਾਦਾਦ 'ਚ ਸ਼ਰਧਾਲੂਆਂ ਨੇ ਪ੍ਰਾਚੀਨ ਸ਼ਿਵ ਮੰਦਰ ਵਿੱਚ ਨਤਮਸਤਕ ਹੋ ਕੇ ਸ਼ਿਵ ਲਿੰਗ ਦੀ ਅਰਾਧਨਾ ਕੀਤੀ ਗਈ। ਉਨ੍ਹਾਂ ਕਿਹਾ ਕਿ ਆਉਣ ਵਾਲੇ ਸਾਲ ਵਿੱਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ।

## ਦਸ ਗੁਣਾ ਚਿੱਟੇ ਨਸ਼ੇ ਦੀ ਵਿਕਰੀ ਵਧੀ : ਬੇਗਮਪੁਰਾ ਟਾਈਗਰ ਫੋਰਸ





**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਪੰਜਾਬ ਵਿੱਚ ਚਿੱਟੇ ਦਾ ਨਸ਼ਾ ਵੇਚਣ ਤੇ ਨਸ਼ਾ ਕਰਨ ਵਾਲਿਆਂ ਦੀ ਗਿਣਤੀ ਦਿਨੋ ਦਿਨ ਵੱਧਦੀ ਜਾ ਰਹੀ ਹੈ ਅਤੇ ਕਈ ਨੌਜਵਾਨ ਲੜਕੇ ਤੇ ਲੜਕੀਆਂ ਇਸ ਨਸ਼ੇ ਦੀ ਦਲਦਲ ਵਿੱਚ ਧੱਸ ਕੇ ਆਪਣੀ ਜਾਨ ਤੋ ਹੱਥ ਧੋ ਬੈਠੇ ਹਨ। ਇਨ੍ਹਾਂ ਗੱਲਾ ਦਾ ਪ੍ਰਗਟਾਵਾ ਬੇਗਮਪੁਰਾ ਟਾਇਗਰ ਫੋਰਸ ਦੇ ਤੇਜ਼ ਤਰਾਰ ਤੇ ਸਾਫ ਸੁਥਰੀ ਛਵੀ ਵਾਲੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ ਤੇ ਜ਼ਿਲ੍ਹਾ ਪ੍ਰਧਾਨ ਹੈਪੀ ਫਤਿਹਗੜ੍ਹ ਨੇ ਪੱਤਰਕਾਰਾਂ ਨਾਲ ਇੱਕ ਮੁਲਾਕਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨਸ਼ੇ 'ਤੇ ਨੱਥ ਪਾਉਣ ਲਈ ਬਿੱਲਕੁਲ ਹੀ ਨਾਕਾਮ ਸਿੱਧ ਹੋਈ ਹੈ ਉਹਨਾ ਕਿਹਾ ਕਿ ਆਮ ਆਦਮੀ ਪਾਰਟੀ ਦੇ ਨੁਮਾਇੰਦੇ ਸਰਕਾਰ ਬਨਣ ਤੋ ਪਹਿਲਾ ਬਹੁਤ ਟਾਹਰਾਂ ਮਾਰ ਰਹੇ ਸੀ ਕਿ ਸਾਡੀ ਸਰਕਾਰ ਬਨਣ 'ਤੇ ਪਹਿਲਾਂ ਨਸ਼ਾ ਵੇਚਣ ਵਾਲੇ ਸੁਦਾਗਰਾਂ ਨੂੰ ਨੱਥ ਪਾਈ ਜਾਵੇਗੀ ਪ੍ਰੰਤੂ ਰਿਜਲਟ ਜੀਰੋ ਨਿਕਲਿਆ। ਉਨ੍ਹਾਂ ਕਿਹਾ ਕਿ ਕਈ ਨੌਜਵਾਨ ਚਿੱਟੇ ਦਾ ਨਸ਼ਾ ਕਰਨ ਲਈ ਆਪਣੇ ਮਾਂ ਬਾਪ ਨਾਲ ਲੜ ਕੇ ਪੈਸੇ ਮੰਗਦੇ ਹਨ ਅਤੇ ਕਈ ਨਸ਼ੇ ਦੀ ਪੂਰਤੀ ਲਈ ਚੋਰੀਆਂ ਕਰਨ ਵੱਲ ਵੀ ਤੁਰ ਪਏ ਹਨ ਜੋ ਕਿ ਪ੍ਰੀਵਾਰ ਲਈ ਤੇ ਸਮਾਜ ਲਈ ਘਾਤਕ ਸਿੱਧ ਹੋ ਰਹੇ ਹਨ। ਇਸ ਸਭ ਲਈ ਪੰਜਾਬ ਸਰਕਾਰ ਹੀ ਜਿੰਮੇਵਾਰ ਹੈ। ਉਨ੍ਹਾਂ ਕਿਹਾ ਕਿ ਚਿੱਟੇ ਦਾ ਨਸ਼ਾ ਤਾਂ ਪਹਿਲੀਆਂ ਸਰਕਾਰਾਂ ਵੇਲੇ ਵੀ ਸੀ ਪਰ ਹੁਣ ਪਹਿਲੀਆਂ ਸਰਕਾਰਾਂ ਨਾਲੋਂ ਵੀ 10 ਗੁਣਾ ਜਿਆਦਾ ਵੱਧ ਵਿੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਨਾ ਤਾਂ ਪਹਿਲੀਆਂ ਸਰਕਾਰਾਂ ਨੇ ਇਸ ਤੇ ਕੰਟ੍ਰੋਲ ਕੀਤਾ ਅਤੇ ਨਾ ਹੀ ਮੌਜੂਦਾ ਸਰਕਾਰ ਕੰਟ੍ਰੋਲ ਕਰ ਸਕੀ। ਉਨ੍ਹਾਂ ਕਿਹਾ ਕਿ ਪਬਲਿਕ ਨੇ ਪਹਿਲੀਆਂ ਸਰਕਾਰਾਂ ਤੋਂ ਦੁਖੀ ਹੋ ਕੇ ਹੀ ਸਰਕਾਰ ਨੂੰ ਬਦਲਿਆ ਸੀ ਪਰ ਇਹ ਸਰਕਾਰ ਚਿੱਟੇ ਵਿਕਾਉਣ ਲਈ ਉਨਾਂ ਤੋਂ ਵੀ ਅੱਗੇ ਨਿਕਲ ਗਈ ਹੈ।

## ਪੱਤਰਕਾਰ ਲਖਬੀਰ ਸਿੰਘ ਦਿਆਲਪੁਰਾ ਦੀ ਸੜਕ ਹਾਦਸੇ 'ਚ ਮੌਤ



**ਭਿੱਖੀਵਿੰਡ/ਖਾਲੜਾ (ਲਖਵਿੰਦਰ ਸਿੰਘ ਗੋਲਣ/ਰਣਬੀਰ ਸਿੰਘ ਗੋਲਣ)**-ਪੱਤਰਕਾਰ ਲਖਬੀਰ ਸਿੰਘ ਸਿੱਧੂ ਦਿਆਲਪੁਰਾ ਦੀ ਅਚਾਨਕ ਸੜਕ ਹਾਦਸੇ 'ਚ ਮੌਤ ਹੋ ਜਾਣ ਦੀ ਦੁਖਦਾਈ ਖਬਰ ਸਾਹਮਣੇ ਆਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦਿਆਂ ਮ੍ਰਿਤਕ ਦਿਆਲਪੁਰਾ ਦੇ ਵੱਡੇ ਸਪੁੱਤਰ ਹਰਜਸਪ੍ਰੀਤ ਸਿੰਘ ਨੇ ਦੱਸਿਆ ਕਿ ਮੇਰੀ ਛੋਟੀ ਭੈਣ ਦਾ ਅੱਜ ਜਨਮ ਦਿਨ ਸੀ, ਜਿਸ ਕਾਰਨ ਮੇਰੀਆਂ ਦੋਵੇਂ ਭੈਣਾਂ ਮੇਰੇ ਪਿਤਾ ਨਾਲ ਮੋਟਰਸਾਈਕਲ 'ਤੇ ਦਰਬਾਰ ਸਹਿਬ ਅੰਮ੍ਰਿਤਸਰ ਵਿਖੇ ਮੱਥਾ ਟੇਕਣ ਜਾ ਰਹੀਆਂ ਸਨ। ਜਦੋਂ ਮੇਰੇ ਪਿਤਾ ਪਿੰਡ ਕਾਲੇ ਨਜ਼ਦੀਕ ਪੁੱਜੇ ਤਾਂ ਸਾਹਮਣਿਓਂ ਭਿੱਖੀਵਿੰਡ ਸਾਈਡ ਤੋਂ ਆ ਰਹੀ ਤੇਜ਼ ਰਫਤਾਰ ਸਵਿੱਫਟ ਕਾਰ ਨੇ ਮੋਟਰਸਾਈਕਲ ਨੂੰ ਟੱਕਰ ਮਾਰ ਦਿੱਤੀ ਜਿਸ ਨਾਲ ਮੇਰੀਆਂ ਭੈਣਾਂ ਸਾਈਡ 'ਤੇ ਡਿੱਗ ਗਈਆਂ ਅਤੇ ਮੇਰੇ ਪਿਤਾ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਉਸਨੇ ਦੱਸਿਆ ਕਿ ਗੱਡੀ ਦਾ ਡਰਾਈਵਰ ਆਪਣੀ ਕਾਰ ਭਜਾ ਕੇ ਮੌਕੇ ਤੋਂ ਫਰਾਰ ਹੋ ਗਿਆ ਹੈ ਜਦਕਿ ਕੁੱਝ ਰਾਹਗੀਰਾਂ ਦੀ ਮਦਦ ਨਾਲ ਮੇਰੇ ਪਿਤਾ ਨੂੰ ਸਿਮਰਨ ਹਸਪਤਾਲ ਭਿੱਖੀਵਿੰਡ ਵਿਖੇ ਦਾਖਿਲ ਕਰਵਾਇਆ ਗਿਆ ਜਿਥੇ ਜ਼ਖਮਾਂ ਦੀ ਤਾਬ ਨਾ ਝੱਲਦਿਆਂ ਉਸਦੇ ਪਿਤਾ ਦੀ ਮੌਤ ਹੋ ਗਈ ਹੈ। ਉੱਧਰ ਇਸ ਸੰਬੰਧੀ ਥਾਣਾ ਭਿੱਖੀਵਿੰਡ ਦੀ ਪੁਲਸ ਨੇ ਮ੍ਰਿਤਕ ਪੱਤਰਕਾਰ ਲਖਬੀਰ ਸਿੰਘ ਦੇ ਪੁੱਤਰ ਦੇ ਬਿਆਨਾਂ ਦੇ ਆਧਾਰ 'ਤੇ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਮ੍ਰਿਤਕ ਲਖਬੀਰ ਸਿੰਘ ਸਿੱਧੂ ਗਰੀਬ ਪਰਿਵਾਰ ਨਾਲ ਸਬੰਧ ਰੱਖਦਾ ਸੀ ਅਤੇ ਤਿੰਨ ਧੀਆਂ ਅਤੇ ਇੱਕ ਲੜਕੇ ਦਾ ਪਿਤਾ ਸੀ। ਉਥੇ ਹੀ ਹਲਕਾ ਖੇਮਕਰਨ ਦੇ ਸਮੂਹ ਪੱਤਰਕਾਰ ਭਾਈਚਾਰੇ ਨੇ ਮ੍ਰਿਤਕ ਲਖਬੀਰ ਸਿੰਘ ਦੇ ਪਰਿਵਾਰ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

## ਰਾਜਪੁਰ ਭਾਈਆਂ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਸ਼ਾਨੋ-ਸ਼ੌਕਤ ਨਾਲ ਸਮਾਪਤ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਰਾਜਪੁਰ ਭਾਈਆਂ ਵਿਖੇ ਸਾਲਾਨਾ ਫੁੱਟਬਾਲ ਟੂਰਨਾਮੈਂਟ ਸ਼ਾਨੋ ਸ਼ੌਕਤ ਨਾਲ ਆਪਣੀਆਂ ਨਿੱਘਿਆ ਯਾਦਾਂ ਛੱਡਦਾ ਹੋਇਆ ਸਮਾਪਤ ਹੋ ਗਿਆ। ਟੂਰਨਾਮੈਂਟ ਵਿਚ ਪੰਜਾਬ ਦੀਆਂ ਨਾਮਵਰ 32 ਟੀਮਾਂ ਅਤੇ 48 ਕਿਲੋਗ੍ਰਾਮ ਭਾਰ ਵਰਗ ਦੀਆਂ 16 ਟੀਮਾਂ ਨੇ ਹਿੱਸਾ ਲਿਆ। ਫਾਈਨਲ ਮੈਚ ਹੇੜੀਆ ਅਤੇ ਫੁਗਲਾਣਾ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਫੁਗਲਾਣਾ ਦੀ ਟੀਮ ਜੇਤੂ ਰਹੀ। ਇਸੇ ਤਰ੍ਹਾਂ ਭਾਰ ਵਰਗ ਦਾ ਮੈਚ ਚਿੱਤੋਂ ਅਤੇ ਪਾਸਟਾਂ ਵਿਚਕਾਰ ਕਰਵਾਇਆ ਗਿਆ। ਜਿਸ ਵਿਚ ਪਿੰਡ ਚਿੱਤੋਂ ਦੀ ਟੀਮ ਜੇਤੂ ਰਹੀ। ਫਾਈਨਲ ਵਾਲੇ ਦਿਨ ਮੁੱਖ ਮਹਿਮਾਨ ਸਮਾਜ ਸੇਵਕ, ਸੀਨੀਅਰ ਅਕਾਲੀ ਆਗੂ ਜਥੇਦਾਰ ਮਨਜੀਤ ਸਿੰਘ ਰਾਜਪੁਰ ਭਾਈਆਂ ਅਤੇ ਪਤਵੰਤੇ ਸੱਜਣਾਂ ਜੇਤੂ ਅਤੇ ਉਪ ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਕੀਤੀ। ਇਸ ਮੌਕੇ ਲੱਕੀ, ਸ਼ਸ਼ੀਪਾਲ ਸਿੰਘ,ਜਸਪ੍ਰੀਤ, ਸਤਪਾਲ ਸਿੰਘ ਸੱਤੀ, ਹਰਭਜਨ ਸਿੰਘ ਮਿੰਟੂ, ਮਨਿੰਦਰ ਸਿੰਘ ਬੰਟੀ, ਮਹਿੰਦਰ ਪਾਲ ਸਿੰਘ, ਪਵਨ ਸੈਣੀ, ਲਖਵੀਰ ਕੌਰ ਸੈਣੀ, ਨਵੀਨ ਸਿੰਘ, ਸਰਬਜੀਤ ਸਿੰਘ, ਸੁੱਖਾ,ਵੀਰੂ, ਵਿਜੈ ਕੁਮਾਰ, ਮਨਜੀਤ ਸਿੰਘ ਕੋਚ ਸੰਤ ਬਾਬਾ ਭਾਗ ਸਿੰਘ ਜੱਬੜ, ਨਵਜੋਤ ਸੈਣੀ, ਪਿੰਦਾ, ਬੰਟੀ, ਬਿੱਲਾ, ਗੋਰਾ, ਅਨਮੋਲ, ਮਨਵੀਰ, ਅਨੂੰ, ਜਤਿਨ, ਰਾਮਾ, ਜਸਪ੍ਰੀਤ, ਮੱਧੂ, ਹਨੀ ਬੈਂਸ, ਬਿੱਲਾ, ਜਤਿੰਦਰ ਕੁਮਾਰ, ਸਰਬਜੀਤ ਸਿੰਘ, ਗੁਰਮੀਤ ਸਿੰਘ, ਸੁਖਵਿੰਦਰ ਸਿੰਘ, ਸਾਹਿਲ, ਜੋਤਾਂ, ਜੋਤੀ, ਕਰਨ, ਸਹੋਤਾ ਸੋਨੂੰ ਆਦਿ ਹਾਜਰ ਸਨ।



## ਸਮਾਜ ਸੇਵਾ ਦਾ ਮੌਕਾ ਨਹੀਂ ਛੱਡਣਾ ਚਾਹੀਦਾ : ਹਰਜੀਤ ਸਿੰਘ



**ਫਗਵਾੜਾ (ਡਾ. ਰਮਨ)**

ਖੂਨਦਾਨ ਸੇਵਾ ਦੀ ਸਿਰਮੌਰ ਸੰਸਥਾ ਹਿੰਦੁਸਤਾਨ ਵੈਲਫੇਅਰ ਬਲੱਡ ਡੋਨਰਜ਼ ਕਲੱਬ (ਰਜਿ.) ਫਗਵਾੜਾ ਵੱਲੋਂ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰ ਕੌਰ ਜੀ ਦੀ ਮਹਾਨ ਸ਼ਹਾਦਤ ਅਤੇ ਨਵੇਂ ਸਾਲ ਦੀ ਆਮਦ ਨੂੰ ਸਮਰਪਤ ਮਹੀਨਾਵਾਰ ਖੂਨਦਾਨ ਕੈਂਪ ਸਿਵਲ ਹਸਪਤਾਲ ਫਗਵਾੜਾ ਵਿਖੇ ਆਯੋਜਿਤ ਕੀਤਾ ਗਿਆ । ਪ੍ਰਧਾਨ ਵਿਕਰਮ ਗੁਪਤਾ ਦੀ ਅਗਵਾਈ ਅਤੇ ਨਹਿਰੂ ਯੁਵਾ ਕੇਂਦਰ ਸੰਗਠਨ ਕਪੂਰਥਲਾ , ਐਚ ਡੀ ਐਫ ਸੀ ਬੈਂਕ ਅਤੇ ਯੁਵਕ ਸੇਵਾਵਾਂ ਪੰਜਾਬ ਦੇ ਸਹਿਯੋਗ ਨਾਲ ਆਯੋਜਿਤ ਇਸ ਕੈਂਪ ਦਾ ਉਦਘਾਟਨ ਕਰਦੇ ਹੋਏ ਡੀ ਐਸ ਪੀ, ਹੈਡਕੁਆਟਰ ਜਲੰਧਰ ਹਰਜੀਤ ਸਿੰਘ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਨਮਨ ਕੀਤਾ ਅਤੇ ਖੂਨਦਾਨ ਰਾਹੀਂ ਸਮਾਜ ਸੇਵਾ ਦੇ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ । ਡੀ ਐਸ ਪੀ ਹਰਜੀਤ ਸਿੰਘ ਨੇ ਖੁਦ ਖੂਨਦਾਨ ਕਰਦਿਆਂ ਸਭ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਵਿਚਾਰ ਪ੍ਰਗਟ ਕੀਤੇ ਕਿ ਸਮਾਜ ਸੇਵਾ ਦਾ ਮੌਕਾ ਚੰਗੇ ਕਰਮਾਂ ਨਾਲ ਮਿਲਦਾ ਹੈ, ਇਸ ਨੂੰ ਛੱਡਣਾ ਨਹੀਂ ਚਾਹੀਦਾ । ਪ੍ਰੋਜੈਕਟ ਡਾਇਰੈਕਟਰਾਂ ਰਾਜੇਸ਼ ਸ਼ਰਮਾ, ਜਗਜੀਵਨ ਕੁਮਾਰ, ਜਰਨੈਲ ਬਸਰਾ, ਲੋਕੇਸ਼ ਬਾਲੀ, ਅਸ਼ਵਨੀ ਸ਼ਰਮਾ, ਵਿਪਨ ਮਾਨ , ਰਾਜੀਵ ਭਾਰਦਵਾਜ ਅਤੇ ਲੈਕ. ਹਰਜਿੰਦਰ ਗੋਗਨਾ ਦੇ ਯਤਨਾਂ ਸਦਕਾ 42 ਖੂਨਦਾਨੀਆਂ ਵੱਲੋਂ ਦਿੱਤੇ ਗਏ ਸਵੈਇੱਛਤ ਖੂਨਦਾਨ ਵਿੱਚ 11 ਖੂਨਦਾਨੀਆਂ ਨੇ ਪਹਿਲੀ ਵਾਰ ਖੂਨਦਾਨ ਕੀਤਾ । ਜਨਰਲ ਸਕੱਤਰ ਵਿਤਿਨ ਪੁਰੀ ਅਨੁਸਾਰ ਖੂਨਦਾਨ ਕੈਂਪਾਂ ਨਾਲ ਬਲੱਡ ਕੇਂਦਰਾਂ ਦਾ ਬਫਰ ਸਟਾਕ ਬਣਿਆ ਰਹਿੰਦਾ ਹੈ । ਇਸ ਮੌਕੇ ਡਾ. ਮੋਹਿਤ, ਮੀਨਾ ਸ਼ਰਮਾ, ਗੋਪਾਲ ਲੂੰਬਾ, ਨਿੰਦੀ ਜੰਡਿਆਲੀ, ਨੀਰਜ ਬਖਸ਼ੀ, ਨਹਿਰੂ ਯੁਵਾ ਕੇਂਦਰ ਵਲੰਟੀਅਰ ਇਸ਼ਾਨ ਗੋਗਨਾ, ਲੋਕੇਸ਼ ਬਾਲੀ, ਰਾਕੇਸ਼ ਵਢੇਰਾ, ਸੁਮਿਤ ਕੌਸ਼ਲ, ਐਚ ਡੀ ਐਫ ਸੀ ਬੈਂਕ ਦੇ ਅਧਿਕਾਰੀ ਪੰਕਜ ਸ਼ਰਮਾ, ਕਿਸ਼ੋਰ ਸ਼ਰਮਾ, ਲੈਕ. ਕਮਲੇਸ਼ ਚਾਟਲੀ, ਡਾ.ਅੰਜੂ ਹਾਜ਼ਰ ਸਨ ।

## ਪ੍ਰਕਾਸ਼ ਦਿਹਾੜਾ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ



**ਟਾਂਡਾ ਉੜਮੁੜ, (ਜਸਵਿੰਦਰ ਸੰਧੂ, ਉਂਕਾਰ ਸਿੰਘ)**

ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਦਿਹਾੜਾ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਬੀਬੀਆਂ ਟਾਂਡਾ ਵਿਖੇ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਅਤੇ ਨਗਰ ਦੀਆਂ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਕਰਵਾਏ ਗਏ ਸਮਾਗਮ ਦੌਰਾਨ ਸਭ ਤੋਂ ਪਹਿਲਾਂ ਰੱਖੇ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ ਅਤੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਰਾਗੀ ਢਾਡੀ ਜਥੇ ਭਾਈ ਗੁਰਪਾਲ ਸਿੰਘ ਜੀ ਤਰਨ ਤਾਰਨ ਵਾਲੇ, ਭਾਈ ਹਰਪ੍ਰੀਤ ਸਿੰਘ ਧਾਮੀਆਂ ਲੁਧਿਆਣੇ ਵਾਲੇ, ਭਾਈ ਬਲਵਿੰਦਰ ਸਿੰਘ ਅਤੇ ਬੀਬੀ ਮਨਜੀਤ ਕੌਰ ਰਾਗੀ ਜਥਿਆਂ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀ ਨਿਹਾਲ ਕੀਤਾ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨੀ ਤੇ ਚਾਨਣਾ ਪਾਉਂਦੇ ਹੋਏ ਗੁਰੂ ਸਹਿਬਾਨਾਂ ਵੱਲੋਂ ਦਰਸਾਏ ਗਏ ਮਾਰਗ ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨਿਰਮਲ ਸਿੰਘ ਤੁਲੀ ਨੇ ਸਮੂਹ ਸੰਗਤ ਨੂੰ ਪ੍ਰਕਾਸ਼ ਦਿਹਾੜੇ ਦੀ ਮੁਬਾਰਕਬਾਦ ਦਿੰਦੇ ਹੋਏ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ। ਸਮਾਗਮ ਦੌਰਾਨ ਲਖਬੀਰ ਸਿੰਘ ਖਾਲਸਾ ਨੇ ਸਟੇਜ ਸੈਕਟਰੀ ਦੀ ਭੂਮਿਕਾ ਬਾਖੂਬੀ ਨਾਲ ਨਿਭਾਈ। ਇਸ ਮੌਕੇ ਗੁਰਪਾਲ ਸਿੰਘ ਸੈਣੀ, ਬਲਬੀਰ ਸਿੰਘ ਸੈਣੀ, ਕੰਵਲਜੀਤ ਸਿੰਘ ਤੁਲੀ, ਭੁਪਿੰਦਰ ਸਿੰਘ ਘੁੰਮਣ, ਪਰਮਿੰਦਰ ਸਿੰਘ, ਰਣਜੀਤ ਸਿੰਘ, ਕੁਲਦੀਪ ਸਿੰਘ, ਪਿਆਰਾ ਸਿੰਘ, ਸੁਜਾਨ ਸਿੰਘ, ਭਰਤ ਕਪੂਰ ਤੇ ਗੁਰਮੀਤ ਸਿੰਘ ਕੰਬੋਜ ਆਦਿ ਹਾਜ਼ਰ ਸਨ।

## ਖੂਨਦਾਨ ਤੇ ਮੈਡੀਕਲ ਕੈਂਪ ਲਾ ਕੇ ਮਨਾਇਆ ਨਵਾਂ ਸਾਲ ਤੇ ਜਨਮ ਦਿਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**

ਪਿੰਡ ਸ਼ਾਮਪੁਰ ਵਿਖੇ ਉੱਘੇ ਸਮਾਜ ਸੇਵੀ ਗੋਬਿੰਦ ਮੱਲ ਨੇ ਨਵਾਂ ਸਾਲ ਤੇ ਆਪਣਾ 37ਵਾਂ ਜਨਮ ਦਿਨ ਪਿੰਡ ਸ਼ਾਮਪੁਰ ਵਿਖੇ ਖੂਨਦਾਨ ਅਤੇ ਮੈਡੀਕਲ ਕੈਂਪ ਲਾ ਕੇ ਮਨਾਇਆ। ਇਹ ਕੈਂਪ ਨਰਵਿੰਦਰ ਸਿੰਘ ਬਾਸੀ ਸਮਾਜ ਸੇਵੀ ਦੇ ਸਹਿਯੋਗ ਨਾਲ ਲਗਾਇਆ ਗਿਆ। ਵਿਸ਼ੇਸ਼ ਤੌਰ ਪੁੱਜੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਡਾ. ਨਵਜੋਤ ਸਿੰਘ ਦਾਹੀਆ, ਗੁਰਬਿੰਦਰ ਸਿੰਘ ਅਟਵਾਲ ਸਾਬਕਾ ਮੰਤਰੀ ਪੰਜਾਬ ਸਰਕਾਰ ਤੇ ਸ੍ਰੀ ਗੁਰੂ ਰਵਿਦਾਸ ਸੇਨਾ ( ਰਜਿ:) ਦੇ ਪੰਜਾਬ ਪ੍ਰਧਾਨ ਦਿਲਬਰ ਸਿੰਘ ਵੱਲੋ ਕੈਂਪ ਦਾ ਉਦਘਾਟਨ ਕੀਤਾ ਗਿਆ। ਆਗੂਆਂ ਨੇ ਆਖਿਆ ਕਿ ਖੂਨਦਾਨ ਦੀ ਇੱਕ-ਇੱਕ ਬੂੰਦ ਲੋੜਵੰਦ ਲਈ ਵਰਦਾਨ ਸਿੱਧ ਹੋ ਸਕਦੀ ਹੈ। ਇਸ ਕੈਂਪ ਵਿੱਚ 52 ਖੂਨਦਾਨੀਆਂ ਵੱਲੋ ਕੀਤਾ ਗਿਆ। ਅੱਖਾਂ ਦਾ ਮੈਡੀਕਲ ਕੈਂਪ ਨੂਰਮਹਿਲ ਜਨਰਲ ਹਸਪਤਾਲ ਅਤੇ ਅਰੋਥੋਫਿਟ ਐਕਸੀਡੈਂਟ ਕੇਅਰ ਸੈਂਟਰ ਵੱਲੋ 80 ਮਰੀਜਾਂ ਦਾ ਚੈੱਕ ਅੱਪ ਕੀਤਾ ਗਿਆ ਜਿਸ ਵਿੱਚ ਅੱਖਾਂ ਦੀ ਜਾਂਚ,ਅੱਖਾਂ ਦੀ ਦਵਾਈ,ਨਜ਼ਰ ਦੀਆਂ ਐਨਕਾਂ ਮੁਫਤ ਦਿੱਤੀਆਂ ਗਈਆਂ। ਇਸ ਸਮੇਂ ਆਏ ਮਹਿਮਾਨਾਂ ਤੇ ਖੂਨਦਾਨੀਆਂ ਨੂੰ ਸ਼ੀਲਡਾਂ,ਸੋਰੋਪੇ,ਮੈਡਲ ਤੇ ਸਰਟੀਫਿਕੇਟ ਦੇ ਕੇ ਸਨਮਾਨਿਤ ਕੀਤਾ ਗਿਆ। ਗੋਬਿੰਦ ਮੱਲ ਸ਼ਾਮਪੁਰ ਵੱਲੋਂ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਚੌਧਰੀ ਨਵਤੇਜ ਸਿੰਘ ਬਿਲਗਾ, ਨਿੱਕਾ ਸਰਪੰਚ ਭਾਰੂਵਾਲ, ਜੋਗਾ ਸਿੰਘ ਉੱਪਲ, ਪੰਜਾਬੀ ਗਾਇਕ ਜੋ ਖਾਨ, ਡਾ. ਅਮਨ ਤਲਵਣ, ਰਵਨੀਤ ਭਾਰਦਵਾਜ, ਸਰਪੰਚ ਲਛਮਣ ਦਾਸ, ਨੰਬਰਦਾਰ ਹਰਨਿਰਪਾਲ ਸਿੰਘ, ਬਿੱਟੂ ਫਰਵਾਲਾ, ਸੁਰਿੰਦਰ ਸਮਰਾ ਸਰਪੰਚ ਬਹਾਦਰ ਪੁਰ, ਪੰਚ ਗੁਰਜੀਤ ਸਿੰਘ ਜੀਤਾ, ਸੁਖਦੇਵ ਮੱਲ, ਸਾਬਕਾ ਪੰਚ ਸੋਹਨ ਲਾਲ ਮੱਲ,ਮੰਗਲਦੀਪ,ਹਰਮੇਸ਼ ਲਾਲ, ਜਤਿੰਦਰ ਥੰਮਣਵਾਲ, ਸੰਦੀਪ ਰੁਪੋਵਾਲ,ਲਵ ਕੁਮਾਰ ਹਾਜਰ ਸਨ। ਸਟੇਜ ਸੈਕਟਰੀ ਦੀ ਸੇਵਾ ਬੀਰਬਲ ਨਾਹਰ ਨੇ ਨਿਭਾਈ।

## ਸੰਵਿਧਾਨਕ ਵਿਵਸਥਾਵਾਂ ਦੀ ਉਲੰਘਣਾ ਨਾਲ ਪੰਜਾਬ ਦਾ ਵੱਡਾ ਨੁਕਸਾਨ ਹੋ ਸਕਦਾ ਹੈ : ਤੀਕਸ਼ਣ ਸੂਦ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਸੰਸਦੀ ਮਾਮਲਿਆਂ ਬਾਰੇ ਮੰਤਰੀ ਤੀਕਸ਼ਣ ਸੂਦ ਦੇ ਦਫਤਰ ਤੋਂ ਜਾਰੀ ਪ੍ਰੈਸ ਨੋਟ ਵਿੱਚ ਕਿਹਾ ਗਿਆ ਹੈ ਕਿ ਆਮ ਆਦਮੀ ਪਾਰਟੀ ਸੰਵਿਧਾਨ ਦੀਆਂ ਧਾਰਾਵਾਂ ਨਾਲ ਬੇਲੋੜਾ ਟਕਰਾਅ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਅਤੇ ਰਾਜਪਾਲ ਦੇ ਵਿਗੜਦੇ ਸਬੰਧਾਂ ਕਾਰਨ ਦੋਵਾਂ ਦਾ ਕੁਝ ਨਹੀਂ ਜਾਣਾ ਸਗੋਂ ਨੁਕਸਾਨ ਪੰਜਾਬ ਦੇ ਲੋਕਾਂ ਨੂੰ ਭੁਗਤਣਾ ਪਵੇਗਾ। ਸ੍ਰੀ ਸੂਦ ਨੇ ਕਿਹਾ ਕਿ ਸਰਕਾਰ ਨੇ ਪਹਿਲਾਂ ਕੋਈ ਏਜੰਡਾ ਬਣਾਏ ਬਿਨਾਂ ਹੀ ਇਜਲਾਸ ਬੁਲਾਉਣ ਲਈ ਰਾਜਪਾਲ ਤੋਂ ਮਨਜ਼ੂਰੀ ਲੈ ਲਈ ਪਰ ਜਦੋਂ ਰਾਜਪਾਲ ਨੇ ਸਰਕਾਰ ਤੋਂ ਏਜੰਡਾ ਮੰਗਿਆ ਤਾਂ ਸਰਕਾਰ ਨੇ ਟਕਰਾਅ ਪੈਦਾ ਕਰ ਦਿੱਤਾ ਸ੍ਰੀ ਸੂਦ ਨੇ ਕਿਹਾ ਕਿ ਸ. ਪੰਜਾਬ ਸਰਕਾਰ ਨੇ 3 ਅਕਤੂਬਰ ਨੂੰ ਵਿਧਾਨ ਸਭਾ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾ ਵੱਲੋਂ ਅਗਲੇ ਹੁਕਮਾਂ ਤੱਕ ਮੁਲਤਵੀ ਕਰ ਦਿੱਤੀ ਸੀ, ਪਰ 3 ਮਹੀਨੇ ਬੀਤਣ ਵਾਲੇ ਹਨ, ਅਜੇ ਤੱਕ ਪੰਜਾਬ ਸਰਕਾਰ ਨੇ ਵਿਧਾਨ ਸਭਾ ਸੈਸ਼ਨ ਮੁਲਤਵੀ ਕਰਨ ਲਈ ਰਾਜਪਾਲ ਨੂੰ ਕੋਈ ਨੋਟੀਫਿਕੇਸ਼ਨ ਨਹੀਂ ਭੇਜਿਆ, ਜਿਸ ਕਾਰਨ ਜਿਸ ਨਾਲ ਕਈ ਸੰਵਿਧਾਨਕ ਮੁੱਦੇ ਪੈਦਾ ਹੋ ਗਏ ਹਨ। ਇਸ ਨੂੰ ਭਾਵੇਂ ਸਰਕਾਰ ਦੀ ਅਣਗਹਿਲੀ ਕਹੀਏ ਜਾਂ ਕੱਟੜਤਾ, ਅੱਜ ਤੱਕ ਅਜਿਹਾ ਨਹੀਂ ਹੋਇਆ ਕਿ ਸੈਸ਼ਨ ਹਟਣ ਤੋਂ ਬਾਅਦ ਸਰਕਾਰ ਵੱਲੋਂ ਸੈਸ਼ਨ ਮੁਲਤਵੀ ਕਰਨ ਦਾ ਨੋਟੀਫਿਕੇਸ਼ਨ ਰਾਜਪਾਲ ਨੂੰ ਨਾ ਭੇਜਿਆ ਗਿਆ ਹੋਵੇ। ਜੇਕਰ ਹਾਲਾਤ ਇਸੇ ਤਰ੍ਹਾਂ ਚੱਲਦੇ ਰਹੇ ਤਾਂ ਨਾ ਤਾਂ ਵਿਧਾਇਕਾਂ ਦੇ ਆਪਣੇ ਹਲਕਿਆਂ ਦੀਆਂ ਸਮੱਸਿਆਵਾਂ ਬਾਰੇ ਸਵਾਲ ਚੁੱਕੇ ਜਾਣਗੇ ਅਤੇ ਨਾ ਹੀ ਰਾਜਪਾਲ ਦੇ ਭਾਸ਼ਣ ਨਾਲ ਸ਼ੁਰੂ ਹੋਣ ਵਾਲਾ ਸੈਸ਼ਨ ਸਰਕਾਰ ਦੀ ਕਾਰਗੁਜ਼ਾਰੀ ਬਾਰੇ ਦੱਸ ਕੇ ਸ਼ੁਰੂ ਹੋ ਸਕੇਗਾ। ਜਿਸ ਰਾਹੀਂ ਅਗਲੇ ਵਿੱਤੀ ਸਾਲ ਦਾ ਬਜਟ ਵੀ ਪਾਸ ਕੀਤਾ ਜਾਣਾ ਹੈ। ਸ੍ਰੀ ਸੂਦ ਨੇ ਕਿਹਾ ਕਿ ਪੰਜਾਬ ਨੂੰ ਸੰਵਿਧਾਨਕ ਸੰਕਟ ਵਿੱਚ ਪੈਣ ਤੋਂ ਬਚਾਉਣ ਲਈ ਸਰਕਾਰ ਨੂੰ ਤੁਰੰਤ ਵਿਧਾਨ ਸਭਾ ਸੈਸ਼ਨ ਮੁਲਤਵੀ ਕਰਨ ਦਾ ਨੋਟੀਫਿਕੇਸ਼ਨ ਜਾਰੀ ਕਰਕੇ ਰਾਜਪਾਲ ਨੂੰ ਭੇਜਣਾ ਚਾਹੀਦਾ ਹੈ, ਤਾਂ ਜੋ ਪੰਜਾਬ ਜੋ ਪਹਿਲਾਂ ਹੀ ਸੰਕਟ ਵਿੱਚ ਘਿਰਿਆ ਹੋਇਆ ਹੈ। ਆਰਥਿਕ ਮੋਰਚਾ, ਹੋਰ ਮੁਸੀਬਤ ਵਿੱਚ ਨਹੀਂ ਪੈਂਦਾ।

## ਸਾਈਂ ਕਰਨੈਲ ਸ਼ਾਹ ਨੇ ਲੱਡੂ ਵੰਡ ਕੇ ਸੰਗਤਾਂ ਨੂੰ ਦਿੱਤੀ ਨਵੇਂ ਸਾਲ ਦੀ ਵਧਾਈ



**ਫਗਵਾੜਾ (ਡਾ. ਰਮਨ)**

ਧੰਨ ਧੰਨ ਨੂਰ-ਏ-ਖੁਦਾ ਦਰਬਾਰ ਸਾਂਈ ਮੰਗੂ ਸ਼ਾਹ ਜੀ ਪਿੰਡ ਸਾਹਨੀ ਤਹਿਸੀਲ ਫਗਵਾੜਾ ਦੇ ਗੱਦੀਨਸ਼ੀਨ ਸਾਈਂ ਕਰਨੈਲ ਸ਼ਾਹ ਨੇ ਸਮੂਹ ਸੰਗਤਾਂ ਨੂੰ ਨਵੇਂ ਸਾਲ ਦੀ ਵਧਾਈ ਦਿੰਦਿਆਂ ਸਰਬੱਤ ਦੇ ਭਲੇ ਅਤੇ ਸੁੱਖ ਸ਼ਾਂਤੀ ਦੀ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਹਰ ਇਨਸਾਨ ਆਪਣੇ ਅੰਦਰ ਦੀਆਂ ਚੰਗਿਆਈਆਂ ਤੇ ਬੁਰਾਈਆਂ ਤੋਂ ਵਾਕਫ ਹੁੰਦਾ ਹੈ। ਇਸ ਲਈ ਸਾਲ ਦੇ ਪਹਿਲੇ ਦਿਨ ਹਰ ਇਨਸਾਨ ਨੂੰ ਆਪਣੇ ਅੰਦਰ ਦੀ ਕਿਸੇ ਨਾ ਕਿਸੇ ਬੁਰਾਈ ਨੂੰ ਤਿਆਗਣ ਦਾ ਪ੍ਰਣ ਲੈਣਾ ਚਾਹੀਦਾ ਹੈ। ਉਨ੍ਹਾ ਨੌਜਵਾਨਾਂ ਨੂੰ ਵੀ ਅਪੀਲ ਕੀਤੀ ਕਿ ਉਹ ਨਸ਼ਿਆਂ ਨੂੰ ਤਿਆਗ ਕੇ ਦੇਸ਼ ਅਤੇ ਕੌਮ ਦੀ ਸੇਵਾ ਵਿੱਚ ਆਪਣਾ ਬਣਦਾ ਯੋਗਦਾਨ ਪਾਉਣ। ਉਨ੍ਹਾ ਸਮੂਹ ਸੰਗਤ ਨੂੰ ਪ੍ਰਮਾਤਮਾ ਦਾ ਓਟ ਆਸਰਾ ਲੈਂਦੇ ਹੋਏ ਦਸਾਂ ਨਹੁਆਂ ਦੀ ਕਿਰਤ ਕਰਕੇ, ਨਾਮ ਜਪਣ ਤੇ ਵੰਡ ਛਕਣ ਦਾ ਮਾਰਗ ਅਪਣਾਉਣ ਲਈ ਪੇਰਿਤ ਕੀਤਾ। ਇਸ ਮੌਕੇ ਨਵੇਂ ਸਾਲ ਦੀ ਆਮਦ 'ਤੇ ਲੱਡੂ ਵੀ ਵੰਡੇ ਗਏ। ਵੱਡੀ ਗਿਣਤੀ ਵਿਚ ਇਲਾਕੇ ਦੀਆਂ ਸੰਗਤਾਂ ਨੇ ਦਰਬਾਰ ਵਿਖੇ ਨਤਮਸਤਕ ਹੋ ਕੇ ਸਾਈਂ ਮੰਗੂ ਸ਼ਾਹ ਦਾ ਅਸ਼ੀਰਵਾਦ ਪ੍ਰਾਪਤ ਕੀਤਾ।

## ਕਰੋਨਾ ਦੀਆਂ ਹਦਾਇਤਾਂ ਦਾ ਸਖਤੀ ਨਾਲ ਪਾਲਣ ਕੀਤਾ ਜਾਵੇ : ਡਾ. ਸੋਨੀਆ



**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਭਾਰਤ ਵਿੱਚ ਕਰੋਨਾ ਦੇ ਕੇਸ ਦਿਨੋਂ-ਦਿਨ ਵੱਧ ਰਹੇ ਹਨ, ਜੋ ਕਿ ਇੱਕ ਚਿੰਤਾ ਦਾ ਵਿਸ਼ਾ ਹੈ ਕਰੋਨਾ ਇੱਕ ਬਹੁਤ ਹੀ ਭੈੜੀ ਬਿਮਾਰੀ ਦਾ ਨਾਮ ਹੈ ਜਿਸ ਤੋ ਬੱਚਣ ਲਈ ਸਾਨੂੰ ਮਾਸਿਕ ਪਹਿਨਣ ਦੀ ਜਰੂਰਤ ਹੈ ਅਤੇ ਕਰੋਨਾ ਤੋ ਬੱਚਣ ਲਈ ਸਾਨੂੰ ਇੱਕ ਦੂਜੇ ਤੋ ਫਾਸਲਾ ਬਣਾਕੇ ਰੱਖਣਾ ਚਾਹੀਦਾ ਹੈ ਪ੍ਰੰਤੂ ਸਾਵਧਾਨੀ ਰੱਖੀ ਜਾਵੇ ਤਾ ਕਰੋਨਾ ਕੋਈ ਐਡੀ ਖਤਰਨਾਕ ਬਿਮਾਰੀ ਵੀ ਨਹੀ ਹੈ । ਇਸ ਲਈ ਸਾਨੂੰ ਸਾਰਿਆਂ ਨੂੰ ਕਰੋਨਾ ਦੀਆਂ ਹਿਦਾਇਤਾਂ ਦਾ ਸਖਤੀ ਨਾਲ ਪਾਲਣ ਕਰਨਾ ਚਾਹੀਦਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਉੱਘੀ ਸਮਾਜ ਸੇਵਕਾ ਡਾ ਸੋਨੀਆ ਨੇ ਦੱਸਿਆ ਕਿ ਭਾਰਤ ਵਿੱਚ ਕਰੋਨਾ ਦੇ ਵੱਧਦੇ ਮਾਮਲਿਆਂ ਨੂੰ ਦੇਖਦੇ ਹੋਏ ਭਾਰਤ ਸਰਕਾਰ ਨੇ ਚੀਨ,ਹਾਂਗਕਾਂਗ, ਜਾਪਾਨ, ਦੱਖਣੀ ਕੋਰੀਆ, ਸਿੰਗਾਪੁਰ ਤੇ ਥਾਈਲੈਂਡ ਤੋਂ ਆਉਣ ਵਾਲੇ ਯਾਤਰੀਆਂ ਲਈ ਲਈ 1 ਜਨਵਰੀ 2023 ਤੋਂ ਆਰਟੀ-ਪੀਸੀਆਰ ਦੀ ਨੈਗਟਿਵ ਰਿਪੋਰਟ ਪੇਸ਼ ਕਰਨੀ ਲਾਜ਼ਮੀ ਕਰ ਦਿੱਤੀ ਗਈ ਹੈ ਜੋ ਕਿ ਬਾਹਰੋ ਆਕੇ ਭਾਰਤ ਵਿੱਚ ਆਉਣ ਵਾਲੇ ਵਿਅਕਤੀ ਲਈ ਅਤਿ ਜਰੂਰੀ ਵੀ ਹੈ ਕਿਉਕਿ ਅਗਰ ਇਸ ਰਿਪੋਰਟ ਦੀ ਸਖਤੀ ਨਾਲ ਪਾਲਣਾ ਕੀਤੀ ਜਾਵੇ ਤਾਂ ਭਾਰਤ ਵਿੱਚ ਵੱਸਦੇ ਹਰ ਵਿਅਕਤੀ ਦਾ ਫਾਇਦਾ ਹੋ ਸਕਦਾ ਹੈ । ਉਨ੍ਹਾਂ ਦੱਸਿਆ ਕਿ ਘਰ ਤੋਂ ਬਾਹਰ ਨਿਕਲਦੇ ਸਮੇਂ ਮਾਸਕ ਦੀ ਵਰਤੋਂ ਕਰੋ। ਸਾਬਣ ਨਾਲ ਹੱਥ ਵਾਰ-ਵਾਰ ਧੋਵੋ ਤਾਂ ਜੋ ਕਰੋਨਾ ਦੇ ਮਾੜੇ ਪ੍ਰਕੋਪ ਤੋਂ ਬਚਿਆ ਸਕੇ।

## ਆਗਾਜ਼-ਏ-ਦੋਸਤੀ ਦੇ ਵਫਦ ਨੇ ਨਵੇਂ ਸਾਲ ਮੌਕੇ ਕੀਤੇ ਕਰਤਾਰਪੁਰ ਸਾਹਿਬ ਦੇ ਦਰਸ਼ਨ

**ਫਗਵਾੜਾ (ਡਾ. ਰਮਨ, ਢੱਡਾ)**

ਨਵੇਂ ਸਾਲ ਦੀ ਪੂਰਵ ਸੰਧਿਆ ਮੌਕੇ ਆਗਾਜ਼-ਏ-ਦੋਸਤੀ ਦਾ 10 ਮੈਂਬਰੀ ਵਫ਼ਦ ਸ੍ਰੀ ਕਰਤਾਰਪੁਰ ਸਾਹਿਬ ਦੀ ਯਾਤਰਾ ਲਈ ਗਿਆ, ਜਿੱਥੇ ਭਾਰਤ ਤੇ ਪਾਕਿਸਤਾਨ ਦੀ ਸ਼ਾਂਤੀ ਤੇ ਖੁਸ਼ਹਾਲੀ ਲਈ ਅਰਦਾਸ ਕੀਤੀ ਗਈ। ਵਫ਼ਦ ਵਿੱਚ ਕੋਲਕਾਤਾ, ਦਿੱਲੀ, ਪਾਣੀਪਤ, ਪੁਣੇ, ਇੰਦੌਰ ਤੇ ਮਸੂਰੀ ਤੋਂ ਮੈਂਬਰ ਸ਼ਾਮਲ ਹੋਏ। ਉਨ੍ਹਾਂ ਕਿਹਾ ਕਿ ਇਹ ਪਹਿਲਾ ਵੀਜ਼ਾ ਮੁਕਤ ਲਾਂਘਾ ਹੈ, ਕਰਤਾਰਪੁਰ ਲਾਂਘਾ ਸ਼ਾਂਤੀ ਦਾ ਸੰਦੇਸ਼ ਦਿੰਦਾ ਹੈ। ਇੱਥੇ ਕਈ ਵੰਡੇ ਹੋਏ ਪਰਵਾਰਾਂ ਨੂੰ ਮਿਲਣ ਦਾ ਮੌਕਾ ਵੀ ਮਿਲਿਆ। ਕਰਤਾਰਪੁਰ ਦਾ ਦੌਰਾ ਕਰਨ ਵਾਲੇ ਵਫ਼ਦ ਦੀ ਅਗਵਾਈ ਪ੍ਰਸਿੱਧ ਅਕਾਦਮਿਕ, ਲੇਖਕ ਅਤੇ ਸ਼ਹੀਦ ਭਗਤ ਸਿੰਘ ਦੇ ਭਤੀਜੇ ਵਜੋਂ ਜਾਣੇ ਜਾਂਦੇ ਪ੍ਰੋ: ਜਗਮੋਹਨ ਸਿੰਘ ਅਤੇ ਸਮਾਜਕ ਕਾਰਕੁੰਨ ਅਤੇ ਗਾਂਧੀ ਗਲੋਬਲ ਫੈਮਿਲੀ ਦੇ ਜਨਰਲ ਸਕੱਤਰ ਰਾਮ ਮੋਹਨ ਰਾਏ ਨੇ ਕੀਤੀ। ਉਨ੍ਹਾਂ ਦੇ ਨਾਲ ਵੱਖ-ਵੱਖ ਪਿਛੋਕੜਾਂ ਅਤੇ ਜੀਵਨ ਦੇ ਹਰ ਖੇਤਰ ਨਾਲ ਸੰਬੰਧਤ ਵਿਅਕਤੀਆਂ ਦੀ ਟੀਮ ਨੇ ਭਾਗ ਲਿਆ। ਇਸ ਦੌਰੇ ਦਾ ਸੰਚਾਲਨ ਆਗਾਜ਼-ਏ-ਦੋਸਤੀ ਦੇ ਕੋਆਰਡੀਨੇਟਰ ਨਿਤਿਨ ਮਿੱਟੂ ਅਤੇ ਜਨਸ਼ੇਰ ਖਾਨ ਨੇ ਸਾਂਝੇ ਤੌਰ 'ਤੇ ਕੀਤਾ। ਪ੍ਰੋ: ਜਗਮੋਹਨ ਸਿੰਘ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਇੱਕ ਮਹਾਨ ਸ਼ਖਸੀਅਤ ਹਨ ਜੋ ਕੇਵਲ ਸਿੱਖਾਂ ਨੂੰ ਹੀ ਨਹੀਂ ਬਲਕਿ ਸਾਰੇ ਸ਼ਾਂਤੀ ਪਸੰਦ ਵਿਅਕਤੀਆਂ ਨੂੰ ਜੋੜਦੇ ਹਨ। ਉਨ੍ਹਾਂ ਕਿਹਾ ਕਿ ਨਿਜ਼ਾਮੁਦੀਨ ਤੀਰਥ ਅਸਥਾਨ, ਕਟਾਸਰਾਜ ਮੰਦਰ, ਹਿੰਗਲਾਜ ਮਾਤਾ ਮੰਦਰ, ਅਜਮੇਰ ਤੀਰਥ, ਕਰਤਾਰਪੁਰ ਗੁਰਦੁਆਰਾ, ਗੋਲਡਨ ਟੈਂਪਲ, ਸ਼ਾਰਦਾ ਪੀਠ ਆਦਿ ਵਰਗੇ ਅਧਿਆਤਮਕ ਬਹੁਤ ਸਾਰੇ ਅਜਿਹੇ ਮੌਕੇ ਹਨ ਜਿੱਥੇ ਦੋਵਾਂ ਪਾਸਿਆਂ ਦੇ ਲੋਕ ਆਪਣੇ ਵਿਸ਼ਵਾਸ ਅਤੇ ਪਿਆਰ ਕਾਰਨ ਜਾਣਾ ਚਾਹੁੰਦੇ ਹਨ। ਇਸੇ ਤਰ੍ਹਾਂ ਭਗਤ ਸਿੰਘ, ਲਾਲਾ ਲਾਜਪਤ ਰਾਏ ਵਰਗੀਆਂ ਸ਼ਖ਼ਸੀਅਤਾਂ ਹਨ, ਜਿਨ੍ਹਾਂ ਦੇ ਜੱਦੀ ਸਥਾਨਾਂ ਦੇ ਲੋਕ ਇਤਿਹਾਸ ਨੂੰ ਮਹਿਸੂਸ ਕਰਨ ਲਈ ਜਾਣਾ ਚਾਹੁੰਦੇ ਹਨ। ਰਾਮ ਮੋਹਨ ਰਾਏ ਨੇ ਕਿਹਾ ਕਿ ਪਾਕਿਸਤਾਨ ਅਤੇ ਭਾਰਤ ਕਰਤਾਰਪੁਰ ਵਿਖੇ ਇੱਕ ਦੂਜੇ ਨੂੰ ਮਿਲ ਰਹੇ ਹਨ ਅਤੇ ਇਹ ਏਕਤਾ ਅਤੇ ਏਕਤਾ ਦਾ ਮਹਾਨ ਸੰਦੇਸ਼ ਹੈ। ਉਨ੍ਹਾਂ ਕਿਹਾ ਕਿ ਵੱਧ ਤੋਂ ਵੱਧ ਅਜਿਹੇ ਵਿਕਲਪ ਖੋਲ੍ਹੇ ਜਾਣੇ ਚਾਹੀਦੇ ਹਨ, ਜਿੱਥੇ ਲੋਕ ਦਰਸ਼ਨ ਕਰ ਸਕਣ। ਪਾਕਿਸਤਾਨ ਤੋਂ ਆਗਾਜ਼-ਏ-ਦੋਸਤੀ ਦੇ ਕੋਆਰਡੀਨੇਟਰ ਜਨਸ਼ੇਰ ਖਾਨ ਨੇ ਕਿਹਾ ਕਿ ਬਹੁਤ ਸਾਰੇ ਪਾਕਿਸਤਾਨੀ ਹਰ ਰੋਜ਼ ਕਰਤਾਰਪੁਰ ਆਉਂਦੇ ਹਨ ਅਤੇ ਕਰਤਾਰਪੁਰ ਲਾਂਘਾ ਆਮ ਪਾਕਿਸਤਾਨੀਆਂ ਅਤੇ ਭਾਰਤੀਆਂ ਨੂੰ ਘੱਟੋ-ਘੱਟ ਇੱਕ ਦੂਜੇ ਨੂੰ ਆਹਮੋ-ਸਾਹਮਣੇ ਦੇਖਣ ਅਤੇ ਇਹ ਸਮਝਣ ਦਾ ਮੌਕਾ ਪ੍ਰਦਾਨ ਕਰ ਰਿਹਾ ਹੈ। ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨ ਕਰਕੇ ਵਾਪਸ ਫਗਵਾੜਾ ਵਿਖੇ ਪਹੁੰਚਣ 'ਤੇ ਨਿਤਿਨ ਮਿੱਟੂ ਨੇ ਦੱਸਿਆ ਕਿ ਲੋਕ ਬਹੁਤ ਖੁਸ਼ ਹਨ ਕਿ ਉਹ ਬਿਨਾਂ ਵੀਜ਼ੇ ਦੇ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਦੀ ਯਾਤਰਾ ਕਰ ਸਕਦੇ ਹਨ ਕਿਉਂਕਿ ਇਹ ਪਹਿਲਾਂ ਨਾਲੋਂ ਕਿਤੇ ਜ਼ਿਆਦਾ ਸੁਵਿਧਾਜਨਕ ਹੈ ਪਰ ਸਰਕਾਰਾਂ ਨੂੰ ਇਹ ਯਾਤਰਾ ਹੋਰ ਆਸਾਨ ਬਣਾਉਣ ਅਤੇ ਦੂਸਰੇ ਧਾਰਮਕ ਅਸਥਾਨਾਂ ਦੀ ਯਾਤਰਾ ਲਈ ਵੀ ਯਤਨ ਕਰਨੇ ਚਾਹੀਦੇ ਹਨ।



3-Jan-PAGE-9.qxd 1/2/2023 10:34 PM Page 1



# ਡੀ ਐੱਸ ਪੀ ਦਾ 16 ਨੂੰ ਕੀਤਾ ਜਾਵੇਗਾ ਘਿਰਾਓ : ਜੇ ਪੀ ਐੱਮ ਓ

**ਫਿਲੌਰ (ਨਿਰਮਲ)**

ਸਬ ਡਵੀਜਨ ਫਿਲੌਰ 'ਚ ਵੱਧ ਰਹੇ ਨਸ਼ਿਆਂ ਖਿਲਾਫ ਆਪਣੇ ਰੋਹ ਦਾ ਪ੍ਰਗਟਾਵਾ ਕਰਨ ਲਈ ਜਨਤਕ ਜਥੇਬੰਦੀਆਂ ਦੇ ਸਾਂਝੇ ਮੋਰਚੇ (ਜੇਪੀਐਮਓ) ਵਲੋਂ 16 ਜਨਵਰੀ ਨੂੰ ਡੀ ਐਸ ਪੀ ਫਿਲੌਰ ਦਾ ਘਿਰਾਓ ਕੀਤਾ ਜਾਵੇਗਾ ਤਾਂ ਜੋ



ਪੁਲੀਸ ਅਧਿਕਾਰੀਆਂ ਦੀ ਜਾਗ ਖੁੱਲ ਸਕੇ। ਇਸ ਸਬੰਧੀ ਇਥੇ ਕੀਤੀ ਇੱਕ ਮੀਟਿੰਗ ਉਪਰੰਤ ਪ੍ਰੈਸ ਨੂੰ ਦੱਸਿਆ ਕਿ ਪਹਿਲਾ ਵੀ ਇਲਾਕੇ 'ਚ ਕਈ ਹੋਰ ਜਥੇਬੰਦੀਆਂ ਵਲੋਂ ਧਰਨੇ ਪ੍ਰਦਰਸ਼ਨ ਕੀਤੇ ਜਾ ਚੁੱਕੇ ਹਨ ਪਰ ਹੈਰਾਨੀ ਦੀ ਗੱਲ ਹੈ ਕਿ ਪੁਲੀਸ ਵਲੋਂ ਨਸ਼ਾ ਤਸਕਰਾਂ ਨੂੰ ਨੱਥ ਪਾਉਣ ਦੇ ਨਾਂਅ ਹੇਠ ਪੁਲੀਸ ਵਲੋਂ ਚਾਰ-ਚਾਰ ਥਾਣਿਆਂ ਦੀ ਪੁਲੀਸ ਇਕੱਠੀ ਕਰਕੇ ਪਿੰਡਾਂ ਦਾ ਘਿਰਾਓ ਕਰਕੇ ਜਾਂਚ ਦੇ ਨਾਂਅ 'ਤੇ ਖਾਨਾਪੂਰਤੀ ਤੋਂ ਵੱਧ ਕੁੱਝ ਨਹੀਂ ਕੀਤਾ ਜਾ ਰਿਹਾ। ਆਗੂਆਂ ਨੇ ਕਿਹਾ ਕਿ ਨਸ਼ਾ ਛੁਡਵਾਉਣ 'ਚ ਲੱਗਿਆਂ ਤੰਤਰ ਵੀ ਫੇਲ੍ਹ ਹੋਇਆ ਦਿਖਾਈ ਦੇ ਰਿਹਾ ਹੈ। ਨਸ਼ੇ ਛਵਾਉਣ ਲਈ ਪ੍ਰਾਈਵੇਟ ਸੰਸਥਾਵਾਂ ਵਲੋਂ ਲੁੱਟ ਕੀਤੀ ਜਾ ਰਹੀ ਹੈ ਅਤੇ ਸਰਕਾਰੀ ਤੰਤਰ 'ਚ ਸਿਵਾਏ ਖਾਨਾਪੂਰਤੀ ਤੋਂ ਵੱਧ ਕੁੱਝ ਨਹੀਂ ਹੋ ਰਿਹਾ। ਇਸ ਦਾ ਸਿੱਟਾ ਹੀ ਹੈ ਕਿ ਹਾਲੇ ਵੀ ਨਸ਼ੇ ਦੀ ਮੰਗ ਜਾਰੀ ਹੈ। ਆਗੂਆਂ ਨੇ ਚਿੰਤਾ ਜਾਹਿਰ ਕੀਤੀ ਕਿ ਲਗਾਤਾਰ ਹੋ ਰਹੀਆਂ ਲੁੱਟ-ਖੋਹ ਦੀਆਂ ਵਾਰਦਾਤਾਂ ਵੀ ਇਸ ਦੇ ਸਿੱਟੇ ਵਜੋ ਹੋ ਰਹੀਆਂ ਹਨ, ਜਿਸ ਨਾਲ ਅਮਨ ਕਾਨੂੰਨ ਲਈ ਵੀ ਖਤਰੇ ਪੈਦਾ ਹੋ ਰਹੇ ਹਨ। ਆਗੂਆਂ ਨੇ ਕਿਹਾ ਕਿ ਪੁਲੀਸ ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਟਾਲਨ ਲਈ ਅੱਠ ਦਸ ਗਰਾਮ ਚਿੱਟੇ ਦੇ ਕੇਸ ਪਾ ਕੇ ਆਮ ਲੋਕਾਂ ਨਾਲ ਡਰਾਮਾ ਲਗਾਇਆ ਜਾ ਰਿਹਾ ਹੈ। ਜਦੋਂ ਕਿ ਪੁਲੀਸ ਡੇਂਗੂ ਵਰਗੀ ਬਿਮਾਰੀ ਤੋਂ ਸੁਚੇਤ ਕਰਨ ਲਈ ਮੁਹਿੰਮ ਚਲਾ ਰਹੀ ਹੈ ਪਰ ਨਸ਼ਾ ਛੁਡਵਾਉਣ ਲਈ ਕਿਸੇ ਨੂੰ ਕੋਈ ਫਿਕਰ ਨਹੀਂ ਹੈ। ਆਗੂਆਂ ਨੇ ਪੁਲੀਸ ਅਧਿਕਾਰੀਆਂ ਦੀ ਜਾਗ ਖੋਲ੍ਹਣ ਲਈ ਡੀ.ਐਸ.ਪੀ ਦਫਤਰ ਦਾ ਘਿਰਾਓ ਵਾਲੇ ਐਕਸ਼ਨ 'ਚ ਵੱਧ ਚੜ੍ਹ ਕੇ ਪੁੱਜਣ ਦੀ ਅਪੀਲ ਕੀਤੀ। ਮੀਟਿੰਗ 'ਚ ਜਸਵਿੰਦਰ ਸਿੰਘ ਢੇਸੀ, ਸੰਤੋਖ ਸਿੰਘ ਬਿਲਗਾ, ਮੇਜਰ ਫਿਲੌਰ, ਕੁਲਦੀਪ ਫਿਲੌਰ, ਮਨਜਿੰਦਰ ਢੇਸੀ, ਤਰਜਿੰਦਰ ਧਾਰੀਵਾਲ, ਗੁਰਦੀਪ ਗੋਗੀ, ਐਡਵੋਕੇਟ ਅਜੈ ਫਿਲੌਰ, ਅਮ੍ਰਿਤ ਨੰਗਲ, ਕਰਨੈਲ ਫਿਲੌਰ, ਕੁਲਜੀਤ ਫਿਲੌਰ, ਮਨਜੀਤ ਸੂਰਜਾ, ਜਸਬੀਰ ਸਿੰਘ ਭੋਲੀ, ਸੰਦੀਪ ਫਿਲੌਰ, ਪ੍ਰਭਾਤ ਕਵੀ, ਮੱਖਣ ਸੰਗਰਾਮੀ, ਗੁਰਿੰਦਰਜੀਤ ਸਿੰਘ ਆਦਿ ਹਾਜਰ ਸਨ।

# ਐਮ ਐਸ ਕੇ ਸਕੂਲ 'ਚ ਅੱਜ ਹੋਵੇਗੀ ਅਧਿਆਪਕ ਟ੍ਰੇਨਿੰਗ ਵਰਕਸ਼ਾਪ

**ਟਾਂਡਾ ਉੜਮੁੜ (ਓਂਕਾਰ ਸਿੰਘ ਜਸਵਿੰਦਰ ਸੰਧੂ)**-ਵਿਦਿਅਕ ਖੇਤਰ ਵਿੱਚ ਹਮੇਸ਼ਾਂ ਅੱਗੇ ਰਹੀ ਵਿਦਿਅਕ ਸੰਸਥਾ ਐੱਮ ਐੱਸ ਕੇ ਡੇ-ਬੋਰਡਿੰਗ ਸੀ ਬੀ ਐਸ ਈ ਸਕੈਂਡਰੀ ਸਕੂਲ ਕੋਟਲੀ ਜੰਡ ਵਿਖੇ 3 ਜਨਵਰੀ ਨੂੰ " ਅਧਿਆਪਕ ਟ੍ਰੇਨਿੰਗ ਵਰਕਸ਼ਾਪ" ਕਰਵਾਈ ਜਾ ਰਹੀ ਹੈ ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਿੰਸੀਪਲ ਪਰਵਿੰਦਰ ਕੌਰ ਨੇ ਦੱਸਿਆ ਕਿ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਦੀ ਪ੍ਰਧਾਨਗੀ ਹੇਠ ਜਗਤ ਪੰਜਾਬੀ ਸਭਾ ਟਰਾਂਟੋ ਕਨੇਡਾ ਵੱਲੋਂ ਅਧਿਆਪਕਾਂ ਨੂੰ ਵਿਸ਼ਵ ਪੱਧਰੀ ਗਿਆਨ ਦੇਣ ਲਈ ਇਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਹੈ। ਦੁਪਹਿਰ 1 ਵਜੇ ਤੋਂ 3 ਵਜੇ ਤੱਕ ਚੱਲਣ ਵਾਲੀ ਇਸ ਵਰਕਸ਼ਾਪ ਵਿੱਚ ਜਗਤ ਪੰਜਾਬੀ ਸਭਾ ਦੇ ਪ੍ਰਧਾਨ ਸਰਦੂਲ ਸਿੰਘ ਥਿਆੜਾ ਅਤੇ ਸਭਾ ਦੇ ਚੇਅਰਮੈਨ ਅਜੈਬ ਸਿੰਘ ਚੱਠਾ ਅਧਿਆਪਕਾਂ ਨਾਲ ਆਪਣੇ ਜੀਵਨ ਤਜਰਬੇ ਸਾਂਝੇ ਕਰਨਗੇ । ਇਸ ਸਬੰਧੀ ਹੋਰ ਜਾਣਕਾਰੀ ਦਿੰਦੇ ਹੋਏ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੇ ਦੱਸਿਆ ਕੇ ਵਿਦੇਸ਼ਾਂ ਵਿਚ ਸਿੱਖਿਆ ਦੀਆਂ ਵੱਖ-ਵੱਖ ਤਕਨੀਕਾਂ ਅਧਿਆਪਕਾਂ ਦਾ ਵਿਵਹਾਰ ਅਤੇ ਬੱਚਿਆਂ ਦੀ ਮਨੋਸਥਿਤੀ ਨੂੰ ਕਿਵੇਂ ਸਮਝਿਆ ਜਾਣਾ ਹੈ ਆਦਿ ਵਿਸ਼ਿਆਂ 'ਤੇ ਚਰਚਾ ਹੋਵੇਗੀ । ਉਨ੍ਹਾਂ ਦੱਸਿਆ ਕਿ ਇਸ ਕਾਰਜ ਲਈ ਜਗਤ ਪੰਜਾਬੀ ਸਭਾ ਟਰਾਂਟੋ ਕਨੇਡਾ ਦੇ ਪ੍ਰਧਾਨ ਅਤੇ ਚੇਅਰਮੈਨ ਵਿਸ਼ੇਸ਼ ਤੌਰ 'ਤੇ ਪੰਜਾਬ ਆਏ ਹੋਏ ਹਨ ਅਤੇ ਉਨ੍ਹਾਂ ਵੱਲੋਂ ਵੱਖ-ਵੱਖ ਅਦਾਰਿਆਂ ਵਿੱਚ ਅਜਿਹੀਆਂ ਵਰਕਸ਼ਾਪਾਂ ਲਾਈਆਂ ਜਾ ਰਹੀਆਂ ਹਨ । ਅਰੋੜਾ ਨੇ ਵੱਖ-ਵੱਖ ਸਕੂਲਾਂ ਦੇ ਅਧਿਆਪਕਾਂ ਨੂੰ ਇਸ ਵਰਕਸ਼ਾਪ ਵਿੱਚ ਸਾਮਲ ਹੋਣ ਦਾ ਸੱਦਾ ਦਿੱਤਾ ਅਤੇ ਦੱਸਿਆ ਕਿ ਆਉਣ ਵਾਲੇ ਅਧਿਆਪਕਾਂ ਨੂੰ ਸਰਟੀਫਿਕੇਟ ਵੀ ਦਿੱਤੇ ਜਾਣਗੇ ਅਤੇ ਇਸ ਦੇ ਲਈ ਕੋਈ ਫੀਸ ਨਹੀਂ ਰੱਖੀ ਗਈ।

# ਸੀ ਪੀ ਆਈ ਤੇ ਮਨਰੇਗਾ ਵਰਕਰਾਂ ਦੀ ਸਾਂਝੀ ਮੀਟਿੰਗ

**ਮਹਿਤਪੁਰ, (ਰਾਜਾ)**

ਭਾਰਤੀ ਕਮਿਊਨਿਸਟ ਪਾਰਟੀ ਤੇ ਮਨਰੇਗਾ ਵਰਕਰਾਂ ਦੀ ਇੱਕ ਸਾਂਝੀ ਮੀਟਿੰਗ ਸੁਨੀਲ ਕੁਮਾਰ ਅਤੇ ਕੁਲਵਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਲੰਘੇ ਸਾਲ 2022 ਬਾਰੇ ਵਿਚਾਰ-ਵਟਾਂਦਰਾ ਕੀਤਾ ਗਿਆ, ਜਿਸ ਵਿੱਚ ਮਨਰੇਗਾ ਵਰਕਰਾਂ ਨੇ ਕਿਹਾ ਕਿ ਬੀਤੇ ਵਰ੍ਹੇ ਭਗਵੰਤ ਮਾਨ ਦੀ ਬਣੀ ਸਰਕਾਰ ਨੇ ਬਹੁਤ ਗਰੰਟੀਆਂ ਦਿੱਤੀਆਂ ਸਨ, ਪਰ ਮਜਦੂਰਾਂ ਦੇ ਚੁੱਲ੍ਹੇ ਠੰਢੇ ਰਹੇ। ਮੀਟਿੰਗ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਆਗੂ ਚਰਨਜੀਤ ਸਿੰਘ ਥੰਮੂਵਾਲ ਨੇ ਕਿਹਾ ਕਿ ਬੀਤਿਆ ਵਰ੍ਹੇ ਜੋ ਘਟਨਾਵਾਂ ਵਾਪਰੀਆਂ ਹਨ, ਸਾਨੂੰ ਉਸ ਤੋਂ ਸਬਕ ਸਿੱਖਣਾ ਚਹੀਦਾ ਹੈ। ਉਹਨਾ ਕਿਹਾ ਪਾਰਟੀ ਦੀ ਤਹਿਸੀਲ ਕਮੇਟੀ ਨੇ ਫੈਸਲਾ ਕੀਤਾ ਹੈ ਕਿ



ਆਉਣ ਵਾਲੇ ਦਿਨਾਂ ਵਿੱਚ ਵੱਖ-ਵੱਖ ਪਿੰਡਾਂ ਵਿੱਚ ਮਜ਼ਦੂਰਾਂ ਨੂੰ ਕੰਮ ਦਿਵਾਉਣ ਅਤੇ ਕੀਤੇ ਹੋਏ ਕੰਮ ਦੇ ਪੈਸੇ ਦਿਵਾਉਣ ਲਈ ਸੰਘਰਸ਼ ਕੀਤਾ ਜਾਵੇਗਾ। ਉਹਨਾ ਕਿ ਸਰਕਾਰ ਦੀਆਂ ਗਰੰਟੀਆਂ ਇਕ ਫਲਾਪ ਬਣ ਕੇ ਰਹਿ ਗਈਆਂ ਹਨ ਅਤੇ ਗਰੀਬਾਂ ਦੇ ਚੁੱਲ੍ਹੇ ਠੰਢੇ ਹੋ ਰਹੇ ਹਨ ਅਤੇ ਬਹੁਤ ਸਾਰੇ ਗਰੀਬ ਲੋਕ ਇਲਾਜ ਤੋਂ ਬਿਨਾਂ ਮਰ ਰਹੇ ਹਨ। ਸਾਨੂੰ ਇਕੱਠੇ ਹੋ ਕੇ ਸਰਕਾਰ ਵੱਲੋਂ ਦਿੱਤੀਆਂ ਹੋਈਆਂ ਗਰੰਟੀਆਂ ਪੂਰੀਆਂ ਕਰਾਉਣ ਲਈ ਜ਼ਬਰਦਸਤ ਸੰਘਰਸ਼ ਕਰਨਾ ਪਵੇਗਾ । ਥੰਮੂਵਾਲ ਨੇ ਕਿਹਾ ਕਿ 15 ਫਰਵਰੀ ਤੋਂ ਬਾਅਦ ਮਹਿਤਪੁਰ ਵਿਖੇ ਇਹਨਾਂ ਮੰਗਾ ਨੂੰ ਲੈ ਕੇ ਤਹਿਸੀਲ ਪਾਰਟੀ ਵੱਲੋ ਇੱਕ ਵਿਸ਼ਾਲ ਰੈਲੀ ਕੀਤੀ ਜਾਵੇਗੀ। ਮੀਟਿੰਗਾਂ ਨੂੰ ਹੋਰਨਾਂ ਤੋਂ ਇਲਾਵਾ ਜ਼ਿਲ੍ਹਾ ਕੌਂਸਲ ਮੈਂਬਰ ਸਿਕੰਦਰ ਸੰਧੂ, ਸਰਬਨ ਅਤੇ ਤਰਸੇਮ ਨੇ ਵੀ ਸੰਬੋਧਨ ਕੀਤਾ।

# ਸਰਕਾਰੀ ਪਸ਼ੂ ਹਸਪਤਾਲ 'ਚ ਗਾਇਨੀ ਤੇ ਸਰਜਨ ਦਾ ਪ੍ਰਬੰਧ ਕਰੇ ਪ੍ਰਸ਼ਾਸਨ : ਗੈਂਦ



**ਹੁਸ਼ਿਆਰਪੁਰ,(ਬਲਵੀਰ ਸਿੰਘ ਸੈਣੀ)**-

ਪਿਛਲੇ ਦੋ ਸਾਲਾਂ ਤੋਂ ਬਿਨਾਂ ਸਰਜਨ ਡਾਕਟਰ ਦੇ ਚਲ ਰਹੇ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਸ਼ੂ ਹਸਪਤਾਲ, ਇਹ ਵਿਚਾਰ ਨਈ ਸੋਚ ਵੈਲਫੇਅਰ ਸੁਸਾਇਟੀ ਦੇ ਬਾਨੀ ਪ੍ਰਧਾਨ ਅਸ਼ਵਨੀ ਗੈਂਦ ਅਤੇ ਸਾਬਕਾ ਕੌਂਸਲਰ ਸੁਰੇਸ਼ ਭਾਟੀਆ ਬਿੱਟੂ ਨੇ ਪ੍ਰੈਸ ਬਿਆਨ ਰਾਹੀਂ ਕਹੇ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਜਦੋਂ ਵੀ ਕਿਸੇ ਪਸ਼ੂ ਦੀ ਸਰਜਰੀ ਕਰਵਾਉਣੀ ਪੈਂਦੀ ਹੈ ਤਾਂ ਲੋੜਵੰਦ ਨੂੰ ਵੱਖ-ਵੱਖ ਥਾਵਾਂ ਤੇ ਧੱਕੇ ਖਾਣ ਤੋਂ ਬਾਅਦ ਆਪਣੇ ਪਸ਼ੂਧਨ ਤੋਂ ਹੱਥ ਧੋਣਾ ਪੈਂਦਾ ਹੈ ਜਾਂ ਫਿਰ ਖੇਤੀਬਾੜੀ ਯੂਨੀਵਰਸਿਟੀ ਲੁਧਿਆਨਾ ਲੈ ਕੇ ਜਾਣਾ ਪੈਂਦਾ ਹੈ। ਕਈ ਵਾਰ ਦੇਖੱਣ ਵਿੱਚ ਆਉਂਦਾ ਹੈ ਕਿ ਇਨ੍ਹਾਂ ਕੋਲ ਨਾਂ ਤਾਂ ਕੋਈ ਦਵਾਈ ਹੁੰਦੀ ਹੈ ਅਤੇ ਜੇਕਰ ਕੋਈ ਪਸ਼ੂ ਜ਼ਖ਼ਮੀ ਹੋ ਵੀ ਜਾਵੇ ਤਾਂ ਉਸ ਨੂੰ ਪੱਟੀ ਕਰਨੀ ਪਵੇ ਤਾਂ ਪੱਟੀ ਵੀ ਬਾਹਰੋਂ ਲਿਆਉਣੀ ਪੈਂਦੀ ਹੈ। ਉਨ੍ਹਾਂ ਕਿਹਾ ਕਿ ਸਰਕਾਰੀ ਹਸਪਤਾਲ ਹੁਸ਼ਿਆਰਪੁਰ ਸਿਰਫ ਪ੍ਰਾਈਵੇਟ ਪਾਲਤੂ ਕੁੱਤਿਆਂ ਦੀ ਸੇਵਾ ਵਿਚ ਲੱਗਾ ਹੋਇਆ ਹੈ। ਹੁਸ਼ਿਆਰਪੁਰ ਦੇ ਪੌਲੀ ਕਲੀਨਿਕ ਵਿੱਚ, ਪਾਲਤੂ ਅਤੇ ਲਾਵਾਰਿਸ ਗਾਵਾਂ ਦੀ ਦੇਖਭਾਲ ਕਰਨ ਲਈ ਸਿਰਫ ਟੀਕੇ ਲਗਾਨ ਵਾਲੇ ਡਾਕਟਰਾਂ ਨਾਲ ਹੀ ਗੁਜ਼ਾਰਾ ਕਰਨਾ ਪੈਂਦਾ ਹੈ। ਗੈਂਦ ਨੇ ਕਿਹਾ ਕਿ ਪਿਛਲੇ ਲੰਮੇ ਸਮੇਂ ਤੋਂ ਹੁਸ਼ਿਆਰਪੁਰ 'ਚ ਸਰਜਰੀ ਤੇ ਗਾਇਨੀ ਡਾਕਟਰ ਨਾ ਹੋਣ ਕਾਰਨ ਕਈ ਗਊਆਂ/ਪਸ਼ੂਆਂ ਦੀ ਮੌਤ ਹੋ ਚੁੱਕੀ ਹੈ। ਅਸੀਂ ਪ੍ਰਸ਼ਾਸਨ ਨੂੰ ਅਪੀਲ ਕਰਦੇ ਹਾਂ ਕਿ ਜਲਦ ਤੋਂ ਜਲਦ ਹੁਸ਼ਿਆਰਪੁਰ 'ਚ ਗਾਇਨੀ ਅਤੇ ਸਰਜਰੀ ਡਾਕਟਰ ਦਾ ਪ੍ਰਬੰਧ ਕੀਤਾ ਜਾਵੇ ਤਾਂ ਜੋ ਗਊਧਨ ਦਾ ਇਲਾਜ ਨਾ ਹੋਣ ਕਾਰਨ ਹੋਣ ਵਾਲੀਆਂ ਮੌਤਾਂ ਤੋਂ ਬਚਿਆ ਜਾ ਸਕੇ।

# ਹਰ ਪਰਵਾਸੀ ਭਾਰਤੀ ਨੂੰ ਜ਼ਰੂਰਤਮੰਦਾਂ ਦੀ ਸਹਾਇਤਾ 'ਚ ਯੋਗਦਾਨ ਪਾਉਣਾ ਚਾਹੀਦੈ : ਸਤੀਸ਼ ਮਿੰਕੀ

**ਟਾਂਡਾ ਉੜਮੁੜ (ਜਸਵਿੰਦਰ ਸੰਧੂ ,ਉਂਕਾਰ ਸਿੰਘ)**

ਮਹਿੰਗਾਈ ਭਰੇ ਯੁੱਗ ਵਿੱਚ ਗਰੀਬ ਪਰਵਾਰਾਂ ਨੂੰ ਰੋਜ਼ੀ ਰੋਟੀ ਦੇ ਲਾਲੇ ਪਏ ਹੋਏ ਹਨ, ਅਜਿਹੇ ਸਮੇਂ ਵਿੱਚ ਜੇਕਰ ਕੋਈ ਉਨ੍ਹਾਂ ਦੀ ਸਹਾਇਤਾ ਕਰਦੇ ਹੋਏ ਉਨ੍ਹਾਂ ਨੂੰ ਰਾਸ਼ਨ ਸਮੱਗਰੀ ਦਿੰਦਾ ਹੈ ਤਾਂ ਉਹ ਸਾਰੇ ਪਰਵਾਰ ਉਸ ਨੂੰ ਰੱਬ ਦਾ ਰੂਪ ਸਮਝ ਕੇ ਉਸ ਦਾ ਦਿਲੋਂ ਸ਼ੁਕਰਾਨਾ ਕਰਦੇ ਹੋਏ ਢੇਰ ਸਾਰੀਆਂ ਦੁਆਵਾਂ ਦਿੰਦਾ ਹੈ ਜਿਹੜੀਆਂ ਕਿ ਇਨਸਾਨ ਦੇ ਚੰਗੇ ਕਰਮਾਂ ਨਾਲ ਜੁੜ ਜਾਂਦੀਆਂ ਹਨ। ਅਜਿਹੇ ਹੀ ਇੱਕ ਨਈਅਰ ਪਰਵਾਰ ਵੱਲੋਂ ਗਰੀਬ ਲਾਚਾਰ ਪਰਵਾਰਾਂ ਨੂੰ ਇੱਕ ਮਹੀਨੇ ਦਾ ਰਾਸ਼ਨ ਸਮੱਗਰੀ ਭੇਟ ਕਰਨ ਲਈ ਇੱਕ ਸਾਦੇ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਤੀਸ਼ ਨਈਅਰ ਮਿੰਕੀ, ਅਮਿਤ ਨਈਅਰ ਅਤੇ ਮੈਡਮ ਬਬੀਤਾ ਨਈਅਰ ਵਿਸ਼ੇਸ਼ ਤੌਰ 'ਤੇ ਸਾਮਿਲ ਹੋਏ। ਇਸ ਮੌਕੇ ਸਤੀਸ਼ ਨਈਅਰ ਮਿੰਕੀ ਨੇ ਕਿਹਾ ਕਿ ਕਿਸੇ ਵੀ ਲਾਚਾਰ ਜ਼ਰਤਮੰਦ ਗਰੀਬ ਪਰਵਾਰ ਦੀ ਸਹਾਇਤਾ ਕਰਨ ਨਾਲ ਜਿਥੇ ਉਨ੍ਹਾਂ ਲੋਕਾਂ ਨੂੰ ਦੋ ਵਕਤ ਦੀ ਰੋਟੀ ਨਸੀਬ ਹੋ ਜਾਂਦੀ ਹੈ,ਉੱਥੇ ਉਨ੍ਹਾਂ ਪਰਵਾਰਾਂ ਦੇ ਬਜ਼ੁਰਗਾਂ ਦੀਆਂ ਅਸੀਸਾਂ ਵੀ ਮਿਲਦੀਆਂ ਹਨ ਜਿਹੜੀਆਂ ਕਿ ਪਰਮ ਪਿਤਾ ਪ੍ਰਮੇਸ਼ਵਰ ਦੇ ਘਰ ਵਿੱਚ ਪਰਵਾਨ ਹੁੰਦੀਆਂ ਹਨ ਅਤੇ ਪਰਮ ਪਿਤਾ ਪ੍ਰਮੇਸ਼ਵਰ ਉਨ੍ਹਾਂ ਦੀ ਨੇਕ ਕਮਾਈ ਵਿੱਚ ਹੋਰ ਬਰਕਤਾਂ ਦੀ ਬਖ਼ਸ਼ਿਸ਼ ਕਰਦਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਲੜਕਾ ਅਸੀਸ ਨਈਅਰ ਅਮਰੀਕਾ ਨਿਵਾਸੀ ਵੱਲੋਂ ਗਰੀਬੀ ਰੇਖਾ ਤੋਂ ਹੇਠਾਂ ਰਹਿ



ਰਹੇ ਗਰੀਬ ਲਾਚਾਰ ਪਰਵਾਰਾਂ ਨੂੰ ਹਰ ਮਹੀਨੇ ਸਹਾਇਤਾ ਵਜੋਂ ਰਾਸ਼ਨ ਸਮੱਗਰੀ ਭੇਟ ਕਰਨ ਲਈ 2017 ਤੋਂ ਆਪਣੀ ਕਿਰਤ ਕਮਾਈ ਦਾ ਕੁਝ ਪੈਸਾ ਭੇਜ ਰਿਹਾ ਹੈ ਜਿਸ ਸਦਕਾ ਛੋਟੇ ਲੜਕੇ ਅਮਿਤ ਨਈਅਰ ਦੇ ਸਹਿਯੋਗ ਨਾਲ ਸਾਡੇ ਪਰਵਾਰ ਵੱਲੋਂ ਅੱਜ ਇਹ 73ਵਾਂ ਰਾਸ਼ਨ ਵੰਡ ਸਮਾਰੋਹ ਆਯੋਜਿਤ ਕੀਤਾ ਗਿਆ ਹੈ, ਜਿਸ 'ਚ ਗਰੀਬ ਜ਼ਰੂਰਤਮੰਦ ਪਰਵਾਰਾਂ ਨੂੰ ਰਾਸ਼ਨ ਸਮੱਗਰੀ ਦਿੱਤੀ ਗਈ ਤਾਂ ਕਿ ਉਨ੍ਹਾਂ ਨੂੰ ਕੁਝ ਕੁ ਤਾਂ ਰਾਹਤ ਮਿਲ ਸਕੇ। ਅਮਿਤ ਨਈਅਰ ਅਤੇ ਬਬੀਤਾ ਨਈਅਰ ਨੇ ਕਿਹਾ ਕਿ ਜੇਕਰ ਹਰ ਪਰਵਾਸੀ ਭਾਰਤੀ ਲੋੜਵੰਦ ਗਰੀਬ ਪਰਵਾਰਾਂ ਦੀ ਸਹਾਇਤਾ ਕਰਨ ਤਾਂ ਜਿਥੇ ਇਨ੍ਹਾਂ ਗਰੀਬਾਂ ਦੇ ਚੁੱਲ੍ਹੇ ਰੋਜ਼ਾਨਾ ਬਲਦੇ ਰਹਿਣਗੇ ਉਥੇ ਇਲਾਕੇ ਦੇ ਲੋਕਾਂ ਨੂੰ ਵੀ ਅਜਿਹੀ ਸਹਾਇਤਾ ਕਰਨ ਦੀ ਪ੍ਰੇਰਨਾ ਮਿਲ ਸਕਦੀ ਹੈ। ਉਨ੍ਹਾਂ ਕਿਹਾ ਕਿ ਸਾਡੇ ਪਰਵਾਰ ਵੱਲੋਂ ਲਾਚਾਰ ਬੇਸਹਾਰਾ ਗਰੀਬ ਪਰਵਾਰਾਂ ਦੀਆਂ ਲੜਕੀਆਂ ਦੀ ਸ਼ਾਦੀ ਦੇ ਮੌਕੇ ਉਨਾਂ ਨੂੰ ਹਰ ਪੱਖੋਂ ਸਹਾਇਤਾ ਮੁਹੱਈਆ ਕਰਵਾਈ ਜਾਂਦੀ ਹੈ ਤਾਂ ਜੋ ਕਿਸੇ ਵੀ ਗਰੀਬ ਪਰਵਾਰ ਨੂੰ ਲੜਕੀ ਦੀ ਸ਼ਾਦੀ ਦੇ ਮੌਕੇ 'ਤੇ ਕਿਸੇ ਵੀ ਪ੍ਰਕਾਰ ਦੀ ਮੁਸ਼ਕਲ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਲਾਕੇ ਦੀਆਂ ਸਮਾਜਕ ਤੇ ਧਾਰਮਕ ਸੰਸਥਾਵਾਂ ਨੂੰ ਪੁਰਜ਼ੋਰ ਅਪੀਲ ਕੀਤੀ ਕਿ ਉਹ ਸਮਾਜ ਭਲਾਈ ਕਾਰਜਾਂ ਦੇ ਨਾਲ-ਨਾਲ ਗਰੀਬਾਂ ਨੂੰ ਰਾਸ਼ਨ ਸਮੱਗਰੀ ਵੀ ਭੇਟ ਕਰਨ ਤਾਂ ਜੋ ਪੰਜਾਬੀ ਸੱਭਿਅਤਾ ਨੂੰ ਕਾਇਮ ਰੱਖਿਆ ਜਾ ਸਕੇ। ਸਮਾਰੋਹ ਦੇ ਆਖੀਰ 'ਚ ਨਈਅਰ ਪਰਵਾਰ ਵੱਲੋਂ 80 ਗਰੀਬ ਪਰਵਾਰਾਂ ਨੂੰ ਇਕ ਮਹੀਨੇ ਦਾ ਰਾਸ਼ਨ ਸਮੱਗਰੀ ਭੇਟ ਕਰਕੇ ਅਗਾਂਹ ਤੋਂ ਵੀ ਹਰ ਪ੍ਰਕਾਰ ਦੀ ਸਹਾਇਤਾ ਕਰਨ ਦਾ ਭਰੋਸਾ ਦਿੱਤਾ।

# ਰਾਜਪੂਤ ਭਾਈਚਾਰੇ ਨੂੰ ਬੀ ਸੀ ਕੈਟਾਗਰੀ 'ਚੋਂ ਕੱਢਿਆ ਜਾਵੇ : ਫੁਗਲਾਣਾ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਵਿਸ਼ਵ ਦੋਆਬਾ ਰਾਜਪੂਤ ਸਭਾ ਪੰਜਾਬ ਦੀ ਹੰਗਾਮੀ ਮੀਟਿੰਗ ਬਲਵੀਰ ਸਿੰਘ ਫੁਗਲਾਣਾ ਦੀ ਰਹਿਨੁਮਾਈ ਹੇਠ ਪਿੰਡ ਫੁਗਲਾਣਾ ਦੇ ਫੋਕਲ ਪੁਆਇੰਟ ਵਿਖੇ ਹੋਈ, ਜਿਸ ਵਿੱਚ ਵੱਖ ਵੱਖ ਮੁੱਦਿਆਂ ਤੋਂ ਇਲਾਵਾ ਸ਼੍ਰੋਮਣੀ ਅਕਾਲੀ ਦਲ ਵੱਲੋਂ ਆਪਣੀ ਸੌੜੀ ਸਿਆਸਤ ਅਤੇ ਵੋਟਾਂ ਦੀ ਖਾਤਰ ਸਮੁੱਚੇ ਸਿੱਖ ਰਾਜਪੂਤ ਭਾਈਚਾਰੇ ਨੂੰ ਬੀ ਸੀ ਕੈਟਾਗਰੀ ਪਾ ਦਿੱਤਾ



ਸੀ, ਜਿਸ ਦਾ ਸਮੂਹ ਭਾਈਚਾਰਾ ਅੱਜ ਤੱਕ ਵਿਰੋਧ ਕਰਦਾ ਆ ਰਿਹਾ ਹੈ। ਅਤੇ ਹੁਣ ਵੀ ਜ਼ਿਲ੍ਹੇਵਾਰ ਪੰਜਾਬ ਦੇ ਸਾਰੇ ਡਿਪਟੀ ਕਮਿਸ਼ਨਰ ਸਾਹਿਬ ਪੰਜਾਬ ਸਰਕਾਰ ਦੇ ਵਿਧਾਇਕ ਅਤੇ ਸੰਬੰਧਤ ਸੋਸ਼ਲ ਵੈਲਫੇਅਰ ਮੰਤਰੀ ਬੀਬੀ ਬਲਜੀਤ ਕੌਰ ਨੂੰ ਵੀ ਆਪਣਾ ਪੱਖ ਰੱਖ ਚੁੱਕੇ ਹਾਂ ਅਤੇ ਆਉਣ ਵਾਲੇ ਦਿਨਾਂ ਵਿੱਚ ਪੰਜਾਬ ਦੇ ਮੁੱਖ ਮੰਤਰੀ ਕੋਲ ਵੀ ਇਹ ਮੁੱਦਾ ਉਠਾਇਆ ਜਾਵੇਗਾ। ਜੇਕਰ ਸਰਕਾਰ ਨੇ ਸਾਡੀ ਇਸ ਮੰਗ ਵੱਲ ਧਿਆਨ ਨਾ ਦਿੱਤਾ ਜਾਂ ਸਮੁੱਚੇ ਭਾਈਚਾਰੇ ਨੂੰ ਬੀ ਸੀ ਕੈਟਾਗਰੀ ਵਿੱਚੋਂ ਨਾ ਕੱਢਿਆ ਗਿਆ ਤਾਂ ਸਮੁੱਚੇ ਭਾਈਚਾਰੇ ਵੱਲੋਂ ਸਰਕਾਰ ਖਿਲਾਫ ਸਖਤ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਅੱਜ ਦੀ ਅਹਿਮ ਮੀਟਿੰਗ ਵਿੱਚ ਹੋਰਨਾਂ ਤੋਂ ਇਲਾਵਾ ਫਤਿਹ ਸਿੰਘ ਪਰਹਾਰ, ਜਸਪਾਲ ਸਿੰਘ ਪਰਮਾਰ ਚੇਅਰਮੈਨ, ਬਲਵੀਰ ਸਿੰਘ ਫੁਗਲਾਣਾ ਪ੍ਰਧਾਨ, ਸੁਖਜੀਤ ਸਿੰਘ ਪਰਮਾਰ ਸੀਨੀਅਰ ਵਾਈਸ ਪ੍ਰਧਾਨ, ਉਂਕਾਰ ਸਿੰਘ ਮਿਨਹਾਸ ਜਨਰਲ ਸਕੱਤਰ, ਰਵਿੰਦਰ ਸਿੰਘ ਪਰਮਾਰ ਜ਼ਿਲ੍ਹਾ ਪ੍ਰਧਾਨ ਕਪੂਰਥਲਾ, ਬਲਵਿੰਦਰ ਸਿੰਘ ਕਾਲਰਾ, ਈਸਰ ਸਿੰਘ ਨਰੂੜ, ਸੁਖਵਿੰਦਰ ਸਿੰਘ ਡਰੋਲੀ ਖੁਰਦ, ਬਲਵਿੰਦਰ ਸਿੰਘ ਜਸਵਾਲ ਭਾਮ, ਸਤਵੀਰ ਸਿੰਘ ਪਰਮਾਰ ਬਿਜੋਂ, ਅਵਤਾਰ ਸਿੰਘ ਡਾਡੀਆ, ਗਿਰਧਾਰਾ ਸਿੰਘ ਕਾਲਰਾ, ਮੰਨਾ ਸਿੰਘ ਰਾਮਾਂਮੰਡੀ, ਤਰਸੇਮ ਸਿੰਘ ਚੁਖਿਆਰਾ, ਹਰਦਮ ਸਿੰਘ ਜਲਵੇਹੜਾ ਸ਼ਾਮਲ ਹੋਏ।

# ਤੇਜ਼ਧਾਰ ਹਥਿਆਰਾਂ ਦੀ ਨੋਕ 'ਤੇ ਸ਼ੋਅਰੂਮ ਦੇ ਮਾਲਕ ਨੂੰ ਬਣਾਇਆ ਲੁੱਟ ਦਾ ਸ਼ਿਕਾਰ

**ਮੇਹਟੀਆਣਾ, (ਜਗਤਾਰ ਸਿੰਘ ਭੁੰਗਰਨੀ)**

ਥਾਣਾ ਮੇਹਟੀਆਣਾ ਅਧੀਨ ਹੁਸ਼ਿਆਰਪੁਰ-ਫਗਵਾੜਾ ਮੁੱਖ ਮਾਰਗ 'ਤੇ ਸਥਿਤ ਅੱਡਾ ਅਹਿਰਾਣਾ ਖੁਰਦ ਵਿਖੇ ਹਥਿਆਰਬੰਦ ਪੰਜ ਲੁਟੇਰੇ ਰੈਡੀਮੇਡ ਕੱਪੜੇ ਦੇ ਸ਼ੋਅਰੂਮ 'ਤੇ ਬੀਤੀ ਰਾਤ ਲੁੱਟ ਦੀ ਘਟਨਾ ਨੂੰ ਅੰਜਾਮ ਦੇ ਕੇ ਫਰਾਰ ਹੋ ਗਏ। ਲੁੱਟ ਦਾ ਸ਼ਿਕਾਰ ਹੋਏ ਸ਼ਿਵ ਸ਼ਕਤੀ ਮਾਰਕਿਟ ਅਹਿਰਾਣਾ ਖੁਰਦ ਵਿਖੇ ਰੈਡੀਮੇਡ ਕੱਪੜੇ ਦੇ ਸ਼ੋਅਰੂਮ ਦੇ ਮਾਲਕ ਬਾਬਾ ਸੁਲਿੰਦਰਪਾਲ ਵਾਸੀ ਅਹਿਰਾਣਾ ਖੁਰਦ ਨੇ ਦੱਸਿਆ ਕਿ ਲਗਭਗ ਇੱਕ ਮਹੀਨਾ ਪਹਿਲਾਂ ਉਨ੍ਹਾਂ ਨੇ ਰੈਡੀਮੇਡ ਕੱਪੜੇ ਦਾ ਸ਼ੋਅਰੂਮ ਖੋਲ੍ਹਿਆ ਸੀ। ਬੀਤੀ ਰਾਤ 6:30 ਵਜੇ ਦੇ ਕਰੀਬ ਉਹ ਆਪਣੇ ਪੋਤੇ ਮਹੇਸ਼ ਕੁਮਾਰ ਤੇ ਕਰਿੰਦੇ ਰਵਿੰਦਰਪਾਲ ਦੇ ਨਾਲ ਸ਼ੋਅਰੂਮ ਵਿੱਚ ਮੌਜੂਦ ਸੀ। ਪੰਜ ਵਿਅਕਤੀ ਇੱਕੋ ਸਮੇਂ ਗਾਹਕ ਬਣ ਕੇ ਉਨ੍ਹਾਂ ਦੇ ਸ਼ੋਅਰੂਮ ਅੰਦਰ ਦਾਖਲ ਹੋਏ। ਜਿਨ੍ਹਾਂ ਵਿੱਚੋਂ ਇੱਕ ਨੇ ਚਾਦਰ ਦੀ ਬੁੱਕਲ ਮਾਰੀ ਹੋਈ ਸੀ। ਪੰਜੇ ਵਿਅਕਤੀ ਕੱਪੜੇ ਪਸੰਦ ਕਰਨ ਲੱਗੇ ਇਧਰ ਓਧਰ ਵੀ ਝਾਕਦੇ ਰਹੇ। ਕੁਝ ਕੁ ਕੱਪੜੇ ਪਸੰਦ ਕਰ ਕੇ ਉਹ ਕਾਊਂਟਰ 'ਤੇ ਆ ਗਏ ਅਤੇ ਪਸੰਦ ਕੀਤੇ ਕੱਪੜਿਆਂ ਦਾ ਰੇਟ ਬਣਾਉਣ ਲੱਗੇ। ਉਨ੍ਹਾਂ ਵਿੱਚੋਂ ਇੱਕ ਨੇ ਕਿਹਾ ਕਿ ਪੈਸੇ ਗੂਗਲ ਪੇ ਕਰਨਗੇ। ਏਨੇ ਨੂੰ ਚਾਦਰ ਦੀ ਬੁੱਕਲ ਮਾਰੀ ਵਿਅਕਤੀ ਨੇ ਪਿਸਤੌਲ ਕੱਢ ਕੇ ਸ਼ੋਅਰੂਮ ਦੇ ਮਾਲਕ ਵੱਲ ਤਾਣਿਆ ਤੇ ਕਿਹਾ ਕਿ ਸਾਰਾ ਕੈਸ਼ ਕੱਢਦੇ। ਜਦੋਂ ਮਾਲਕ ਹਰਕਤ ਵਿੱਚ ਆਇਆ ਤਾਂ ਗਾਹਕ ਬਣ ਕੇ ਆਏ ਬਾਕੀ ਲੁਟੇਰਿਆਂ ਨੇ ਵੀ ਆਪਣੀਆਂ ਪਹਿਨੀਆਂ ਹੋਈਆਂ ਜਾਕਟਾਂ ਵਿੱਚੋਂ ਤੇਜ਼ਧਾਰ ਹਥਿਆਰ ਕੱਢ ਲਏ। ਜਿਨ੍ਹਾਂ ਨੇ ਮਾਲਕ ਦੇ ਪੋਤੇ ਅਤੇ ਕਰਿੰਦੇ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ। ਲੁਟੇਰੇ ਮਾਲਕ ਦੀ ਜੇਬ ਵਿੱਚੋਂ ਪੰਜ ਹਜ਼ਾਰ ਰੁਪਏ ਦੇ ਕਰੀਬ ਨਗਦੀ ਤੇ ਗੁੱਟਾਂ ਵਿੱਚ ਪਹਿਨੇ ਹੋਏ ਬਰੈਸਲੇਟ ਜਿਨ੍ਹਾਂ ਵਿੱਚੋਂ ਇੱਕ ਚਾਂਦੀ ਅਤੇ ਦੂਸਰਾ ਪਿੱਤਲ ਅਤੇ ਗਲੇ 'ਚ ਪਹਿਨੀ ਹੋਈ ਚਾਂਦੀ ਦੀ ਚੇਨੀ ਸਮੇਤ ਲੋਕਟ ਲੁੱਟ ਕੇ ਰਫੂ-ਚੱਕਰ ਹੋ ਗਏ। ਸ਼ੋਅਰੂਮ ਦੇ ਮਾਲਕ ਨੇ ਇਸ ਘਟਨਾ ਸੰਬੰਧੀ ਪੁਲਸ ਹੈਲਪਲਾਈਨ ਨੰਬਰ 'ਤੇ ਫੋਨ ਕਰਕੇ ਸੂਚਨਾ ਦਿੱਤੀ। ਕੁਝ ਸਮੇਂ ਬਾਅਦ ਥਾਣਾ ਮੇਹਟੀਆਣਾ ਦੀ ਪੁਲਸ ਨੇ ਘਟਨਾ ਵਾਲੀ ਥਾਂ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਜਾਂਚ ਅਧਿਕਾਰੀ ਏ.ਐਸ.ਆਈ ਵਿਜੇ ਕੁਮਾਰ ਤੇ ਏ.ਐਸ.ਆਈ ਯੋਧਾ ਸਿੰਘ ਨੇ ਕਿਹਾ ਕਿ ਆਸ ਪਾਸ ਦੇ ਕੈਮਰਿਆਂ ਦੀ ਫੁਟੇਜ ਖੰਗਾਲੀ ਜਾ ਰਹੀ ਹੈ। ਜਲਦੀ ਹੀ ਲੁਟੇਰਿਆਂ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਲੁੱਟ ਦੀ ਘਟਨਾ ਨੂੰ ਅੰਜਾਮ ਦੇਣ ਵਾਲੇ ਲੁਟੇਰਿਆਂ ਦੀ ਉਮਰ 25 ਤੋਂ 30 ਸਾਲ ਦੇ ਦਰਮਿਆਨ ਦੱਸੀ ਜਾ ਰਹੀ ਹੈ। ਲੁੱਟ ਦੀ ਇਸ ਘਟਨਾ ਕਾਰਨ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਹੈ।

# ਖੁਸ਼ਹਾਲੀ ਦੀ ਕਾਮਨਾ ਕਰਦੇ ਕੀਤਾ ਨਵੇਂ ਸਾਲ ਦਾ ਸਵਾਗਤ



**ਜਲੰਧਰ, (ਇਕਬਾਲ ਸਿੰਘ ਉੱਭੀ) :** ਨਵੇਂ ਸਾਲ ਦਾ ਸਵਾਗਤ ਕਰਦੇ ਹੋਏ ਅਤੇ ਸਭ ਦੀ ਉੱਨਤੀ ਦੀ ਕਾਮਨਾ ਕਰਦੇ ਹੋਏ ਸੇਂਟ ਸੋਲਜਰ ਗਰੁੱਪ ਆਫ਼ ਇੰਸਟੀਚਿਊਸ਼ਨ ਵੱਲੋਂ ਪੀ ਪੀ ਆਰ ਮਾਲ 'ਚ ਗੇਮ ਆਲ ਇੰਡੀਆ 'ਚ ਨਿਊ ਯੀਅਰ ਸੇਲੀਬਰੇਸ਼ਨ ਕੀਤੀ ਗਈ। ਜਿਸ ਵਿੱਚ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਵਿਸ਼ੇਸ਼ ਰੂਪ 'ਚ ਮੌਜੂਦ ਹੋਏ। ਇਸ ਮੌਕੇ ਉੱਤੇ ਚੇਅਰਮੈਨ ਅਨਿਲ ਚੋਪੜਾ, ਵਾਈਸ ਚੇਅਰਪਰਸਨ ਸੰਗੀਤਾ ਚੋਪੜਾ ਨੇ ਮੈਨੇਜਿੰਗ ਡਾਇਰੈਕਟਰਸ ਕਰਨਲ ਆਰ ਕੇ ਖੰਨਾ, ਪ੍ਰੋ.ਮਨਹਰ ਅਰੋੜਾ, ਸਾਰੇ ਕਾਲਜਾਂ ਅਤੇ ਸਕੂਲਾਂ ਦੇ ਡਾਇਰੈਕਟਰਸ, ਪ੍ਰਿੰਸੀਪਲਸ ਨੇ ਨਾਲ ਕੇਕ ਕੱਟਦੇ ਹੋਏ ਇੱਕ ਦੂੱਜੇ ਦਾ ਮੂੰਹ ਮਿੱਠਾ ਕਰਵਾਇਆ ਅਤੇ ਨਵੇਂ ਸਾਲ ਦੀ ਵਧਾਈ ਦਿੱਤੀ। ਇਸ ਇਲਾਵਾ ਸਾਰਿਆਂ ਨੇ ਨਵੇਂ ਸਾਲ ਦੇ ਸੰਕਲਪ ਲੈਂਦੇ ਹੋਏ ਉਨ੍ਹਾਂ ਨੂੰ ਪੂਰਾ ਕਰਨ ਲਈ ਮਿਹਨਤ ਅਤੇ ਲਗਨ ਦੀ ਸਹੁੰ ਲਈ। ਚੋਪੜਾ ਅਤੇ ਸ਼੍ਰੀਮਤੀ ਚੋਪੜਾ ਨੇ ਸਾਰੇ ਵਿਦਿਆਰਥੀਆਂ, ਸਟਾਫ ਅਤੇ ਮੈਨੇਜਮੇਂਟ ਨੂੰ ਨਵੇਂ ਸਾਲ ਦੀ ਵਧਾਈ ਦਿੰਦੇ ਹੋਏ ਕਾਮਨਾ ਕੀਤੀ ਕਿ ਨਵਾਂ ਸਾਲ ਸਭ ਲਈ ਖੁਸ਼ੀ ਅਤੇ ਤਰੱਕੀ ਲੈ ਕੇ ਆਏ।

# ਕਾਮਰੇਡ ਧੰਨਾ ਸਿੰਘ ਫੌਜੀ ਦਾ ਪਾਰਟੀ ਸਨਮਾਨਾਂ ਨਾਲ ਕੀਤਾ ਸਸਕਾਰ

**ਬਹਿਰਾਮ (ਅਵਤਾਰ ਕਲੇਰ)** -ਸੀ ਪੀ ਆਈ ਐਮ ਦੇ ਪੁਰਾਣੇ ਆਗੂ ਧੰਨਾ ਸਿੰਘ ਫੌਜੀ (76) ਪਿੰਡ ਤਲਵੰਡੀ ਜੱਟਾਂ ਦਾ ਦਿਲ ਦਾ ਦੌਰਾ ਪੈਣ ਕਰਕੇ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਪਤਨੀ, ਤਿੰਨ ਲੜਕੀਆਂ ਅਤੇ ਇਕ ਲੜਕਾ ਛੱਡ ਗਏ। ਉਨ੍ਹਾਂ ਦੇ ਪਿੰਡ ਵਿਖੇ ਪਾਰਟੀ ਸਨਮਾਨਾਂ ਨਾਲ ਸਸਕਾਰ ਕੀਤਾ ਗਿਆ। ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਲਾਲ ਝੰਡਾ ਪਾਇਆ ਗਿਆ। ਸੀ ਪੀ ਆਈ ਐਮ ਦੇ ਸੂਬਾ ਸਕੱਤਰ ਮੈਂਬਰ ਰਾਮ ਸਿੰਘ ਨੂਰਪੁਰੀ, ਸੂਬਾ ਕਮੇਟੀ ਮੈਂਬਰ ਜਤਿੰਦਰਪਾਲ ਸਿੰਘ,ਤਹਿਸੀਲ ਸਕਤੱਰ ਕੁਲਦੀਪ ਝਿੰਗੜ,ਜੁਗਿੰਦਰ ਲੜੋਆ, ਸਰਾਧੂ ਰਾਮ ਤਜੋਆਲ, ਦਲਜੀਤ ਸਿੰਘ ਗੁਣਾਚੌਰ, ਪਾਰਟੀ ਵਰਕਰ,ਰਿਸ਼ਤੇਦਾਰ ਅਤੇ ਪਿੰਡ ਨਿਵਾਸੀ ਹਾਜਰ ਸਨ। ਸੀ ਪੀ ਆਈ ਐਮ ਦੇ ਸੂਬਾ ਸਕੱਤਰ ਕਾਮਰੇਡ ਸੁਖਵਿੰਦਰ ਸਿੰਘ ਸੇਖੋਂ, ਜ਼ਿਲ੍ਹਾ ਸਕੱਤਰ ਬਲਬੀਰ ਸਿੰਘ ਜਾਡਲਾ,ਚਰਨਜੀਤ ਸਿੰਘ ਦੌਲਤਪੁਰ, ਦਿਲਬਾਗ ਸਿੰਘ ਕੰਗਣਾ, ਮਹਾਂ ਸਿੰਘ ਰੌੜੀ,ਜਨਵਾਦੀ ਇਸਤਰੀ ਸਭਾ ਦੇ ਸੂਬਾ ਸਕੱਤਰ ਹਰਪ੍ਰੀਤ ਕੌਰ ਚਬਾਲ,ਸੂਬਾ ਪ੍ਰਧਾਨ ਆਸ਼ਾ ਰਾਣਾ,ਸੁਭਾਸ਼ ਮੱਟੂ,ਕ੍ਰਿਸ਼ਨਾ ਕੁਮਾਰੀ,ਸਦਾ ਰਾਣੀ ਆਦਿ ਨੇ ਪਰਿਵਾਰ ਨਾਲ ਦੁੱਖ ਪ੍ਰਗਟ ਕੀਤਾ ਅਤੇ ਦਿਲੀ ਹਮਦਰਦੀ ਪ੍ਰਗਟ ਕੀਤੀ। ਅੰਤਿਮ ਅਰਦਾਸ ਸੋਗ ਸਭਾ 6 ਜਨਵਰੀ ਨੂੰ 12 ਵਜੇ ਪਿੰਡ ਤਲਵੰਡੀ ਜੱਟਾਂ ਵਿਖੇ ਹੋਵੇਗੀ।

# ਪ੍ਰਿੰਸੀਪਲ ਨਿਰਮਲਾ ਕੁਮਾਰੀ ਨੂੰ ਸੇਵਾ-ਮੁਕਤੀ 'ਤੇ ਨਿੱਘੀ ਵਿਦਾਇਗੀ



**ਜਲੰਧਰ (ਰਾਜੇਸ਼ ਥਾਪਾ)**

ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਮੁੰਡੇ) ਭਾਰਗੋ ਨਗਰ ਜਲੰਧਰ ਦੀ ਪ੍ਰਿੰਸੀਪਲ ਸ੍ਰੀਮਤੀ ਨਿਰਮਲਾ ਕੁਮਾਰੀ ਨੂੰ ਉਨ੍ਹਾਂ ਦੀ ਸੇਵਾ ਮੁਕਤੀ ਦੇ ਮੌਕੇ 'ਤੇ ਸਮੁੱਚੇ ਸਟਾਫ ਵੱਲੋਂ ਨਿੱਘੀ ਵਿਦਾਇਗੀ ਦਿੱਤੀ ਗਈ। ਲੈਕਚਰਾਰ ਪਰਮਜੀਤ ਸਿੰਘ ਨੇ ਦੱਸਿਆ ਪ੍ਰਿੰਸੀਪਲ ਸ੍ਰੀਮਤੀ ਨਿਰਮਲਾ ਕੁਮਾਰੀ ਨੇ ਲੱਗਭਗ 28 ਸਾਲ 3 ਮਹੀਨੇ ਸਿੱਖਿਆ ਦੇ ਖੇਤਰ ਵੱਡਮੁੱਲਾ ਯੋਗਦਾਨ ਪਾਇਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ ਭਾਰਗੋ ਕੈਂਪ ਵਿੱਚ ਆਉਣ ਤੋਂ ਵੱਖ ਵੱਖ ਸਕੂਲਾਂ ਵਿੱਚ ਬੱਚਿਆਂ ਨੂੰ ਬੜੀ ਸ਼ਿੱਦਤ ਅਤੇ ਲਗਨ ਨਾਲ ਪੜ੍ਹਾਇਆ ਅਤੇ ਉਨ੍ਹਾਂ ਨੂੰ ਇਸ ਕਦਰ ਬਣਾਇਆ ਕਿ ਉਹ ਆਪਣੇ ਕਿਸੇ ਵੀ ਖੇਤਰ ਵਿਚ ਆਪਣਾ ਵਡਮੁੱਲਾ ਯੋਗਦਾਨ ਪਾ ਸਕਣ। ਮਾਸਟਰ ਬਲਜੀਤ ਕੁਮਾਰ ਨੇ ਦੱਸਿਆ ਕਿ ਪ੍ਰਿੰਸੀਪਲ ਨਿਰਮਲਾ ਕੁਮਾਰੀ ਨੇ ਬਤੌਰ ਪ੍ਰਿੰਸੀਪਲ ਵੱਖ-ਵੱਖ ਸਕੂਲਾਂ ਵਿੱਚ 11 ਸਾਲ 5 ਮਹੀਨੇ ਸੇਵਾ ਨਿਭਾਈ। ਭਾਰਗਵ ਨਗਰ ਨਿਵਾਸੀ ਬੜੇ ਭਾਗਾਂ ਵਾਲੇ ਸਨ। ਜਦੋ ਇਸ ਸਕੂਲ ਬਤੌਰ ਪ੍ਰਿੰਸੀਪਲ ਡਿਊਟੀ ਸੰਭਾਲੀ ਹੈ। ਉਨ੍ਹਾਂ ਨੇ ਸਕੂਲ ਦੀ ਮੈਨੇਜਮੈਂਟ ਕਮੇਟੀ ਦੇ ਮੈਂਬਰਾਂ ਦੇ ਸਹਿਯੋਗ ਨਾਲ ਸਿੱਖਿਆ ਵਿਭਾਗ ਵੱਲੋਂ ਪ੍ਰਾਪਤ ਵੱਖ-ਵੱਖ ਗ੍ਰਾਂਟਾਂ ਖਰਚ ਕੇ ਸਕੂਲ ਨੂੰ ਹਰ ਪੱਖੋਂ ਸਕੂਲ ਦੀ ਬੇਹਤਰੀ ਲਈ ਕੰਮ ਕੀਤੇ। ਸਕੂਲ ਵਿੱਚ ਭਾਵੇਂ ਸਇਸ ਮੇਲਾ ਹੋਵੇ ਜਾਂ ਮੈਥ ਮੇਲਾ ਜੋ ਵੀ ਸਿੱਖਿਆ ਵਿਭਾਗ ਦੀਆਂ ਹਦਾਇਤਾ ਅਨੁਸਾਰ ਲਗਾਉਣ ਵਿੱਚ ਆਪਣੇ ਅਧਿਆਪਕਾਂ ਦੇ ਸਹਿਯੋਗ ਨਾਲ ਸਫਲਤਾ ਪੂਰਨ ਨੇਪੜੇ ਚਾੜ੍ਹਿਆ। ਸਕੂਲ ਵਿੱਚ ਦਾਖਲੇ ਦੇ ਵਾਧੇ ਵਿਚ ਹਮੇਸ਼ਾ ਆਪਣਾ ਯੋਗਦਾਨ ਪਾਇਆ। ਪ੍ਰਿੰਸੀਪਲ ਨਿਰਮਲਾ ਕੁਮਾਰੀ ਨੇ ਸਕੂਲ ਦੇ ਸਮੁੱਚੇ ਸਟਾਫ ਅਤੇ ਸਕੂਲ ਮੈਨੇਜਮੈਂਟ ਕਮੇਟੀ ਅਤੇ ਇਲਾਕਾ ਨਿਵਾਸੀਆਂ ਵੱਲੋਂ ਮਿਲੇ ਸਹਿਯੋਗ ਲਈ ਵਿਸ਼ੇਸ਼ ਧੰਨਵਾਦ ਕੀਤਾ। ਸਮੁੱਚੇ ਸਟਾਫ ਵੱਲੋਂ ਪ੍ਰਿੰਸੀਪਲ ਨਿਰਮਲਾ ਕੁਮਾਰੀ ਨੂੰ ਯਾਦਗਾਰੀ ਚਿੰਨ੍ਹ ਦੇ ਸਨਮਾਨਿਤ ਕੀਤਾ ਗਿਆ। ਇਸ ਮੌਕੇ 'ਤੇ ਮੈਡਮ ਹਰਜੀਤ ਕੌਰ, ਮੈਡਮ ਕੁਸਮ ਲਤਾ, ਮੈਡਮ ਪ੍ਰੇਮ ਲਤਾ, ਮਾਸਟਰ ਪਰਮਜੀਤ ਸਿੰਘ, ਯੋਗੇਸ਼ ਨੰਦਾ, ਮੈਡਮ ਆਸ਼ਾ ਰਾਣੀ, ਵਿਨੇ ਅਰੋੜਾ, ਮੀਨੂੰ ਅਰੋੜਾ, ਮੈਡਮ ਸੋਨੀਆ ਕੁਮਾਰੀ, ਮੈਡਮ ਮੀਨੂੰ ਡੋਗਰਾ, ਗੌਰਵ ਮਲਹੋਤਰਾ, ਸੁਦੇਸ਼ ਕੁਮਾਰੀ ਨੇ ਨਿੱਘੀ ਵਿਦਾਇਗੀ ਦਿੱਤੀ।

# ਦਵਿੰਦਰ ਸਨੀ ਦੀ ਅਵਾਜ਼ 'ਚ ਪੰਜਾਬੀ ਗੀਤ 'ਈਚ ਅਦਰ' ਹੋਇਆ ਲਾਂਚ

**ਬੰਗਾ (ਪੱਤਰ ਪ੍ਰੇਰਕ) :** ਯਾਰ ਆਨ ਕਾਰ ਨਾਮੀ ਮਿਊਜ਼ਿਕ ਕੰਪਨੀ ਵੱਲੋਂ ਪੰਜਾਬੀ ਸੰਗੀਤ ਪ੍ਰੇਮੀਆਂ ਲਈ ਨਵੇਂ ਸਾਲ ਦੇ ਤੋਹਫੇ ਵਜੋਂ ਇੱਕ ਨਵਾਂ ਪੰਜਾਬੀ ਗੀਤ ਈਚ ਅਦਰ ਲਾਂਚ ਕਰ ਦਿੱਤਾ ਗਿਆ। ਯੂ ਟਿਊਬ 'ਤੇ ਕੰਪਨੀ ਦੇ ਨਾਮ ਤਹਿਤ ਚੱਲ ਰਹੇ ਚੈਨਲ 'ਤੇ ਇਸ ਗੀਤ ਨੂੰ ਵੇਖਿਆ ਜਾ ਸਕਦਾ ਹੈ। ਬੰਗਾ ਵਾਸੀ ਪੰਜਾਬੀ ਗਾਇਕ ਦਵਿੰਦਰ ਸਨੀ ਦੀ ਅਵਾਜ਼ ਵਿੱਚ ਗਾਇਆ ਗਿਆ ਇਹ ਗੀਤ ਨਾਮੀ ਲੇਖਕ ਰਾਜ ਹੀਉਂ ਵੱਲੋਂ ਲਿਖਿਆ ਗਿਆ ਹੈ ਅਤੇ ਇਸ ਗੀਤ ਨੂੰ ਸੰਗੀਤ ਦਾ ਬੀ ਐੱਮ ਵੱਲੋਂ ਹੈ। ਇਸ ਗੀਤ ਦਾ ਨਿਰਦੇਸ਼ਕ ਸੁਮਿਤ ਸੰਮੀ ਹਨ ਅਤੇ ਇਸ ਦਿਨ ਫਿਲਮਾਂਕਣ ਸ਼ੁਭਮ ਮਹਿਰਾ ਨੇ ਕੀਤਾ ਹੈ। ਗੀਤ ਈਚ ਅਦਰ ਦਾ ਪੋਸਟਰ ਜਾਰੀ ਕਰਦੇ ਹੋਏ ਕੰਪਨੀ ਮਾਲਕ ਸੰਜੇ ਸ਼ਰਮਾ ਅਤੇ ਰਾਮ ਚੋਪੜਾ ਨੇ ਦੱਸਿਆ ਕਿ ਇਹ ਇੱਕ ਰੋਮਾਂਟਿਕ ਗੀਤ ਹੈ, ਇਸ ਦਾ ਫਿਲਮਾਂਕਣ ਕਰਦੇ ਹੋਏ ਇਹ ਧਿਆਨ ਵਿਸ਼ੇਸ਼ ਤੌਰ 'ਤੇ ਰੱਖਿਆ ਗਿਆ ਹੈ ਕਿ ਇਸ ਨੂੰ ਪਰਵਾਰ ਦੇ ਸਾਰੇ ਮੈਂਬਰ ਇਕੱਠਿਆਂ ਬੈਠ ਕੇ ਵੇਖ ਸਕਣ। ਰਾਮ ਚੋਪੜਾ ਅਨੁਸਾਰ ਕੰਪਨੀ ਵੱਲੋਂ ਇਸ ਗੀਤ ਦੀ ਪ੍ਰੀ ਵੈਡਿੰਗ ਸਾਂਗ ਵਜੋਂ ਵਰਤੋਂ ਕਰਨ ਲਈ ਕਿਸੇ ਤਰ੍ਹਾਂ ਦੀ ਕੋਈ ਬੰਦਸ਼ ਨਹੀਂ ਰੱਖੀ ਗਈ ਹੈ। ਕੰਪਨੀ ਯਾਰ ਆਨ ਕਾਰ ਨੂੰ ਆਸ ਹੈ ਕਿ ਪੰਜਾਬੀ ਸੰਗੀਤ ਪ੍ਰੇਮੀ ਇਸ ਪਰਵਾਰਕ ਗੀਤ ਨੂੰ ਭਰਵਾਂ ਹੁੰਗਾਰਾ ਦੇਣਗੇ। ਇਸ ਮੌਕੇ ਗਾਇਕ ਦਵਿੰਦਰ ਸੰਨੀ, ਮਾਸਟਰ ਰਾਜ ਹੀਉਂ, ਵਿਵੇਕ ਪਾਲ ਆਦਿ ਹਾਜ਼ਰ ਸਨ।

# ਬੀ ਡੀ ਪੀ ਓ ਦਫਤਰ 'ਚ ਲੱਡੂ ਵੰਡ ਕੇ ਦਿੱਤੀ ਨਵੇਂ ਸਾਲ ਦੀ ਵਧਾਈ




**ਫਗਵਾੜਾ (ਡਾ. ਰਮਨ)**

ਬੀ ਡੀ ਪੀ ਓ ਦਫਤਰ ਫਗਵਾੜਾ ਵਿਖੇ ਪੰਚਾਇਤ ਸਕੱਤਰ ਯੂਨੀਅਨ ਅਤੇ ਪੰਚਾਇਤ ਯੂਨੀਅਨ ਬਲਾਕ ਫਗਵਾੜਾ ਵੱਲੋਂ ਨਵੇਂ ਸਾਲ ਦੀ ਖੁਸ਼ੀ ਵਿੱਚ ਲੱਡੂ ਵੰਡੇ ਗਏ। ਇਸ ਮੌਕੇ ਪੰਚਾਇਤ ਸਕੱਤਰ ਯੂਨੀਅਨ ਦੇ ਜ਼ਿਲ੍ਹਾ ਕੈਸ਼ੀਅਰ ਮਲਕੀਤ ਚੰਦ ਕੰਗ ਅਤੇ ਪੰਚਾਇਤ ਯੂਨੀਅਨ ਦੇ ਪ੍ਰਧਾਨ ਗੁਲਜ਼ਾਰ ਸਿੰਘ ਸਰਪੰਚ ਅਕਾਲਗੜ੍ਹ ਨੇ ਪ੍ਰਮਾਤਮਾ ਅੱਗੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸਮੂਹ ਹਾਜ਼ਰੀਨ ਨੂੰ ਨਵੇਂ ਸਾਲ ਦੀ ਵਧਾਈ ਦਿੱਤੀ। ਉਨ੍ਹਾ ਕਿਹਾ ਕਿ ਨਵੇਂ ਸਾਲ 'ਚ ਪਿੰਡਾਂ ਦੇ ਵਿਕਾਸ ਨੂੰ ਪੂਰੀ ਤਨਦੇਹੀ ਨਾਲ ਕਰਵਾਇਆ ਜਾਵੇਗਾ। ਜਿਨ੍ਹਾਂ ਪਿੰਡਾਂ ਵਿੱਚ ਵਿਕਾਸ ਦੇ ਕੰਮ ਅਧੂਰੇ ਪਏ ਹਨ, ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ। ਉਨ੍ਹਾ ਸਮੂਹ ਪੰਚਾਇਤਾਂ ਨੂੰ ਅਪੀਲ ਕੀਤੀ ਕਿ ਵਿਕਾਸ ਦੇ ਕੰਮਾਂ ਨੂੰ ਬਿਨਾਂ ਕਿਸੇ ਭੇਦਭਾਵ ਤੋਂ ਪਾਰਦਰਸ਼ਤਾ ਨਾਲ ਨੇਪਰੇ ਚਾੜ੍ਹਿਆ ਜਾਵੇ। ਇਸ ਮੌਕੇ ਸੁਲੱਖਣ ਸਿੰਘ ਟੀ ਸੀ, ਬਿੰਦਰ ਸਿੰਘ ਰਾਵਲਪਿੰਡੀ ਏ ਸੀ ਪੀ ਓ, ਜਸਕਰਨ ਵਰਮਾ ਟੀ ਏ, ਸੁਰਿੰਦਰ ਪਾਲ ਸਿੰਘ ਏ ਪੀ ਓ, ਦੇਸਰਾਜ ਝੱਲੀ ਸਰਪੰਚ ਭਾਣੋਕੀ, ਆਗਿਆਪਾਲ ਸਿੰਘ ਸਰਪੰਚ ਖਲਵਾੜਾ, ਤਲਵਿੰਦਰ ਸਿੰਘ ਭੁੱਲਰ ਜੀ ਆਰ ਐਸ ਰੋਸ਼ਨੀ ਜੀ ਆਰ ਐਸ, ਰਮਨਦੀਪ ਕੁਮਾਰੀ ਜੀ ਆਰ ਐਸ ਤੋਂ ਇਲਾਵਾ ਹਰਮੇਸ਼ ਸਿੰਘ ਫਤਿਹਗੜ੍ਹ, ਬੀਬੀ ਸੰਤੋਸ਼ ਕੁਮਾਰੀ ਸਰਪੰਚ ਜਗਤਪੁਰ ਜੱਟਾਂ, ਸੋਮਨਾਥ ਸਰਪੰਚ ਕ੍ਰਿਪਾਲਪੁਰ ਕਲੋਨੀ, ਹੈੱਪੀ ਪੰਚ ਸੰਗਤਪੁਰ, ਠੇਕੇਦਾਰ ਜੋਗੀ ਲਾਲ, ਠੇਕੇਦਾਰ ਸਿਮਰ ਕੁਮਾਰ, ਪੁਸ਼ਪਿੰਦਰ ਠੇਕੇਦਾਰ, ਮੇਹਟ ਧੰਨਪਤ ਰਾਏ, ਨਰਿੰਦਰ ਕੌਰ, ਸੁਖਵਿੰਦਰ ਕੌਰ, ਨੀਲਮ ਰਾਣੀ, ਉਮੇਸ਼, ਸੁਰਜੀਤ ਕੁਮਾਰ ਆਦਿ ਹਾਜ਼ਰ ਸਨ।

# ਚੌਲਾਂਗ ਟੋਲ ਪਲਾਜਾ ਵਿਖੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ

**ਭੋਗਪੁਰ-(ਗੁਰਪ੍ਰੀਤ ਸਿੰਘ ਭੋਗਲ)** -ਨਵੇਂ ਸਾਲ ਦੀ ਆਮਦ 'ਤੇ ਵਾਹਿਗੁਰੂ ਦੇ ਸ਼ੁਕਰਾਨੇ ਤੇ ਸਰਬੱਤ ਦੀ ਭਲੇ ਦੀ ਅਰਦਾਸ ਲਈ ਭੋਗਪੁਰ ਨੇੜੇ ਚੌਲਾਂਗ ਟੋਲ ਪਲਾਜਾ ਵਿਖੇ ਸ੍ਰੀ ਸੁਖਮਨੀ ਸਾਹਿਬ ਪਾਠ ਕਰਵਾਏ ਗਏ। ਇਸ ਮੌਕੇ ਟੋਲ ਪਲਾਜਾ ਦੇ ਲਾਇਨਜ ਮੈਨੇਜਰ ਹਰਵਿੰਦਰ ਪਾਲ ਸਿੰਘ ਨੇ ਦੱਸਿਆ ਸਮੂਹ ਸਟਾਫ਼ ਵੱਲੋਂ ਮਿਲ ਕੇ ਗੁਰੂ ਮਹਾਰਾਜ ਦੀ ਕਿਰਪਾ ਦੇ ਨਾਲ ਹਰੇਕ ਸਾਲ ਸਮੂਹ ਸਟਾਫ ਅਤੇ ਸਰਬੱਤ ਦੇ ਭਲੇ ਲਈ ਪਾਠ ਕਰਵਾਏ ਜਾਂਦੇ ਹਨ। ਇਸ ਮੌਕੇ ਭਾਈ ਗੁਰਦੀਪ ਸਿੰਘ ਅਤੇ ਭਾਈ ਗੁਰਦਿਆਲ ਸਿੰਘ ਰਸੀਆ ਨੇ ਰਸਭਿੰਨਾ ਕੀਰਤਨ ਕੀਤਾ ਅਤੇ ਸਭ ਸੰਗਤਾਂ ਨੇ ਗੁਰੂ ਦੀ ਨਿੱਘੀ ਗੋਦ ਵਿੱਚ ਬੈਠ ਕੇ ਕੀਰਤਨ ਦਾ ਆਨੰਦ ਮਾਣਿਆ। ਗੁਰੂ ਕਾ ਲੰਗਰ ਵੀ ਅਤੁੱਟ ਵਰਤਾਇਆ ਗਿਆ। ਇਸ ਮੌਕੇ ਸੁਖਦੀਪ ਸਿੰਘ, ਸਤਨਾਮ ਸਿੰਘ, ਜਸਪਾਲ ਸਿੰਘ, ਮਨਦੀਪ ਸਿੰਘ, ਹਰਵਿੰਦਰ ਸਿੰਘ, ਪ੍ਰਿਤਪਾਲ ਸਿੰਘ, ਨਰਿੰਦਰ ਸਿੰਘ, ਆਜਾਦ ਸਿੰਘ, ਤਿਲਕ ਰਾਜ, ਮਨਜਿੰਦਰ ਸਿੰਘ, ਮਨਜੀਤ ਸਿੰਘ, ਤਰਸੇਮ ਸਿੰਘ, ਉਂਕਾਰ ਸਿੰਘ, ਤੇਜਪਾਲ ਸਿੰਘ, ਗੁਰਪ੍ਰੀਤ ਸਿੰਘ, ਚਰਨਜੀਤ ਸਿੰਘ ਸਤਵਿੰਦਰ ਸੱਤੀ ਹੋਰ ਆਦਿ ਸ਼ਾਮਲ ਸਨ।



# ਪੰਜਾਬ ਸਰਕਾਰ ਨੇ ਕੀਤੀ ਸਾਬਕਾ ਮੁੱਖ ਮੰਤਰੀ ਨੂੰ ਘੇਰਨ ਦੀ ਤਿਆਰੀ

**ਸ੍ਰੀ ਚਮਕੌਰ ਸਾਹਿਬ (ਕੁਲਵਿੰਦਰ ਕਾਲਾ)**

ਹਲਕਾ ਵਿਧਾਇਕ ਡਾ. ਚਰਨਜੀਤ ਸਿੰਘ ਨੇ ਕਿਹਾ ਕਿ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਦਾਸਤਾਨ ਏ ਸ਼ਹਾਦਤ ਥੀਮ ਪਾਰਕ ਦੇ ਉਦਘਾਟਨ ਸਮੇਂ ਵੱਡਾ ਘੁਟਾਲਾ ਕੀਤਾ ਹੈ, ਕਿਉਂਕਿ ਉਨ੍ਹਾ ਇਕ ਕਰੋੜ 47 ਲੱਖ ਰੁਪਏ ਦਾ ਬਿੱਲ ਪੰਜਾਬ ਸਰਕਾਰ ਦੇ ਖਾਤੇ ਵਿੱਚ ਪਾਇਆ ਹੈ। ਉਨ੍ਹਾ ਕਿਹਾ ਕਿ ਉਦਘਾਟਨ ਸਮੇਂ ਲਗਭਗ 200 ਵਿਅਕਤੀਆਂ ਦਾ ਖਾਣਾ ਤਿਆਰ ਕੀਤਾ ਗਿਆ ਸੀ, ਫਿਰ ਇੱਕ ਕਰੋੜ 47 ਲੱਖ ਰੁਪਏ ਦਾ ਬਿੱਲ ਇਸ ਸਮਾਗਮ ਦਾ ਕਿਵੇਂ ਬਣ ਗਿਆ? ਉਨ੍ਹਾ ਇਸ ਘੁਟਾਲੇ ਦੀ ਜਾਂਚ ਕਰਨ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ। ਉਨ੍ਹਾ ਕਿਹਾ ਕਿ ਪਿਛਲੀਆਂ ਚੋਣਾਂ ਦੌਰਾਨ ਚੰਨੀ ਨੇ ਅਪਣੇ ਹਲਫੀਆ ਬਿਆਨ ਵਿੱਚ ਪੌਣੇ ਪੰਜ ਕਰੋੜ ਦੀ ਜਾਇਦਾਦ ਦਿਖਾਈ ਹੈ ਜਦਕਿ ਉਨ੍ਹਾਂ ਦੇ ਮਹਿਲ ਖਰੜ ਅਤੇ ਮੋਰਿੰਡੇ ਵਿੱਚ ਸਥਿਤ ਹਨ ਅਤੇ ਇਹ ਦੋਵੇਂ ਹੀ ਲਗਭਗ ਦਸ ਕਰੋੜ ਰੁਪਏ ਦੇ ਬਣਦੇ ਹਨ ਅਤੇ ਇਸ ਤੋਂ ਇਲਾਵਾ ਹੋਰ ਵੀ ਜਾਇਦਾਦ ਬਣਾਈ ਹੋਈ ਹੈ, ਜਿਸ ਦੀ ਜਾਂਚ



ਹੋਣੀ ਚਾਹੀਦੀ ਹੈ। ਇਸ ਮੌਕੇ ਉਨ੍ਹਾ ਨਾਲ ਹੋਰਨਾਂ ਤੋਂ ਇਲਾਵਾ ਪੀ ਏ ਬਰਿੰਦਰ ਸਿੰਘ, ਐੱਨ ਪੀ ਰਾਣਾ, ਕੌਂਸਲਰ ਸੁਖਵੀਰ ਸਿੰਘ, ਜੁਝਾਰ ਸਿੰਘ, ਬੱਬੂ ਸਲੇਮਪੁਰ, ਬਲਵਿੰਦਰ ਸਿੰਘ ਭੱਕੂਮਾਜਰਾ ਅਤੇ ਆਦਿ ਹਾਜ਼ਰ ਸਨ।

# ਵਾਲੀਬਾਲ ਟੂਰਨਾਮੈਂਟ 'ਚ ਜਗਦੇਵ ਕਲਾਂ ਦੀ ਟੀਮ ਰਹੀ ਜੇਤੂ



**ਅੱਡਾ ਸਰਾਂ , (ਕਾਜਲ)**

ਖੁਸ਼ਦਿਲ ਸਪੋਰਟਸ ਕਲੱਬ ਵੱਲੋਂ ਪਿੰਡ ਦਰੀਆ ਵਿਖੇ ਕਰਵਾਏ ਦੋ ਰੋਜਾ ਰਾਜ ਪੱਧਰੀ ਵਾਲੀਬਾਲ ਟੂਰਨਾਮੈਂਟ 'ਚ ਜਗਦੇਵ ਕਲਾ ਦੀ ਟੀਮ ਜੇਤੂ ਰਹੀ। ਸਰਪੰਚ ਦਮਨਦੀਪ ਸਿੰਘ ਬਿੱਲਾ ਦੀ ਅਗਵਾਈ ਵਿਚ ਕਰਵਾਏ ਗਏ ਇਸ ਟੂਰਨਾਮੈਂਟ ਦਾ ਉਦਘਾਟਨ ਮੁੱਖ ਮਹਿਮਾਨ ਸੰਤ ਬਾਬਾ ਮੱਖਣ ਸਿੰਘ ਨਿਰਮਲੇ ਨੇ ਕੀਤਾ। ਇਸ ਮੌਕੇ ਚੇਅਰਮੈਨ ਨਗਰ ਸੁਧਾਰ ਟਰੱਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ ਵੀ ਮੌਜੂਦ ਸਨ । ਟੂਰਨਾਮੈਂਟ ਵਿਚ 45 ਟੀਮਾਂ ਨੇ ਵੀ ਸ਼ਾਨਦਾਰ ਪ੍ਰਦਰਸ਼ਨ ਕੀਤਾ। ਫਾਈਨਲ ਮੈਚ ਵਿਚ ਜਗਦੇਵ ਕਲਾਂ ਦੀ ਟੀਮ ਨੇ ਦਰੀਆ ਦੀ ਟੀਮ ਨੂੰ ਹਰਾਇਆ। ਕੰਧਾਲਾ ਜੱਟਾਂ ਦੀ ਟੀਮ ਤੀਜੇ ਸਥਾਨ 'ਤੇ ਰਹੀ। ਬਾਬਾ ਜਗਦੇਵ ਕਲਾਂ ਅਤੇ ਹੈਪੀ ਖੋਖਰ ਨੂੰ ਸਰਵੋਤਮ ਖਿਡਾਰੀ ਚੁਣਿਆ ਗਿਆ। ਜੇਤੂ ਟੀਮਾਂ ਨੂੰ ਇਨਾਮ ਦਿੰਦੇ ਹੋਏ ਮੁੱਖ ਮਹਿਮਾਨ ਵਿਧਾਇਕ ਜਸਵੀਰ ਸਿੰਘ ਰਾਜਾ ਨੇ ਕਲੱਬ ਵੱਲੋਂ ਖੇਡਾਂ ਅਤੇ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ। ਇਸ ਮੌਕੇ ਵਿਸ਼ਵਨਾਥ ਬੰਟੀ, ਬਿਕਰਮਜੀਤ ਸਿੰਘ ਲਾਲੀ, ਰਾਕੇਸ਼ ਵੋਹਰਾ, ਪ੍ਰਧਾਨ ਅਸ਼ਵਨੀ, ਸੁਖਵਿੰਦਰ ਜੀਤ ਸਿੰਘ ਝਾਵਰ, ਨਾਇਬ ਤਹਿਸੀਲਦਾਰ ਓਂਕਾਰ ਸਿੰਘ, ਪਰਮਵੀਰ ਪੰਮਾ, ਗੁਰਵੀਰ ਚੌਟਾਲਾ, ਸ਼ਿੰਦਾ ਨਿਜਾਮਦੀਨਪੁਰ, ਪ੍ਰਿਥੀ ਬੱਲ, ਪਰਵਿੰਦਰ ਸ਼ਹਿਬਾਜਪੁਰ, ਮਨੀ ਗਿੱਲ, ਦੀਪਕ ਬਹਿਲ, ਹੈਪੀ ਬਸਤੀ, ਲੱਬਾ ਜਹੂਰਾ, ਕਮਲਜੀਤ ਇਟਲੀ, ਇੰਦਰਜੀਤ ਲਾਡੀ, ਅਮਰਜੀਤ ਸਿੰਘ, ਜਗਦੀਪ ਲਾਂਬੜਾ, ਸੰਦੀਪ ਸੀਕਰੀ, ਧੀਰਾ ਗਿੱਲ, ਗੋਪੀ ਰੰਗੀਲਾ, ਹਰਦੀਪ ਰੰਧਾਵਾ, ਲਾਲੀ ਨਰਵਾਲ ਆਦਿ ਹਾਜ਼ਰ ਸਨ।

# ਡੀ ਟੀ ਐੱਫ ਦੇ ਵਫਦ ਵੱਲੋਂ ਬੈਂਸ ਨਾਲ਼ ਪ੍ਰਮੁੱਖ ਮੰਗਾਂ 'ਤੇ ਮੀਟਿੰਗ, ਮਿਲਿਆ ਹਾਂ-ਪੱਖੀ ਹੁੰਗਾਰਾ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਡੈਮੋਕ੍ਰੇਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਦੇ ਵਫ਼ਦ ਵੱਲੋਂ ਸੂਬਾ ਪ੍ਰਧਾਨ ਵਿਕਰਮ ਦੇਵ ਸਿੰਘ ਦੀ ਅਗਵਾਈ ਵਿੱਚ ਅਧਿਆਪਕ ਮੰਗਾਂ ਸਬੰਧੀ ਸਿੱਖਿਆ ਮੰਤਰੀ ਪੰਜਾਬ ਹਰਜੋਤ ਬੈਂਸ ਨਾਲ਼ ਪ੍ਰਮੁੱਖ ਮੰਗਾਂ 'ਤੇ ਮੀਟਿੰਗ ਹੋਈ, ਜਿਸ ਦੌਰਾਨ ਡੀ.ਜੀ.ਐੱਸ.ਈ. ਵਰਿੰਦਰ ਸ਼ਰਮਾ, ਡੀ.ਪੀ.ਆਈ. (ਸੈ:ਸਿੱ:) ਤੇਜਦੀਪ ਸੈਣੀ ਅਤੇ ਡੀ.ਟੀ.ਐੱਫ. ਦੇ ਜਨਰਲ ਸਕੱਤਰ ਮੁਕੇਸ਼ ਕੁਮਾਰ, ਵਿੱਤ ਸਕੱਤਰ ਅਸ਼ਵਨੀ ਅਵਸਥੀ, ਮੀਤ ਪ੍ਰਧਾਨ ਜਸਵਿੰਦਰ ਔਜਲਾ ਅਤੇ ਓ.ਡੀ.ਐੱਲ. ਯੂਨੀਅਨ (3442, 7654) ਦੇ ਪ੍ਰਧਾਨ ਬਲਜਿੰਦਰ ਗਰੇਵਾਲ ਮੌਜੂਦ ਰਹੇ। ਇਸ ਸੰਬੰਧੀ ਜਾਣਕਾਰੀ ਦਿੰਦਿਆ ਡੀ.ਟੀ.ਐੱਫ. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ, ਇੰਦਰ ਸੁਖਦੀਪ ਸਿੰਘ ਓਢਰਾ, ਮਨਜੀਤ ਸਿੰਘ ਦਸੂਹਾ ਅਤੇ ਰੇਸ਼ਮ ਸਿੰਘ ਧੁੱਗਾ ਆਦਿ ਆਗੂਆਂ ਨੇ ਦੱਸਿਆ ਕਿ ਪ੍ਰਮੁੱਖ ਮਾਮਲਿਆਂ 'ਤੇ ਸਿੱਖਿਆ ਮੰਤਰੀ ਦਾ ਰਵਈਆ ਭਾਵੇਂ ਕਿ ਹਾਂ ਪੱਖੀ ਰਿਹਾ ਹੈ, ਪ੍ਰੰਤੂ ਠੋਸ ਨਤੀਜੇ ਸਾਹਮਣੇ ਆਉਣ ਤੋਂ ਬਾਅਦ ਪਹਿਲਾਂ ਐਲਾਨੇ ਸੰਘਰਸ਼ਾਂ ਬਾਰੇ ਫੈਸਲਾ ਕੀਤਾ ਜਾਵੇਗਾ। ਆਗੂਆਂ ਨੇ ਦੱਸਿਆ ਕਿ 3442, 7654, 5178 ਵਿਭਾਗੀ ਭਰਤੀਆਂ ਦੇ ਓਪਨ ਡਿਸਟੈਂਸ ਲਰਨਿੰਗ ਨਾਲ਼ ਸਬੰਧਿਤ ਕੱਚੇ ਅਧਿਆਪਕਾਂ ਦੇ ਕਈ ਸਾਲ ਤੋਂ ਪੈਂਡਿੰਗ ਰੈਗੂਲਰ ਆਰਡਰ ਜਾਰੀ ਕਰਨ ਦੇ ਮਾਮਲੇ ਦੇ ਹੱਲ ਪ੍ਰਤੀ ਸਿੱਖਿਆ ਮੰਤਰੀ ਨੇ ਸਹਿਮਤੀ ਪ੍ਰਗਟ ਕੀਤੀ ਹੈ ਅਤੇ ਲਗਾਤਾਰ ਰਾਬਤੇ 'ਚ ਰਹਿਣ ਦਾ ਭਰੋਸਾ ਦਿੱਤਾ ਗਿਆ ਹੈ। 180 ਈ.ਟੀ.ਟੀ. ਅਧਿਆਪਕਾਂ 'ਤੇ ਮੁੱਢਲੀ ਭਰਤੀ (4500 ਈ.ਟੀ.ਟੀ.) ਦੇ ਸਾਲ 2016 ਤੋਂ ਪੈਂਡਿੰਗ ਸਾਰੇ ਲਾਭ ਬਹਾਲ ਕਰਨ 'ਤੇ ਜਲਦ ਫੈਸਲਾ ਲੈਣ ਦਾ ਭਰੋਸਾ ਦਿੱਤਾ ਹੈ। ਇਸੇ ਤਰ੍ਹਾਂ ਸਾਲ 2018 ਦੇ ਮਾਰੂ ਸੇਵਾ ਨਿਯਮਾਂ ਤਹਿਤ ਲਾਗੂ ਵਿਭਾਗੀ ਪ੍ਰੀਖਿਆ ਦੀ ਸ਼ਰਤ ਰੱਦ ਕਰਨ ਦਾ ਮਾਮਲਾ ਵਿਚਾਰ ਅਧੀਨ ਹੋਣ ਦੀ ਗੱਲ ਆਖੀ ਗਈ ਹੈ। ਸਿੱਖਿਆ ਮੰਤਰੀ ਵੱਲੋਂ ਦੱਸਿਆ ਗਿਆ ਕਿ ਈ.ਟੀ.ਟੀ. ਤੋਂ ਮਾਸਟਰ ਕਾਡਰ ਦੀ ਕਈ ਸਾਲ ਤੋਂ ਜਾਮ ਹੋਈਆਂ ਤਰੱਕੀਆਂ ਦੀ ਪ੍ਰਕ੍ਰਿਆ ਜਲਦ ਸ਼ੁਰੂ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਟੀਚਿੰਗ ਤੇ ਨਾਨ ਟੀਚਿੰਗ ਦੀਆਂ ਬਾਕੀ ਸਾਰੀਆਂ ਪੈਂਡਿੰਗ ਤਰੱਕੀਆਂ ਮੁਕੰਮਲ ਵੀ ਜਲਦ ਮੁਕੰਮਲ ਕਰਨ ਦਾ ਭਰੋਸਾ ਦਿੱਤਾ



ਗਿਆ। ਮਾਸਟਰ ਤੇ ਲੈਕਚਰਾਰ ਕਾਡਰ ਦੀਆਂ ਸੀਨੀਆਰਤਾ ਸੂਚੀਆਂ 'ਚ ਰਹਿੰਦੇ ਨਾਂਅ ਸ਼ਾਮਿਲ ਕਰਨ, ਰਹਿੰਦੀਆਂ ਵਿਕਟੇਮਾਈਜੇਸ਼ਨਾਂ ਰੱਦ ਕਰਨ, 5178 ਅਧਿਆਪਕਾਂ ਨਾਲ ਹੋਇਆ ਪੱਖਪਾਤ ਦੂਰ ਕਰਨ ਲਈ ਨਵੰਬਰ 2017 ਤੋਂ ਪੂਰੇ ਸਕੇਲ ਅਨੁਸਾਰ ਬਕਾਇਆ ਦੇਣ, 8886 ਅਧਿਆਪਕਾਂ ਨੂੰ ਮਿਤੀ 1 ਅਪ੍ਰੈਲ 2018 ਤੋਂ ਪੂਰਾ ਬਕਾਇਆ ਤੇ ਸੀਨੀਆਰਤਾ ਤਹਿ ਕਰਨ ਦੀ ਮਾਮਲਿਆਂ ਸਬੰਧੀ ਜਥੇਬੰਦੀ ਵੱਲੋਂ ਦਲੀਲਪੂਰਨ ਢੰਗ ਨਾਲ਼ ਗੱਲ ਰੱਖੀ ਗਈ। ਸਿੱਖਿਆ ਮੰਤਰੀ ਵੱਲੋਂ ਵਿਕਟੇਮਾਈਜੇਸ਼ਨਾਂ ਤੇ ਸੀਨੀਆਰਤਾ ਸੂਚੀਆਂ ਸਬੰਧੀ ਡੀ.ਜੀ.ਐੱਸ.ਈ. ਨੂੰ ਜਥੇਬੰਦੀ ਨਾਲ਼ ਮੀਟਿੰਗ ਕਰਨ ਅਤੇ ਸਾਰਥਕ ਹੱਲ ਕੱਢਣ ਦੀ ਹਦਾਇਤ ਕੀਤੀ ਗਈ ਹੈ। ਵੱਖ-ਵੱਖ ਕਾਡਰਾਂ ਦੀਆਂ ਨਵੀਆਂ ਭਰਤੀਆਂ ਦੀ ਪ੍ਰਕ੍ਰਿਆ ਪੂਰੀ ਕਰਨ, ਕੰਪਿਊਟਰ ਅਧਿਆਪਕਾਂ 'ਤੇ ਤਨਖਾਹ ਕਮਿਸ਼ਨ ਤੇ ਸੇਵਾ ਨਿਯਮ ਲਾਗੂ ਕਰਦਿਆਂ ਵਿਭਾਗੀ ਮਰਜ਼ਿੰਗ ਕਰਨ, ਕੱਚੇ ਅਧਿਆਪਕਾਂ ਦੀ ਰੈਗੂਲਰਾਇਜੇਸ਼ਨ ਪ੍ਰਕ੍ਰਿਆ ਤੇਜ਼ ਕਰਨ ਤੇ ਰਹਿੰਦੇ ਅਧਿਆਪਕਾਂ ਨੂੰ ਵੀ ਰੈਗੂਲਰ ਕਰਨ, ਨਿੱਜੀਕਰਨ ਤੇ ਕੇਂਦਰੀਕਰਨ ਪੱਖੀ ਨਵੀਂ ਸਿੱਖਿਆ ਨੀਤੀ ਲਾਗੂ ਕਰਨ ਦੀ ਥਾਂ ਪੰਜਾਬ ਦੀ ਆਪਣੀ ਸਿੱਖਿਆ ਨੀਤੀ ਘੜਣ, ਦੂਰ ਦੁਰਾਡੇ ਕੰਮ ਕਰਦੇ ਅਧਿਆਪਕਾਂ ਨੂੰ ਬਿਨਾਂ ਸ਼ਰਤ ਬਦਲੀ ਦਾ ਮੌਕਾ ਦੇਣ, ਵੱਖ-ਵੱਖ ਸ਼ਰਤਾਂ ਕਾਰਨ ਪੁਰਾਣੇ ਸਟੇਸ਼ਨਾਂ 'ਤੇ ਹੀ ਡੈਪੂਟੇਸ਼ਨ ਅਧੀਨ ਅਧਿਆਪਕਾਂ ਦੀ ਬਦਲੀ ਹਕੀਕੀ ਰੂਪ ਵਿੱਚ ਲਾਗੂ ਕਰਨ ਅਤੇ ਬਦਲੀ ਕੈਂਸਲ ਦੀ ਆਪਸ਼ਨ ਦੇਣ ਦੀ ਮੰਗ ਨੂੰ ਵੀ ਜਥੇਬੰਦੀ ਵੱਲੋਂ ਸਿੱਖਿਆ ਮੰਤਰੀ ਅੱਗੇ ਰੱਖਿਆ ਗਿਆ ਹੈ। ਇੱਕ ਕਲਰਕ ਨੂੰ ਇੱਕ ਸਕੂਲ ਦਾ ਹੀ ਚਾਰਜ ਦੇਣ, ਬੀ.ਪੀ.ਈ.ਓ. ਦਫਤਰਾਂ ਵਿੱਚ ਸ਼ਿਫਟ ਕੀਤੇ 228 ਪੀ.ਟੀ.ਆਈ. ਨੂੰ ਵਾਪਸ ਪਿੱਤਰੀ ਸਕੂਲਾਂ ਵਿੱਚ ਭੇਜਣ, ਬੀ.ਐੱਲ.ਓ. ਡਿਊਟੀਆਂ ਅਤੇ ਪੜ੍ਹੋ ਪੰਜਾਬ ਪ੍ਰੋਜੈਕਟ ਤਹਿਤ ਕੰਮ ਕਰਦੇ ਅਧਿਆਪਕਾਂ ਨੂੰ ਫਾਰਗ ਕਰਕੇ ਕੇਵਲ ਪੜ੍ਹਾਉਣ ਦਾ ਕਾਰਜ ਦੇਣ, ਬੰਦ ਕੀਤਾ ਪੇਂਡੂ ਇਲਾਕਾ ਭੱਤਾ, ਬਾਰਡਰ ਭੱਤਾ, ਏ.ਸੀ.ਪੀ. ਦਾ ਲਾਭ, ਪੁਰਾਣੀ ਪੈਨਸ਼ਨ ਪ੍ਰਣਾਲੀ ਅਤੇ 17 ਜੁਲਾਈ 2020 ਤੋਂ ਬਾਅਦ ਲਾਗੂ ਨਵੇਂ ਤਨਖਾਹ ਸਕੇਲਾਂ ਦੀ ਥਾਂ ਪੰਜਾਬ ਤਨਖਾਹ ਸਕੇਲ ਬਹਾਲ ਕਰਨ ਅਤੇ 1558 ਹੈਡ ਟੀਚਰਾਂ ਅਤੇ 375 ਸੈਂਟਰ ਹੈਡ ਟੀਚਰਾਂ ਦੀਆਂ ਮੰਗਾਂ ਸਬੰਧੀ ਸਿੱਖਿਆ ਮੰਤਰੀ ਨੂੰ ਮੰਗ ਪੱਤਰ ਦਿੱਤਾ ਗਿਆ ਹੈ। ਇਸ ਮੌਕੇ ਅਸ਼ਨੀ ਕੁਮਾਰ, ਮਨਜੀਤ ਸਿੰਘ ਬਾਬਾ, ਵਰਿੰਦਰ ਸੈਣੀ, ਰਾਕੇਸ਼ ਕੁਮਾਰ, ਬਲਕਾਰ ਪੁਰੀਕਾ, ਗੁਰਜਿੰਦਰ ਮੰਝਪੁਰ, ਨੰਦ ਰਾਮ, ਬਲਜੀਤ ਮਹਿਮੋਵਾਲ, ਹਰਿੰਦਰ ਸਿੰਘ, ਜਰਨੈਲ ਸਿੰਘ, ਰਮੇਸ਼ ਬੱਗਾ, ਜਸਵਿੰਦਰ ਝਿੰਗੜ ਅਤੇ ਬਲਵਿੰਦਰ ਸਿੰਘ ਆਦਿ ਅਧਿਆਪਕ ਆਗੂ ਵੀ ਹਾਜ਼ਰ ਸਨ।

3-JAN-PAGE-10.qxd 1/2/2023 10:40 PM Page 1



# ਵਿਧਾਇਕ ਵੱਲੋਂ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਬੱਸ ਟਰਮੀਨਲ ਦਾ ਉਦਘਾਟਨ

## ਪੰਜਾਬ ਸਰਕਾਰ ਵੱਲੋਂ 3.73 ਕਰੋੜ ਦੀ ਲਾਗਤ ਨਾਲ ਬਣਿਆ ਆਧੁਨਿਕ ਬੱਸ ਅੱਡਾ ਲੋਕਾਂ ਨੂੰ ਸਮਰਪਤ



**ਖੰਨਾ (ਸੁਖਵਿੰਦਰ ਸਿੰਘ ਭਾਦਲਾ, ਪਰਮਿੰਦਰ ਸਿੰਘ ਮੋਨੂੰ)**

ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਵਿਧਾਨ ਸਭਾ ਹਲਕਾ ਖੰਨਾ ਦੇ ਲੋਕਾਂ ਨੂੰ ਨਵੇਂ ਸਾਲ 'ਤੇ ਵੱਡਾ ਤੋਹਫਾ ਦਿੰਦਿਆਂ ਖੰਨਾ ਵਿਖੇ ਮਹਾਰਾਜਾ ਜੱਸਾ ਸਿੰਘ ਰਾਮਗੜ੍ਹੀਆ ਜੀ ਦੇ ਨਾਮ 'ਤੇ 3 ਕਰੋੜ 73 ਲੱਖ ਰੁਪਏ ਦੀ ਲਾਗਤ ਨਾਲ ਬਣਿਆ ਅਧੁਨਿਕ ਬੱਸ ਅੱਡਾ ਲੋਕਾਂ ਨੂੰ ਸਮਰਪਤ ਕੀਤਾ, ਜਿਸ ਦਾ ਉਦਘਾਟਨ ਵਿਧਾਨ ਸਭਾ ਹਲਕਾ ਖੰਨਾ ਦੇ ਵਿਧਾਇਕ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਵੱਲੋਂ ਕੀਤਾ ਗਿਆ।

ਵਿਧਾਇਕ ਸ੍ਰੀ ਤਰੁਨਪ੍ਰੀਤ ਸਿੰਘ ਸੌਂਦ ਨੇ ਕਿਹਾ ਕਿ ਇਸ ਬੱਸ ਅੱਡੇ ਦਾ ਫਾਇਦਾ ਸਫਰ ਕਰਨ ਵਾਲੇ ਆਮ ਲੋਕਾਂ ਨੂੰ ਹੋਵੇਗਾ। ਉਨ੍ਹਾ ਕਿਹਾ ਕਿ ਇਹ ਬੱਸ ਅੱਡਾ 12 ਕਾਊਂਟਰ, ਕੰਟੀਨ, ਵੇਟਿੰਗ ਰੂਮ, ਸਟਾਫ ਰੂਮ, ਇੰਨਕੁਆਰੀ ਰੂਮ, ਟਿਕਟ ਕਾਊਂਟਰ, ਮਾਡਰਨ ਬਾਥਰੂਮ, ਅੱਡਾ ਫੀਸ ਰੂਮ ਤੇ ਅੱਗ ਬਝਾਓ ਯੰਤਰ ਆਦਿ ਸਹੂਲਤਾਂ ਨਾਲ ਲੈੱਸ ਹੈ। ਉਨ੍ਹਾ ਕਿਹਾ ਕਿ ਹੁਣ ਖੰਨਾ ਆਉਣ-ਜਾਣ ਵਾਲੀ ਹਰੇਕ ਬੱਸ ਇਸ ਬੱਸ ਅੱਡੇ ਵਿੱਚੋਂ ਹੋ ਕੇ ਹੀ ਜਾਵੇਗੀ, ਇਸ ਲਈ ਟ੍ਰੈਫਿਕ ਪੁਲਸ ਖੰਨਾ ਦੀ ਡਿਊਟੀ ਵੀ ਲਗਾਈ ਜਾਵੇਗੀ। ਸ੍ਰੀ ਸੌਂਦ ਨੇ ਕਿਹਾ ਕਿ ਮੁੱਖ ਮੰਤਰੀ ਸ੍ਰੀ ਭਗਵੰਤ ਮਾਨ ਦੀ ਯੋਗ ਅਗਵਾਈ ਹੇਠ ਪੰਜਾਬ ਸਰਕਾਰ ਦਿਨ ਪ੍ਰਤੀ ਦਿਨ ਸੁਚਾਰੂ ਤੇ ਸੁਚੱਜੇ ਢੰਗ ਨਾਲ ਵਚਨਬੱਧ ਹੋ ਕੇ ਕੰਮ ਕਰ ਰਹੀ ਹੈ। ਉਨ੍ਹਾ ਕਿਹਾ ਕਿ ਪੁਰਾਣੀਆਂ ਸਰਕਾਰਾਂ ਸਮੇਂ ਜੀ. ਟੀ. ਰੋਡ ਖੰਨਾ 'ਤੇ ਜੋ ਐਨੀਮੇਟਿਡ ਪੁਲ ਠੋਸ ਮਿੱਟੀ ਦਾ ਬਣਾਇਆ ਗਿਆ, ਜਦਕਿ ਇਹ ਪੁਲ ਪਿੱਲਰਾਂ 'ਤੇ ਬਣਾਇਆ ਜਾਣਾ ਸੀ। ਉਸ ਸਮੇਂ ਦੇ ਐੱਮ.ਐੱਲ.ਏ. ਤੇ ਨਗਰ ਕੌਂਸਲ ਖੰਨਾ ਦੀ ਕਮੇਟੀ ਦੀ ਨਲਾਇਕੀ ਕਾਰਨ ਖੰਨਾ ਸ਼ਹਿਰ ਦੋ ਹਿੱਸਿਆਂ 'ਚ ਵੰਡਿਆ ਗਿਆ, ਜਿਸ ਦਾ ਪ੍ਰਣਾਮ ਅਸੀਂ ਰੋਜ਼ਮਰਾ ਦੀ ਜ਼ਿੰਦਗੀ ਵਿੱਚ ਭੁਗਤ ਰਹੇ ਹਾਂ ਤੇ ਇਹ ਪੁਲ ਵੈਸੇ ਵੀ ਅਨਫਿੱਟ ਹੈ। ਉਨ੍ਹਾ ਕਿਹਾ ਕਿ ਅਸੀਂ ਇਸ ਪੁਲ ਦੇ ਪ੍ਰੋਜੈਕਟ ਵਿੱਚ ਬਦਲਾਅ ਲੈ ਕੇ ਆ ਰਹੇ ਹਾਂ ਇਸ ਲਈ ਇਸ ਪੁੱਲ ਦੀ ਫਾਈਲ ਮੁੱਖ ਮੰਤਰੀ ਪੰਜਾਬ ਰਾਹੀਂ ਕੇਂਦਰ ਸਰਕਾਰ ਤੱਕ ਪਹੁੰਚਦੀ ਕਰਾਂਗੇ, ਤਾਂ ਜੋ ਇਸ ਪੁਲ ਨੂੰ ਪਿੱਲਰਾਂ 'ਤੇ ਬਣਾ ਸਕੀਏ।

ਵਿਧਾਇਕ ਨੇ ਕਿਹਾ ਕਿ ਇਸ ਪੁਲ ਦੇ ਨਾਲ-ਨਾਲ ਜੋ ਸਰਵਿਸ ਲੇਨਜ਼ ਹਨ, ਉਨ੍ਹਾਂ ਦੇ ਆਸੇ-ਪਾਸੇ ਜੋ ਬਿਜਲੀ ਦੇ ਖੰਭੇ ਖੜੇ ਹਨ, ਉਸ ਲਈ ਪ੍ਰੋਜੈਕਟ ਲੱਗਭੱਗ ਤਿਆਰ ਹੋ ਗਿਆ, ਜਿਸ ਅਧੀਨ 10 ਕਰੋੜ 38 ਲੱਖ ਰੁਪਏ ਖਰਚ ਕੀਤੇ ਜਾਣਗੇ, ਜਿਸ ਵਿੱਚੋਂ 70 ਫੀਸਦੀ ਨਗਰ ਕੌਂਸਲ ਖੰਨਾ ਤੇ 30 ਫੀਸਦੀ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਲਿਮਟਡ ਵੱਲੋਂ ਹਿੱਸਾ ਪਾਇਆ ਜਾਵੇਗਾ। ਉਨ੍ਹਾ ਕਿਹਾ ਕਿ ਇਸ ਪ੍ਰੋਜੈਕਟ ਅਧੀਨ ਸਿਸਟਮ ਅਨੁਸਾਰ ਸਾਰੇ ਖੰਭਿਆਂ ਤੇ ਤਾਰਾਂ ਨੂੰ ਇੱਕ ਲਾਈਨ 'ਚ ਕੀਤਾ ਜਾਵੇਗਾ ਤੇ ਦੁਕਾਨਾਂ ਤੋਂ 8 ਤੋਂ 10 ਫੁੱਟ ਹਟ ਕੇ ਫੁੱਟਪਾਥ ਵੀ ਬਣੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਐੱਮ.ਐੱਲ.ਏ. ਖੰਨਾ ਦੇ ਪਿਤਾ ਭੁਪਿੰਦਰ ਸਿੰਘ ਸੌਂਦ, ਕੌਂਸਲਰ ਜਤਿੰਦਰ ਪਾਠਕ, ਸੁਨੀਲ ਕੁਮਾਰ ਨੀਟਾ, ਸੁਰਿੰਦਰ ਬਾਵਾ, ਬਲਾਕ ਪ੍ਰਧਾਨ ਰਾਜਵੀਰ ਸ਼ਰਮਾ, ਤਰਿੰਦਰ ਗਿੱਲ, ਸੁਖਵਿੰਦਰ ਸਿੰਘ, ਵਰਿੰਦਰ ਸਿੰਘ ਬਰਨ, ਕਰਮ ਚੰਦ ਸ਼ਰਮਾ ਬੁਲਾਰਾ ਆਮ ਆਦਮੀ ਪਾਰਟੀ, ਕੁਲਵੰਤ ਸਿੰਘ ਮਹਿਮੀ, ਮਹੇਸ਼ ਕੁਮਾਰ ਪੀ ਏ, ਜ਼ਿਲ੍ਹਾ ਪ੍ਰਧਾਨ ਐਕਸ ਸਰਵਿਸਮੈਨ ਲਛਮਣ ਸਿੰਘ ਗਰੇਵਾਲ, ਗੁਰਦੀਪ ਸਿੰਘ ਦੀਪੂ, ਈ ਓ ਗੁਰਪਾਲ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਆਮ ਆਦਮੀ ਪਾਰਟੀ ਦੇ ਵਰਕਰ, ਸ਼ਹਿਰ ਤੇ ਇਲਾਕਾ ਨਿਵਾਸੀ ਹਾਜ਼ਰ ਸਨ।

# ਗਊ ਮਾਤਾ ਦਾ ਆਸ਼ੀਰਵਾਦ ਲੈ ਕੇ ਕੀਤੀ ਨਵੇਂ ਸਾਲ ਦੀ ਸ਼ੁਰੂਆਤ

**ਬੁਢਲਾਡਾ (ਅਸ਼ੋਕ ਲਾਕੜਾ)**-ਯੰਗਜ਼ ਸਪੋਰਟਸ ਕਲੱਬ ਬੁਢਲਾਡਾ ਵੱਲੋਂ ਨਵੇਂ ਸਾਲ ਦੀ ਸ਼ੁਰੂਆਤ ਗਊ ਮਾਤਾ ਦਾ ਆਸ਼ੀਰਵਾਦ ਲੈ ਕੇ ਕੀਤੀ ਗਈ। ਕਲੱਬ ਪ੍ਰਧਾਨ ਪ੍ਰਭਜੋਤ ਸਿੰਘ ਕੋਹਲੀ ਤੇ ਵੱਡੀ ਗਿਣਤੀ 'ਚ ਮੈਂਬਰਾਂ ਨੇ ਸ਼ਹਿਰ ਦੀਆਂ ਦੋਨੋਂ ਗਊਸ਼ਾਲਾ ਵਿੱਚ ਜਾ ਕੇ ਗਊਆਂ ਦੀ ਸੇਵਾ ਕੀਤੀ। ਆਗੂਆਂ ਦੋਨੋਂ ਗਊਸ਼ਾਲਾ 'ਚ ਸਵਾ ਮਣੀ ਦਾ ਪ੍ਰਸ਼ਾਦ ਲਗਾਇਆ ਗਿਆ ਤੇ ਸੁੱਖ ਸ਼ਾਂਤੀ ਦੀ ਪ੍ਰਾਰਥਨਾ ਕੀਤੀ। ਇਸ ਮੌਕੇ ਪ੍ਰਧਾਨ ਪ੍ਰਭਜੋਤ ਸਿੰਘ ਕੋਹਲੀ ਨੇ ਕਿਹਾ ਕਿ ਗਊ ਸੇਵਾ ਉੱਤਮ ਸੇਵਾ ਹੈ, ਇਸ ਦੇ ਅਸ਼ੀਰਵਾਦ ਨਾਲ ਸਭ ਦੁੱਖ ਦੂਰ ਹੁੰਦੇ ਹਨ, ਸੁੱਖ ਸ਼ਾਂਤੀ ਮਿਲਦੀ ਹੈ। ਸ੍ਰੀ ਪੰਚਾਇਤੀ ਗਊਸ਼ਾਲਾ ਦੇ ਕੈਸ਼ੀਅਰ ਵਿਨੋਦ ਕੁਮਾਰ ਗਰਗ, ਸ਼੍ਰੀ ਕ੍ਰਿਸ਼ਨਾ ਗਊਸ਼ਾਲਾ ਦੇ ਪ੍ਰਧਾਨ ਕ੍ਰਿਸ਼ਨ ਕੁਮਾਰ ਠੇਕੇਦਾਰ ਨੇ ਪਹੁੰਚੇ ਕਲੱਬ ਮੈਂਬਰਾਂ ਦਾ ਸੁਆਗਤ ਕਰਦੇ ਹੋਏ ਉਨ੍ਹਾਂ ਦੇ ਇਸ ਕੰਮ ਦੀ ਸ਼ਲਾਘਾ ਕੀਤੀ। ਇਸ ਮੌਕੇ ਕਲੱਬ ਪ੍ਰਧਾਨ ਪ੍ਰਭਜੋਤ ਸਿੰਘ ਕੋਹਲੀ ਨਾਲ ਜਨਰਲ ਸਕੱਤਰ ਵਿਨੋਦ ਕੁਮਾਰ ਗਰਗ, ਕੈਸ਼ੀਅਰ ਸੁਰਿੰਦਰ ਜਿੰਦਲ, ਬੀਰਿੰਦਰ ਗਰਗ, ਇੰਦਰਾਜ ਬਾਂਸਲ, ਚਰਨਜੀਤ ਕਾਠ, ਡਾਕਟਰ ਚਤਰ ਸਿੰਘ, ਵਿਕਾਸ ਸਿੰਗਲਾ, ਸੰਜੀਵ ਗੋਇਲ, ਗਗਨ ਗੋਇਲ, ਲਵਨੀਸ਼ ਗੋਇਲ, ਵਿਸ਼ਾਲ ਬਿਹਾਰੀ, ਸਨੀ ਗੋਇਲ, ਟੀ ਟੀ, ਰਵਿੰਦਰ ਟਿੰਕੂ, ਸਤੀਸ਼ ਕੁਮਾਰ, ਗੋਬਿੰਦ ਗੋਇਲ ਆਦਿ ਮੌਜੂਦ ਸਨ।



# ਜ਼ੀਰਾ ਮੋਰਚੇ 'ਚ ਟੀ ਐੱਸ ਯੂ ਆਗੂਆਂ ਨੇ ਵੀ ਭਰੀ ਹਾਜ਼ਰੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਇੱਕ ਸ਼ਰਾਬ ਫੈਕਟਰੀ 'ਤੇ ਪਾਣੀ ਤੇ ਵਾਤਾਵਰਨ ਨੂੰ ਪਲੀਤ ਕਰਨ ਦੇ ਕਥਿਤ ਇਲਜ਼ਾਮ ਲਾਉਂਦਿਆਂ ਕਿਸਾਨਾਂ ਵੱਲੋਂ ਭਾਰਤੀ ਕਿਸਾਨ ਯੂਨੀਅਨ ਦੀ ਅਗਵਾਈ ਹੇਠ ਜ਼ੀਰਾ ਵਿਖੇ ਲਾਏ ਪੱਕੇ ਮੋਰਚੇ ਨੂੰ ਜਿੱਥੇ ਸੂਬੇ ਦੇ ਵੱਡੀ ਗਿਣਤੀ ਕਿਸਾਨਾਂ ਦਾ ਸਮਰਥਨ ਮਿਲ ਰਿਹਾ ਹੈ, ਉੱਥੇ ਮੁਲਾਜ਼ਮ ਜਥੇਬੰਦੀਆਂ ਵੀ ਕਿਸਾਨਾਂ ਦੇ ਸਮਰਥਨ 'ਚ ਉੱਤਰਨ ਲੱਗੀਆਂ ਹਨ। ਇਸੇ ਲੜੀ ਤਹਿਤ ਅੱਜ ਬਿਜਲੀ ਬੋਰਡ ਦੇ ਮੁਲਾਜ਼ਮਾਂ ਦੀ ਨਾਮੀ ਜਥੇਬੰਦੀ ਟੈਕਨੀਕਲ ਸਰਵਿਸਜ਼ ਯੂਨੀਅਨ ਸਰਕਲ ਬਠਿੰਡਾ ਦੇ ਅਹੁਦੇਦਾਰ ਜਜ਼ਰਾ ਮੋਰਚੇ 'ਚ ਸ਼ਾਮਲ ਹੋਏ। ਇੱਥੋਂ ਪ੍ਰੈੱਸ ਬਿਆਨ ਜਾਰੀ ਕਰਦਿਆਂ ਟੀ.ਐੱਸ.ਯੂ. ਦੇ ਸਕੱਤਰ ਨਛੱਤਰ ਸਿੰਘ ਜੇ ਈ ਤਲਵੰਡੀ ਸਾਬੋ ਨੇ ਦੱਸਿਆ ਕਿ ਟੀ ਐੱਸ ਯੂ ਦਾ ਇੱਕ ਜਥਾ ਇਨਕਲਾਬੀ ਗਰੁੱਪ ਮਖੂ ਨਾਲ ਮਿਲ ਕੇ ਜ਼ੀਰਾ ਮੋਰਚੇ ਦੇ ਕਈ ਕੰਮਾਂ 'ਚ ਹੱਥ ਵੀ ਵਟਾਇਆ। ਆਗੂ ਨੇ ਦੱਸਿਆ ਕਿ ਆਪਣੇ ਹੱਕਾਂ ਲਈ ਸੰਘਰਸ਼ ਕਰਨ ਵਾਲੀਆਂ ਭਰਾਤਰੀ ਜਥੇਬੰਦੀਆਂ ਜਾਂ ਲੋਕਾਂ ਨਾਲ ਹਮੇਸ਼ਾ ਟੀ.ਐੱਸ.ਯੂ. ਖੜਦੀ ਰਹੀ ਹੈ ਤੇ ਖੜੇਗੀ ਵੀ। ਉਨ੍ਹਾਂ ਮੁਤਾਬਿਕ ਜਥੇਬੰਦੀ ਦੇ ਜਥੇ ਵਿੱਚ ਸਰਕਲ ਪ੍ਰਧਾਨ ਬਲਜਿੰਦਰ ਸ਼ਰਮਾ, ਮੌੜ ਡਵੀਜ਼ਨ ਪ੍ਰਧਾਨ ਗੁਰਲਾਭ ਸਿੰਘ ਤੇ ਰਾਮਾਂ ਮੀਤ ਪ੍ਰਧਾਨ ਸੰਦੀਪ ਸਿੰਘ ਸੇਖੂ ਸਮੇਤ ਹੋਰ ਸਾਥੀ ਸ਼ਾਮਲ ਸਨ।

## ਕਾਤਰਾਂ

### ਸੇਵਾ ਕੇਂਦਰਾਂ 'ਤੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ



**ਫਾਜ਼ਿਲਕਾ (ਨਿਸ਼ਾ ਸ਼ਰਮਾ)**-ਫਾਜ਼ਿਲਕਾ ਜ਼ਿਲ੍ਹੇ ਦੇ ਸਾਰੇ 21 ਸੇਵਾ ਕੇਂਦਰਾਂ ਵਿੱਚ ਨਵੇਂ ਸਾਲ ਮੌਕੇ ਸੁਖਮਨੀ ਸਾਹਿਬ ਦੇ ਪਾਠ ਕਰਵਾਏ ਗਏ। ਇਸ ਮੌਕੇ ਸਾਰੇ ਸੇਵਾ ਕੇਂਦਰਾਂ 'ਤੇ ਸਟਾਫ ਤੇ ਸੇਵਾਵਾਂ ਲੈਣ ਆਉਣ ਵਾਲੇ ਲੋਕਾਂ ਅਤੇ ਆਸ-ਪਾਸ ਦੇ ਲੋਕਾਂ ਨੇ ਸੁਖਮਨੀ ਸਾਹਿਬ ਦਾ ਪਾਠ ਸਰਵਨ ਕੀਤਾ। ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਬਣੇ ਟਾਇਪ 1 ਸੇਵਾ ਕੇਂਦਰ ਵਿਖੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਸ੍ਰੀ ਸੰਦੀਪ ਕੁਮਾਰ ਨੇ ਵੀ ਸੁਖਮਨੀ ਸਾਹਿਬ ਦਾ ਪਾਠ ਸਰਵਨ ਕੀਤਾ। ਇਸ ਮੌਕੇ ਸਟਾਫ ਵੱਲੋਂ ਪਾਠੀ ਸਿੰਘ ਤੇ ਵਧੀਕ ਡਿਪਟੀ ਕਮਿਸ਼ਨਰ ਨੂੰ ਸਿਰੋਪਾਓ ਭੇਟ ਕੀਤਾ ਗਿਆ। ਸੇਵਾ ਕੇਂਦਰਾਂ ਦੇ ਜ਼ਿਲ੍ਹਾ ਮੈਨੇਜਰ ਸ੍ਰੀ ਗਗਨਦੀਪ ਸਿੰਘ ਨੇ ਦੱਸਿਆ ਕਿ ਸੇਵਾ ਕੇਂਦਰ ਹਫਤੇ ਦੇ ਸਾਰੇ ਦਿਨ ਲੋਕਾਂ ਨੂੰ ਸੇਵਾਵਾਂ ਦਿੰਦੇ ਹਨ। ਉਨ੍ਹਾਂ ਦੱਸਿਆ ਕਿ 31 ਜਨਵਰੀ 2023 ਤੱਕ ਸੇਵਾ ਕੇਂਦਰਾਂ ਦਾ ਸਮਾਂ ਸਵੇਰੇ 9:30 ਵਜੇ ਤੋਂ ਸ਼ਾਮ 5 ਵਜੇ ਤੱਕ ਹੈ। ਸੇਵਾ ਕੇਂਦਰ ਸ਼ਨੀਵਾਰ ਤੇ ਐਤਵਾਰ ਨੂੰ ਖੁੱਲ੍ਹੇ ਰਹਿੰਦੇ ਹਨ।

### ਪੁਲਸ ਵੱਲੋਂ ਭਗੌੜਾ ਕਾਬੂ

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਵੱਲੋਂ 2 ਵੱਖ-ਵੱਖ ਮਾਮਲਿਆਂ ਵਿੱਚ ਮਾਣਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਦਿੱਤੇ ਗਏ ਗੁਰਮੁੱਖ ਸਿੰਘ ਉਰਫ਼ ਗੁਰਮਾ ਵਾਸੀ ਪਿੰਡ ਜੱਸੜਾਂ, ਥਾਣਾ ਚਮਕੌਰ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸ ਮੌਕੇ ਥਾਣਾ ਮੁਖੀ ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਸਹਾਇਕ ਥਾਣੇਦਾਰ ਅਵਤਾਰ ਚੰਦ ਵੱਲੋਂ ਪੁਲ ਨਹਿਰ ਬਹਿਲੋਲਪੁਰ ਵਿਖੇ ਗਸ਼ਤ ਕੀਤੀ ਜਾ ਰਹੀ ਸੀ ਤਾਂ ਕਿਸੇ ਮੁਖ਼ਬਰ ਨੇ ਸੂਚਨਾ ਦਿੱਤੀ ਕਿ ਗੁਰਮੁੱਖ ਸਿੰਘ ਉਰਫ਼ ਗੁਰਮਾ, ਜੋ ਕਿ ਥਾਣਾ ਮਾਛੀਵਾੜਾ ਤੋਂ ਇੱਕ ਚੋਰੀ ਤੋਂ ਇਲਾਵਾ ਇੱਕ ਹੋਰ ਮਾਮਲੇ ਵਿੱਚ ਭਗੌੜਾ ਕਰਾਰ ਹੈ ਜੋ ਕਿ ਕਿਸੇ ਨੂੰ ਮਿਲਣ ਲਈ ਪੁਲ ਨਹਿਰ ਗੜ੍ਹੀ ਤਰਖਾਣਾ ਆ ਰਿਹਾ ਹੈ। ਮਾਛੀਵਾੜਾ ਪੁਲਸ ਵੱਲੋਂ ਇਤਲਾਹ ਪੱਕੀ ਹੋਣ 'ਤੇ ਮੌਕੇ 'ਤੇ ਕਾਬੂ ਕਰ ਉਸ ਖਿਲਾਫ਼ ਮਾਮਲਾ ਦਰਜ ਕਰ ਲਿਆ। ਦਵਿੰਦਰਪਾਲ ਸਿੰਘ ਨੇ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਦੋਸ਼ੀ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

### ਲੁਟੇਰੇ ਮਹਿਲਾ ਤੋਂ ਬੈਗ ਖੋਹ ਕੇ ਫਰਾਰ

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਨਵੇਂ ਵਰ੍ਹੇ ਦੇ ਪਹਿਲੇ ਦਿਨ ਸਥਾਨਕ ਸ਼ਹਿਰ ਦੇ ਰਾਏਕੋਟ ਰੋਡ 'ਤੇ ਸਥਿਤ ਬੱਬੀ ਦੇ ਢਾਬੇ ਦੇ ਸਾਹਮਣੇ ਪੈਦਲ ਜਾ ਰਹੀ ਇੱਕ ਮਹਿਲਾ ਤੋਂ ਦੋ ਮੋਟਰਸਾਈਕਲ ਸਵਾਰ ਨੌਜਵਾਨ ਪੈਸਿਆਂ ਤੇ ਜ਼ਰੂਰੀ ਕਾਗਜ਼ਾਤਾਂ ਵਾਲਾ ਬੈਗ ਖੋਹ ਕੇ ਫਰਾਰ ਹੋ ਗਏ। ਜਾਣਕਾਰੀ ਅਨੁਸਾਰ ਪਿੰਡ ਪਮਾਲ ਦੀ ਰਹਿਣ ਵਾਲੀ ਚਰਨਜੀਤ ਕੌਰ ਪਤਨੀ ਸੁਖਜੀਤ ਸਿੰਘ ਜਦੋਂ ਰਾਏਕੋਟ ਰੋਡ 'ਤੇ ਪੈਦਲ ਤੁਰੀ ਜਾ ਰਹੀ ਸੀ ਤਾਂ ਦੋ ਮੋਟਰਸਾਈਕਲ ਸਵਾਰ ਨੌਜਵਾਨ ਉਸ ਦੇ ਹੱਥ ਵਿੱਚ ਫੜਿਆ ਬੈਗ (ਲਿਫਾਫਾ) ਖੋਹ ਕੇ ਰਾਏਕੋਟ ਵੱਲ ਫਰਾਰ ਹੋ ਗਏ। ਚਰਨਜੀਤ ਕੌਰ ਨੇ ਦੱਸਿਆ ਕਿ ਬੈਗ ਵਿੱਚ 10 ਹਜ਼ਾਰ ਰੁਪਏ ਦੇ ਕਰੀਬ ਨਗਦੀ, ਮੋਬਾਈਲ ਫੋਨ, ਜ਼ਰੂਰੀ ਕਾਗਜ਼ਾਤ ਤੇ ਕੱਪੜੇ ਸਨ। ਉਨ੍ਹਾ ਦੱਸਿਆ ਕਿ ਕੁੱਝ ਦੁਕਾਨਦਾਰਾਂ ਨੇ ਲੁਟੇਰਿਆਂ ਦਾ ਪਿੱਛਾ ਕਰਕੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਫਰਾਰ ਹੋਣ ਵਿੱਚ ਸਫਲ ਹੋ ਗਏ, ਜਿਸ ਦੀ ਜਾਣਕਾਰੀ ਉਨ੍ਹਾਂ ਵੱਲੋਂ ਦਾਖਾ ਪੁਲਸ ਨੂੰ ਦੇ ਦਿੱਤੀ ਗਈ ਹੈ।

### ਫੈਲੀ ਗੰਦਗੀ ਕਾਰਨ ਮੁਹੱਲਾ ਵਾਸੀ ਪ੍ਰੇਸ਼ਾਨ

**ਬਰੇਟਾ (ਰੀਤਵਾਲ)**-ਨਜ਼ਦੀਕ ਪਿੰਡ ਮੰਡੇਰ ਦੇ ਕੁਝ ਮੁਹੱਲਿਆਂ 'ਚ ਸਫਾਈ ਨਾ ਹੋਣ ਕਾਰਨ ਲੋਕਾਂ ਨੂੰ ਭਾਰੀ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸੰਬੰਧੀ ਪੀੜਤ ਵਿਅਕਤੀ ਰਣਜੀਤ ਸਿੰਘ ਨੇ ਦੱਸਿਆ ਕਿ ਸਾਡੇ ਘਰਾਂ ਦੇ ਨਜ਼ਦੀਕ ਗੰਦਗੀ ਕਾਰਨ ਭੈੜੀ ਬਦਬੂ ਆ ਰਹੀ ਹੈ, ਜੋ ਭਿਆਨਕ ਬਿਮਾਰੀਆਂ ਨੂੰ ਸੱਦਾ ਦੇ ਰਹੀ ਹੈ। ਉਨ੍ਹਾ ਕਿਹਾ ਕਿ ਬਣੀਆਂ ਨਿਕਾਸੀ ਨਾਲੀਆਂ ਦੀ ਵੀ ਸਫਾਈ ਕਰਨ ਦੀ ਕੋਈ ਸਾਰ ਨਹੀਂ ਲਈ ਜਾ ਰਹੀ। ਰਣਜੀਤ ਸਿੰਘ ਨੇ ਕਿਹਾ ਕਿ ਇਸ ਸਮੱਸਿਆ ਦੇ ਹੱਲ ਲਈ ਅਨੇਕਾਂ ਵਾਰ ਪਿੰਡ ਦੇ ਨੁਮਾਇੰਦਿਆਂ ਨੂੰ ਜਾਣੂ ਕਰਵਾਇਆ ਜਾ ਚੁੱਕਾ ਹੈ, ਪਰ ਫਿਰ ਵੀ ਸਮੱਸਿਆ ਜਿਉਂ ਦੀ ਤਿਉਂ ਬਣੀ ਹੋਈ ਹੈ। ਮੁਹੱਲਾ ਵਾਸੀਆਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਹੈ ਕਿ ਇਸ ਪ੍ਰੇਸ਼ਾਨੀ ਤੋਂ ਜਲਦ ਤੋਂ ਜਲਦ ਸਾਨੂੰ ਨਿਯਾਤ ਦਿਵਾਈ ਜਾਵੇ। ਜਦ ਇਸ ਸਬੰਧੀ ਪਿੰਡ ਦੇ ਸਰਪੰਚ ਮਹਾਸ਼ਾ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾ ਕਿਹਾ ਕਿ ਜਲਦ ਹੀ ਮੁਹੱਲੇ 'ਚ ਸਫਾਈ ਕਰਾ ਦਿੱਤੀ ਜਾਵੇਗੀ।

# ਸਿੱਖ ਯੂਥ ਵੈੱਲਫੇਅਰ ਸੁਸਾਇਟੀ ਵੱਲੋਂ ਲਗਾਏ ਮੈਗਾ ਕੈਂਪ 'ਚ 175 ਮਰੀਜ਼ਾਂ ਨੇ ਲਿਆ ਲਾਹਾ



**ਜਗਰਾਉਂ (ਅਮਿਤ ਖੰਨਾ)**

ਸਿੱਖ ਯੂਥ ਵੈੱਲਫੇਅਰ ਸੁਸਾਇਟੀ ਵੱਲੋਂ ਨਵੇਂ ਸਾਲ ਦੀ ਆਮਦ ਦੀ ਖ਼ੁਸ਼ੀ 'ਚ ਵਿਵੇਕ ਕਲੀਨਿਕ ਅਗਵਾੜ ਲੋਪੋ ਡਾਲਾ ਵਿਖੇ ਲਗਾਏ ਮੈਗਾ ਕੈਂਪ 'ਚ 175 ਦੇ ਕਰੀਬ ਮਰੀਜ਼ਾਂ ਨੇ ਲਾਹਾ ਲਿਆ। ਕੈਂਪ 'ਚ ਦਿਮਾਗੀ ਰੋਗਾਂ ਦੇ ਮਾਹਰ ਡਾ: ਅਭਿਸ਼ੇਕ ਗੁਪਤਾ, ਜਨਰਲ ਰੋਗਾਂ ਦੇ ਮਾਹਰ ਡਾ: ਧਰਮਿੰਦਰ ਸਿੰਘ ਮੱਲੀ, ਦੰਦਾਂ ਦੇ ਮਾਹਰ ਡਾ. ਰਾਹੁਲ ਗੋਇਲ, ਅੱਖਾਂ ਦੇ ਮਾਹਰ ਡਾ: ਅਮਿਤ ਸਿਆਲ ਤੇ ਹੱਡੀਆਂ ਜੋੜਾਂ ਦੇ ਦਰਦ ਦੇ ਮਾਹਰ ਡਾ: ਰਜਤ ਖੰਨਾ ਨੇ 175 ਦੇ ਕਰੀਬ ਮਰੀਜ਼ਾਂ ਦਾ ਚੈੱਕਅੱਪ ਕੀਤਾ ਅਤੇ ਮੁਫ਼ਤ ਦਵਾਈਆਂ ਤੇ ਐਨਕਾਂ ਦਿੱਤੀਆਂ। ਇਸ ਮੌਕੇ ਅਪੋਲੋ ਲੈਬ ਵਾਲਿਆਂ ਨੇ ਅੱਧੇ ਰੇਟਾਂ 'ਤੇ ਟੈਸਟ ਕੀਤੇ। ਕੈਂਪ ਦਾ ਉਦਘਾਟਨ ਬਾਬਾ ਲਖਵੀਰ ਸਿੰਘ ਭੈਣੀ ਠਾਠ ਨਾਨਕਸਰ ਵਾਲਿਆਂ ਨੇ ਰੀਬਨ ਕੱਟ ਕੇ ਕੀਤਾ, ਜਦੋਂਕਿ ਕੈਂਪ 'ਚ ਐੱਸ. ਐੱਚ. ਓ. ਸਿਟੀ ਇੰਦਰਜੀਤ ਸਿੰਘ ਬੋਪਾਰਾਏ, ਨਗਰ ਕੌਂਸਲ ਪ੍ਰਧਾਨ ਜਤਿੰਦਰਪਾਲ ਰਾਣਾ ਤੇ ਐੱਸ. ਆਈ. ਕਮਲਦੀਪ ਕੌਰ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਏ। ਇਸ ਮੌਕੇ ਕਲੱਬ ਦੇ ਪ੍ਰਧਾਨ ਚਰਨਜੀਤ ਸਿੰਘ ਸਰਨਾ ਨੇ ਆਏ ਹੋਏ ਮਹਿਮਾਨਾਂ ਨੂੰ ਜੀ ਆਇਆਂ ਆਖਿਆ ਤੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ। ਉਨ੍ਹਾ ਕਿਹਾ ਕਿ ਕਲੱਬ ਵੱਲੋਂ ਨਵੇਂ ਸਾਲ ਦੀ ਖ਼ੁਸ਼ੀ 'ਚ ਇਹ ਪਹਿਲਾ ਪ੍ਰੋਜੈਕਟ ਲਗਾਇਆ ਗਿਆ ਹੈ ਤੇ ਹਰ ਮਹੀਨੇ ਕੈਂਪ ਲਗਾ ਕੇ ਲੋਕਾਂ ਦੀ ਸੇਵਾ ਕੀਤੀ ਜਾਵੇਗੀ। ਸਮਾਗਮ ਦੌਰਾਨ ਸਟੇਜ ਦੀ ਭੂਮਿਕਾ ਕੈਪਟਨ ਨਰੇਸ਼ ਵਰਮਾ ਨੇ ਬਾਖ਼ੂਬੀ ਨਿਭਾਈ।

ਇਸ ਮੌਕੇ ਸੰਸਥਾ ਦੇ ਚੇਅਰਮੈਨ ਗਗਨਦੀਪ ਸਿੰਘ ਸਰਨਾ, ਜਨਰਲ ਸਕੱਤਰ ਇੰਦਰਪ੍ਰੀਤ ਸਿੰਘ ਵਛੇਰ ਤੇ ਸਰਪ੍ਰਸਤ ਗੁਰਸ਼ਰਨ ਸਿੰਘ ਮਿਗਲਾਨੀ ਨੇ ਕਿਹਾ ਕਿ ਸਿੱਖ ਯੂਥ ਵੈੱਲਫੇਅਰ ਸੁਸਾਇਟੀ, ਜਿਸ ਤਰ੍ਹਾਂ ਪਹਿਲਾਂ ਹੀ ਸਮਾਜ ਸੇਵਾ ਨੂੰ ਸਮਰਪਤ ਕੰਮ ਕਰ ਰਹੀ ਹੈ, ਇਸ ਸਾਲ ਅੱਗੇ ਨਾਲੋਂ ਵੱਧ ਕਰੇਗੀ। ਉਨ੍ਹਾ ਕਿਹਾ ਕਿ ਅੱਜ ਦੇ ਕੈਂਪ ਦਾ ਵੱਡੀ ਗਿਣਤੀ 'ਚ ਲੋਕਾਂ ਨੇ ਲਾਹਾ ਲਿਆ। ਇਸ ਮੌਕੇ ਡਾ: ਰਜਤ ਖੰਨਾ ਨੇ ਕੈਂਪ 'ਚ ਵਿਸ਼ੇਸ਼ ਤੌਰ 'ਤੇ ਆਏ ਡਾਕਟਰਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੌਂਸਲਰ ਅਮਨ ਕਪੂਰ ਬੌਬੀ, ਕੌਂਸਲਰ ਵਿਕਰਮ ਜੱਸੀ, ਕੌਂਸਲਰ ਡਾ: ਇਕਬਾਲ ਸਿੰਘ ਧਾਲੀਵਾਲ, ਕੌਂਸਲਰ ਰਮੇਸ਼ ਕੁਮਾਰ ਮੇਸ਼ੀ ਸਹੋਤਾ, ਗਗਨਦੀਪ ਸਿੰਘ ਸਰਨਾ, ਇੰਦਰਪ੍ਰੀਤ ਸਿੰਘ ਵਛੇਰ, ਗੁਰਸ਼ਰਨ ਸਿੰਘ ਮਿਗਲਾਨੀ, ਕਚਨ ਗੁਪਤਾ, ਪ੍ਰਿੰ: ਚਰਨਜੀਤ ਸਿੰਘ ਭੰਡਾਰੀ, ਹਰਦੇਵ ਸਿੰਘ ਬੌਬੀ, ਜੋਗਿੰਦਰ ਸਿੰਘ, ਦਵਿੰਦਰ ਸਿੰਘ ਸਰਨਾ, ਇਕਬਾਲ ਸਿੰਘ ਪੱਗੜੀ ਕੋਚ, ਪ੍ਰੋ: ਰਾਕੇਸ਼ ਗੋਇਲ, ਸਿਟੀ ਮੁਨਸ਼ੀ ਲਾਡੀ ਗਾਲਿਬ, ਸੁਖਵਿੰਦਰ ਸਿੰਘ ਆਸ਼ੂ, ਰਵਿੰਦਰਪਾਲ ਸਿੰਘ ਮੈਦ, ਵਿਨੋਦ ਖੰਨਾ, ਰਾਕੇਸ਼ ਕੁਮਾਰ ਸਿਆਲ, ਸਿੰਮੀ ਖੰਨਾ, ਸੋਹਨ ਖੰਨਾ, ਅੰਜੂ ਸਿਆਲ, ਸੀਮਾ ਖੰਨਾ, ਚਰਨਜੀਤ ਸਿੰਘ ਚਰਨੀ ਤੇ ਹਰਪਾਲ ਸਿੰਘ ਪਾਲੀ ਆਦਿ ਹਾਜ਼ਰ ਸਨ।

# ਕਿਸਾਨ-ਮਜ਼ਦੂਰ ਸੰਘਰਸ਼ ਕਮੇਟੀ ਦੇ 5 ਦੇ ਧਰਨਿਆਂ ਦੀ ਉਗਰਾਹਾਂ ਵੱਲੋਂ ਹਮਾਇਤ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**

ਨਵੇਂ ਸਾਲ 'ਤੇ ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਪ੍ਰਧਾਨ ਮਾਸਟਰ ਸੁਖਦੇਵ ਸਿੰਘ ਰਾਮਪੁਰਾ ਦੀ ਅਗਵਾਈ ਹੇਠ ਪਿੰਡ ਰਾਮਪੁਰਾ ਦੇ ਗੁਰੂ ਘਰ ਵਿਖੇ ਮੀਟਿੰਗ ਹੋਈ। ਇਸ ਮੌਕੇ ਉਨ੍ਹਾ ਕਿਹਾ ਕਿ ਹਰ ਸਮੇਂ ਸੰਘਰਸ਼ਾਂ ਦੇ ਰਾਹ 'ਤੇ ਤੁਰਨ ਦਾ ਤੇ ਲੋਕ ਹਿੱਤਾਂ ਲਈ ਤੱਤਪਰ ਰਹਿਣ ਦਾ ਸੱਦਾ ਦਿੰਦਿਆਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਫਾਸ਼ੀਵਾਦ ਤੇ ਫਿਰਕਾਪ੍ਰਸਤੀ ਦੀ ਅੱਗ ਤੋਂ ਪ੍ਰਹੇਜ ਕਰੋ। ਜਥੇਬੰਦੀ ਵੱਲੋਂ ਦਿੱਤੇ ਗਏ ਐਕਸ਼ਨਾਂ ਬਾਰੇ ਬੁਲਾਰਿਆਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਗਿਆ ਕਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਕੇਂਦਰ ਤੇ ਸੂਬਾ ਸਰਕਾਰਾਂ ਵੱਲੋਂ ਕਿਸਾਨ ਅੰਦੋਲਨ ਸਮੇਂ ਮੰਨੀਆਂ ਮੰਗਾਂ ਨੂੰ ਪੂਰਾ ਕਰਵਾਉਣ ਲਈ ਪੰਜਾਬ ਵਿੱਚ ਕੁਝ ਟੋਲ ਪਲਾਜ਼ਿਆਂ ਨੂੰ ਪਰਚੀ ਮੁਕਤ ਕਰਵਾਇਆ ਹੈ। ਉਨ੍ਹਾਂ ਦੀ ਸਪੋਟ 'ਤੇ ਆਪਣੀ ਜਥੇਬੰਦੀ ਵੱਲੋਂ ਸਹਿਯੋਗ ਦੇਣ ਲਈ 5 ਜਨਵਰੀ ਨੂੰ 12 ਵਜੇ ਤੋਂ 3 ਵਜੇ ਤੱਕ ਪੰਜਾਬ ਦੇ ਸਾਰੇ ਹੀ ਟੋਲ ਟੈਕਸ ਪਲਾਜ਼ਿਆਂ 'ਤੇ ਜਥੇਬੰਦੀ ਵੱਲੋਂ ਧਰਨੇ ਦੇ ਕੇ ਉਗਰਾਹਾਂ ਜਥੇਬੰਦੀ ਵੱਲੋਂ ਹਮਾਇਤ ਕੀਤੀ ਜਾ ਰਹੀ ਹੈ, ਕਿਉਂਕਿ ਉਸ ਜਥੇਬੰਦੀ ਵੱਲੋਂ ਕੀਤਾ ਗਿਆ ਐਕਸ਼ਨ ਠੀਕ ਹੈ, ਕਿਉਂਕਿ ਕੇਂਦਰ ਸਰਕਾਰ ਨੇ ਕਿਸਾਨਾਂ ਨਾਲ ਧੋਖਾ ਕੀਤਾ ਹੈ ਤੇ ਹਾਲੇ ਤੱਕ ਕਿਸਾਨ ਅੰਦੋਲਨ ਸਮੇਂ ਮੰਨੀਆਂ ਮੰਗਾਂ ਪੂਰੀਆਂ ਨਹੀਂ ਕੀਤੀਆਂ ਗਈਆਂ। ਸਮਰਥਨ ਵਿੱਚ ਜਥੇਬੰਦੀ ਵੱਲੋਂ ਸਹਿਯੋਗ ਦੇਣ ਲਈ ਕਿਹਾ ਗਿਆ ਹੈ। ਬੁਲਾਰਿਆਂ ਵਿੱਚ ਨਛੱਤਰ ਸਿੰਘ ਢੱਡੇ, ਗੁਲਾਬ ਸਿੰਘ ਜਿਉਂਦ, ਬੂਟਾ ਸਿੰਘ ਬੱਲ੍ਹੋ, ਸੁਖਮੰਦਰ ਸਿੰਘ ਪਿੱਥੋ ਤੇ ਹਰੀ ਸਿੰਘ ਰਾਮਣਵਾਸ ਆਦਿ ਹਾਜ਼ਰ ਸਨ।

# ਜਲਦ ਬਣੇਗੀ ਜੈਤੋ-ਚੰਦਭਾਨ ਸੜਕ : ਸੁਖਰੀਤ ਰੋਮਾਣਾ



ਐੱਮ ਐੱਲ ਏ ਅਮੋਲਕ ਸਿੰਘ ਨਾਲ ਸੁਖਰੀਤ ਰੋਮਾਣਾ।

**ਜੈਤੋ (ਸਤੀਸ਼ ਕੁਮਾਰ ਭੀਰੀ)**-ਪਿਛਲੇ ਲੰਮੇ ਸਮੇਂ ਤੋਂ ਲੋਕਾਂ ਦੇ ਜੀਅ ਦਾ ਜੰਜਾਲ ਬਣੀ ਚੰਦਭਾਨ ਰੋਡ ਜੋ ਕਿ ਅਨੇਕਾਂ ਜ਼ਿੰਦਗੀਆਂ ਨੂੰ ਅਪੰਗ ਕਰ ਚੁੱਕੀ ਹੈ, ਦੇ ਦਿਨ ਫਿਰ ਸਕਦੇ ਹਨ। ਅੱਜ 'ਨਵਾਂ ਜ਼ਮਾਨਾ' ਦੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਜੁਆਇੰਟ ਸਕੱਤਰ ਤੇ ਵਿਧਾਇਕ ਅਮੋਲਕ ਸਿੰਘ ਦੀ ਹਿੱਕ ਦਾ ਵਾਲ ਸੁਖਰੀਤ ਰੋਮਾਣਾ ਨੇ ਦੱਸਿਆ ਕਿ ਐੱਮ ਐੱਲ ਏ ਅਮੋਲਕ ਸਿੰਘ ਜੈਤੋ-ਚੰਦਭਾਨ ਰੋਡ ਨੂੰ ਲੈ ਕੇ ਕਾਫੀ ਗੰਭੀਰ ਹਨ ਤੇ ਉਹ ਜਲਦੀ ਹੀ ਸੜਕ ਦਾ ਕਾਇਆ ਕਲਪ ਕਰਦੇ ਹੋਏ ਲੋਕਾਂ ਨੂੰ ਇਸ ਸਮੱਸਿਆ ਤੋਂ ਨਿਜਾਤ ਦਿਵਾਉਣਗੇ। ਸੁਖਰੀਤ ਰੋਮਾਣਾ ਨੇ ਅੱਗੇ ਕਿਹਾ ਕਿ ਸਿਵਲ ਹਸਪਤਾਲ ਨੂੰ ਸਬ ਡਵੀਜ਼ਨ ਦਾ ਦਰਜਾ ਦਿਵਾਉਣਾ, ਨਗਰ ਕੌਂਸਲ ਵਿੱਚ ਕਾਰਜ ਸਾਧਕ ਅਫਸਰ ਦੀ ਪੱਕੇ ਤੌਰ 'ਤੇ ਨਿਯੁਕਤੀ, ਸੀਵਰੇਜ ਸਮੱਸਿਆ ਦੇ ਹੱਲ ਲਈ ਅਮੋਲਕ ਸਿੰਘ ਵੱਲੋਂ ਉੱਚ ਅਧਿਕਾਰੀਆਂ ਨੂੰ ਸਖਤ ਹਦਾਇਤਾਂ ਦਿੱਤੀਆਂ ਗਈਆਂ ਹਨ। ਉਨ੍ਹਾ ਕਿਹਾ ਕਿ ਜੈਤੋ ਦੇ ਵਿਧਾਇਕ ਅਮੋਲਕ ਸਿੰਘ ਇਲਾਕੇ ਦੇ ਲੋਕਾਂ ਦੀਆਂ ਆਸਾਂ ਮੁਰੀਦਾਂ 'ਤੇ ਖਰੇ ਉਤਰਨ ਲਈ ਵਿਕਾਸ ਕਾਰਜਾਂ ਦੀ ਹਨੇਰੀ ਲਿਆਉਣ ਲਈ ਕੋਈ ਕਸਰ ਬਾਕੀ ਨਹੀਂ ਰਹਿਣ ਦੇਣਗੇ। ਇਸ ਮੌਕੇ ਯੂਥ ਆਗੂ ਧਰਮਿੰਦਰ ਸਿੰਘ ਤੋਤਾ, ਡਾਕਟਰ ਜਗਦੀਪ ਸਿੰਘ ਬਰਾੜ ਆਦਿ ਹਾਜ਼ਰ ਸਨ।

# ਹੈਰੋਇਨ ਸਣੇ ਕਾਬੂ



**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**-ਥਾਣਾ ਦਾਖਾ ਦੀ ਪੁਲਸ ਨੇ ਮੁਖਬਰ ਦੀ ਇਤਲਾਹ 'ਤੇ ਕਾਰਵਾਈ ਕਰਦਿਆਂ ਇੱਕ ਨੌਜਵਾਨ ਨੂੰ 2 ਗ੍ਰਾਮ ਹੈਰੋਇਨ ਸਮੇਤ ਕਾਬੂ ਕਰਨ ਉਪਰੰਤ ਉਸ ਦੇ ਖਿਲਾਫ ਕੇਸ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਦਿੱਤੀ ਹੈ। ਏ.ਐੱਸ.ਆਈ. ਪਰਮਜੀਤ ਸਿੰਘ ਨੂੰ ਮੁਖਬਰ ਨੇ ਇਤਲਾਹ ਦਿੱਤੀ ਕਿ ਮਨਿੰਦਰ ਸਿੰਘ ਵਾਸੀ ਸੁਧਾਰ ਹੈਰੋਇਨ ਵੇਚਣ ਦਾ ਧੰਦਾ ਕਰਦਾ ਹੈ ਤੇ ਅੱਜ ਵੀ ਉਹ ਰੇਲਵੇ ਲਾਈਨ ਮੁੱਲਾਂਪੁਰ ਨੇੜੇ ਆਪਣੀ ਦੁਕਾਨ 'ਤੇ ਬੈਠਾ ਗਾਹਕਾਂ ਨੂੰ ਹੈਰੋਇਨ ਸਪਲਾਈ ਕਰ ਰਿਹਾ ਹੈ। ਇਤਲਾਹ ਅਨੁਸਾਰ ਛਾਪੇਮਾਰੀ ਕਰਨ ਉਪਰੰਤ ਉੱਕਤ ਨੌਜਵਾਨ ਨੂੰ ਕਾਬੂ ਕਰਕੇ ਉਸ ਦੀ ਤਲਾਸ਼ੀ ਲਈ ਤਾਂ ਉਸ ਕੋਲੋਂ ਦੋ ਗ੍ਰਾਮ ਹੈਰੋਇਨ ਤੇ ਇੱਕ ਹਜ਼ਾਰ ਰੁਪਏ ਨਕਦੀ ਬਰਾਮਦ ਹੋਈ।

# ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਵੱਲੋਂ ਨਵੇਂ ਸਾਲ ਦੀਆਂ ਵਧਾਈਆਂ



**ਦੋਰਾਹਾ (ਹਰਮਿੰਦਰ ਸੇਠ)**-ਨਵੇਂ ਸਾਲ ਦੇ ਸ਼ੁੱਭ ਅਵਸਰ 'ਤੇ ਵੱਖ ਵੱਖ ਪਾਰਟੀਆਂ ਦੇ ਆਗੂਆਂ ਤੇ ਸਮਾਜ ਸੇਵੀ ਸੰਸਥਾਵਾਂ ਦੇ ਨੁਮਾਇੰਦਿਆਂ ਨੇ ਦੇਸ਼-ਵਿਦੇਸ਼ ਵਿੱਚ ਵਸਦੇ ਸਮੂਹ ਪੰਜਾਬੀਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਹਨ। ਇਸ ਮੌਕੇ ਸਮਾਜ ਸੇਵੀ ਨਰਿੰਦਰ ਕੁਮਾਰ ਆਨੰਦ, ਲੋਕ ਇਨਸਾਫ ਪਾਰਟੀ ਮਹਿਲਾ ਵਿੰਗ ਹਲਕਾ ਪਾਇਲ ਦੀ ਪ੍ਰਧਾਨ ਤੇ ਸੋਸ਼ਲ ਵਰਕਰ ਐਡਵੋਕੇਟ ਮੈਡਮ ਗੁਰਜੋਤ ਕੌਰ ਮਾਂਗਟ, ਹਲਕਾ ਲੁਧਿਆਣਾ ਪੂਰਬੀ ਤੋਂ ਆਪ ਮਹਿਲਾ ਵਿੰਗ ਦੀ ਪ੍ਰਧਾਨ ਪ੍ਰਿੰਸੀਪਲ ਮੈਡਮ ਇੰਦਰਜੀਤ ਕੌਰ, ਸਰਬਧਰਮ ਗਊਸ਼ਾਲਾ ਕਮੇਟੀ ਦੋਰਾਹਾ ਦੇ ਪ੍ਰਧਾਨ ਅਨਿਲ ਪ੍ਰਭਾਤ ਮਹਿਤਾ, ਸਾਬਕਾ ਸਰਪੰਚ ਤੇ ਸੀਨੀ. ਅਕਾਲੀ ਆਗੂ ਪਰਮਿੰਦਰ ਸਿੰਘ ਭੱਠਲ, ਸੀਨੀ. ਕਾਂਗਰਸੀ ਆਗੂ ਰਾਮ ਪ੍ਰਕਾਸ਼ ਸਿੰਘ ਪੱਪੂ, ਸੋਸ਼ਲ ਵਰਕਰ ਤੇ ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਈਸਰ ਸਿੰਘ ਖਰੇ, ਆਮ ਆਦਮੀ ਪਾਰਟੀ ਦੇ ਸ਼ਹਿਰੀ ਪ੍ਰਧਾਨ ਰਾਣਾ ਕੂੰਨਰ, ਉੱਘੇ ਸਮਾਜ ਸੇਵੀ ਲੇਖ ਰਾਜ ਆਨੰਦ ਨੇ ਸਾਰਿਆਂ ਨੂੰ ਨਵੇਂ ਸਾਲ ਦੀਆਂ ਵਧਾਈਆਂ ਦਿੱਤੀਆਂ ਤੇ ਕਿਹਾ ਕਿ ਇਹ ਸਾਲ 2023 ਸਭ ਲਈ ਖ਼ੁਸ਼ੀਆਂ ਭਰਿਆ ਹੋਵੇ।

# ਨਿਰੰਕਾਰੀ ਭਵਨ ਘੱਗਾ ਵਿਖੇ ਸਤਿਸੰਗ ਕਰਵਾਇਆ





**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸੰਤ ਨਿਰੰਕਾਰੀ ਮਿਸ਼ਨ ਦੇ ਪ੍ਰਚਾਰਕ ਡਾਕਟਰ ਕਰਮਜੀਤ ਸਿੰਘ ਧੂਰੀ ਦੀ ਪ੍ਰਧਾਨਗੀ ਹੇਠ ਸੰਤ ਨਿਰੰਕਾਰੀ ਸਤਸੰਗ ਭਵਨ ਘੱਗਾ ਵਿਖੇ ਨਵੇਂ ਸਾਲ ਦੀ ਆਮਦ ਨੂੰ ਮੁੱਖ ਰੱਖਦਿਆਂ ਇੱਕ ਵਿਸ਼ੇਸ਼ ਸਤਿਸੰਗ ਕਰਵਾਇਆ ਗਿਆ। ਇਸ ਮੌਕੇ ਘੱਗਾ ਇਲਾਕੇ ਦੇ ਸਮਾਜ ਸੇਵੀ ਸੱਜਣਾਂ ਤੇ ਪੱਤਰਕਾਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਸਤਿਗੁਰੂ ਦੇ ਆਸ਼ੀਰਵਾਦ ਪ੍ਰਦਾਨ ਕਰਦਿਆਂ ਡਾਕਟਰ ਕਰਮਜੀਤ ਸਿੰਘ ਧੂਰੀ ਨੇ ਕਿਹਾ ਕਿ ਨਵਾਂ ਸਾਲ ਸਾਰਿਆਂ ਲਈ ਖ਼ੁਸ਼ੀਆਂ ਭਰਿਆ ਹੋਵੇ, ਸਾਰੇ ਆਪਸੀ ਭਾਈਚਾਰਕ ਸਾਂਝ ਤੇ ਮਿਲਵਰਤਣ ਨਾਲ ਰਹਿਣ, ਹਰ ਪਾਸੇ ਖ਼ੁਸ਼ੀਆਂ ਹੋਵਣ। ਉਨ੍ਹਾ ਕਿਹਾ ਕਿ ਮਨੁੱਖੀ ਜੀਵਨ ਦਾ ਮਨੋਰਥ ਪ੍ਰਮਾਤਮਾ ਨੂੰ ਜਾਣ ਕੇ ਪ੍ਰਮਾਤਮਾ ਦੀ ਭਗਤੀ ਕਰਕੇ ਜਨਮ-ਮਰਨ ਤੋਂ ਮੁਕਤੀ ਪ੍ਰਾਪਤ ਕਰਨਾ ਹੈ। ਉਨ੍ਹਾ ਕਿਹਾ ਕਿ ਜਿਨ੍ਹਾਂ ਨੇ ਅਜੇ ਤੱਕ ਬ੍ਰਹਮ ਗਿਆਨ ਪ੍ਰਾਪਤ ਕਰਕੇ ਨਿਰੰਕਾਰ ਪ੍ਰਭੂ ਦੇ ਦਰਸ਼ਨ ਨਹੀਂ ਕੀਤੇ, ਉਹ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਪਾਸੋਂ ਬ੍ਰਹਮ ਗਿਆਨ ਦੀ ਪ੍ਰਾਪਤੀ ਕਰਕੇ ਪ੍ਰਮਾਤਮਾ ਨੂੰ ਜਾਣ ਕੇ ਮੁਕਤੀ ਪ੍ਰਾਪਤ ਕਰ ਸਕਦੇ ਹਨ। ਉਨ੍ਹਾ ਅੱਗੇ ਫਰਮਾਇਆ ਕਿ ਪੱਤਰਕਾਰ ਸਮਾਜ ਦਾ ਚੌਥਾ ਥੰਮ੍ਹ ਹਨ, ਇਸ ਕਰਕੇ ਸਮਾਜ ਵਿੱਚ ਇਹ ਸਨਮਾਨ ਦੇ ਪਾਤਰ ਹਨ। ਨਵੇਂ ਸਾਲ ਦੀ ਆਮਦ ਮੌਕੇ ਅੱਜ ਇਨ੍ਹਾਂ ਪੱਤਰਕਾਰਾਂ ਨੂੰ ਸਨਮਾਨਤ ਕੀਤਾ ਜਾ ਰਿਹਾ ਹੈ। ਇਸ ਮੌਕੇ ਘੱਗਾ ਬਰਾਂਚ ਦੇ ਮੁਖੀ ਭੀਮ ਸੈਨ ਨੇ ਆਏ ਹੋਏ ਪਤਵੰਤੇ ਸੱਜਣਾਂ ਤੇ ਸੰਗਤਾਂ ਨੂੰ ਜੀ ਆਇਆਂ ਆਖਿਆ ਅਤੇ ਡਾਕਟਰ ਕਰਮਜੀਤ ਧੂਰੀ ਵਾਲਿਆਂ ਦਾ ਸਤਿਗੁਰੂ ਦਾ ਸੰਦੇਸ਼ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਪਟਿਆਲਾ ਖੇਤਰ ਦੇ ਖੇਤਰੀ ਸੰਚਾਲਕ ਮਨਮੋਹਨ ਸਿੰਘ, ਪਾਤੜਾਂ ਬ੍ਰਾਂਚ ਦੇ ਮੁਖੀ ਵਿਜੇ ਵਰਮਾ, ਬਿਸ਼ਨਪੁਰਾ ਬਰਾਂਚ ਦੇ ਮੁਖੀ ਗੁਰਚਰਨ ਸਿੰਘ, ਜਗਤਾਰ ਸਿੰਘ ਮੁਖੀ ਬਾਦਸ਼ਾਹਪੁਰ ਬ੍ਰਾਂਚ ਤੋਂ ਇਲਾਵਾ ਵੱਡੀ ਗਿਣਤੀ 'ਚ ਇਲਾਕੇ ਦੀਆਂ ਸੰਗਤਾਂ ਹਾਜ਼ਰ ਸਨ।

# ਲਾਰਡ ਬੁੱਧਾ ਟਰੱਸਟ 'ਚ ਨਵੇਂ ਮੈਂਬਰ ਸ਼ਾਮਲ ਹੋਏ



**ਫਰੀਦਕੋਟ (ਐਲਿਗਜੈਂਡਰ ਡਿਸੂਜ਼ਾ)**

ਇਲਾਕੇ ਦੀ ਪ੍ਰਮੁੱਖ ਗੈਰ-ਸਰਕਾਰੀ ਸਮਾਜ ਸੇਵੀ ਸੰਸਥਾ ਲਾਰਡ ਬੁੱਧਾ ਚੈਰੀਟੇਬਲ ਟਰੱਸਟ ਦੀ ਵਧੀਆ ਕਾਰਗੁਜ਼ਾਰੀ ਆਮ ਲੋਕਾਂ ਨੂੰ ਪ੍ਰਭਾਵਤ ਕਰ ਰਹੀ ਹੈ। ਸਮਾਜ ਸੇਵਾ ਦੇ ਸਾਰਥਕ ਉਪਰਾਲਿਆਂ ਸਦਕਾ ਇਲਾਕੇ ਦੇ ਲੋਕ ਟਰੱਸਟ ਨਾਲ ਜੁੜਨਾ ਸ਼ੁਰੂ ਹੋ ਗਏ ਹਨ। ਇਸੇ ਲੜੀ ਅਧੀਨ ਸੁਖਵਿੰਦਰ ਕੌਰ ਤੇ ਕਰਨਵੀਰ ਸਿੰਘ ਬਕਾਇਦਾ ਤੌਰ 'ਤੇ ਟਰੱਸਟ ਦੀ ਮੈਂਬਰਸ਼ਿਪ ਹਾਸਲ ਕਰਕੇ ਮੈਂਬਰ ਬਣ ਗਏ ਹਨ। ਟਰੱਸਟ ਆਗੂਆਂ ਵੱਲੋਂ ਨਵੇਂ ਬਣੇ ਦੋਹਾਂ ਮੈਂਬਰਾਂ ਨੂੰ 'ਜੀ ਆਇਆਂ' ਕਿਹਾ ਗਿਆ ਅਤੇ ਹਾਰ ਪਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ। ਇਥੇ ਇਹ ਜਾਣਕਾਰੀ ਦਿੰਦੇ ਹੋਏ ਟਰੱਸਟ ਦੀ ਜਨਰਲ ਸਕੱਤਰ ਮਿਸ ਅਮਨ ਸਿੱਧੂ ਨੇ ਦੱਸਿਆ ਕਿ ਉਨ੍ਹਾਂ ਦੀ ਸੰਸਥਾ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਹੀ ਸਮਾਜ ਸੇਵਾ ਦੇ ਕਾਰਜ ਜਾਰੀ ਰੱਖੇਗੀ। ਇਸ ਮੌਕੇ ਨਵੀਂ ਬਣੀ ਮੈਂਬਰ ਸੁਖਵਿੰਦਰ ਕੌਰ ਨੇ ਕਿਹਾ ਕਿ ਉਹ ਪਿਛਲੇ ਲੰਮੇ ਸਮੇਂ ਤੋਂ ਟਰੱਸਟ ਵੱਲੋਂ ਕੀਤੇ ਜਾ ਰਹੇ ਸਮਾਜ ਸੇਵਾ ਦੇ ਕਾਰਜਾਂ ਬਾਰੇ ਸੁਣਦੇ ਆ ਰਹੇ ਹਨ। ਉਨ੍ਹਾਂ ਸੰਸਥਾ ਦੇ ਬਾਨੀ ਚੇਅਰਮੈਨ ਜਗਦੀਸ਼ ਰਾਏ ਢੋਸੀਵਾਲ ਤੇ ਜ਼ਿਲ੍ਹਾ ਪ੍ਰਧਾਨ ਜਗਦੀਸ਼ ਰਾਜ ਭਾਰਤੀ ਨੂੰ ਵਿਸ਼ਵਾਸ ਦਿਵਾਇਆ ਕਿ ਟਰੱਸਟ ਦੇ ਮੈਂਬਰ ਵਜੋਂ ਆਪਣੇ ਜ਼ਿੰਮੇ ਲਗਾਈ ਗਈ ਡਿਊਟੀ ਨੂੰ ਪੂਰੀ ਨੇਕ ਨੀਤੀ ਤੇ ਇਮਾਨਦਾਰੀ ਨਾਲ ਨਿਭਾਉਣਗੇ। ਜਨਰਲ ਸਕੱਤਰ ਮਿਸ ਸਿੱਧੂ ਨੇ ਇਹ ਵੀ ਜਾਣਕਾਰੀ ਦਿੱਤੀ ਹੈ ਕਿ ਆਉਂਦੇ 5-7 ਦਿਨਾਂ ਵਿੱਚ ਕੁਝ ਹੋਰ ਨਵੇਂ ਮੈਂਬਰ ਸੰਸਥਾ ਵਿੱਚ ਸ਼ਾਮਲ ਹੋਣਗੇ। ਇਸ ਮੌਕੇ ਚੇਅਰਮੈਨ ਢੋਸੀਵਾਲ, ਪ੍ਰਧਾਨ ਭਾਰਤੀ ਤੇ ਮਿਸ ਅਮਨ ਸਿੱਧੂ ਤੋਂ ਇਲਾਵਾ ਟਰੱਸਟ ਦੇ ਸੀਨੀਅਰ ਮੈਂਬਰ ਮਨਜੀਤ ਖਿੱਚੀ ਤੇ ਪ੍ਰੇਮ ਲਤਾ ਮੌਜੂਦ ਸਨ।

# ਧਾਮ ਤਲਵੰਡੀ ਖੁਰਦ 'ਚ ਭੂਰੀ ਵਾਲਿਆਂ ਦੇ ਚਾਦਰ ਦਿਵਸ ਸੰਬੰਧੀ ਅਖੰਡ ਪਾਠਾਂ ਦੀ ਲੜੀ ਆਰੰਭ

## ਮਾਨਵਤਾ ਦੀ ਸੇਵਾ ਮਨੁੱਖ ਨੂੰ ਅਧਿਆਤਮਕ ਤੇ ਸਮਾਜਿਕ ਦਿਸ਼ਾ ਦਿੰਦੀ ਹੈ : ਸਵਾਮੀ ਸ਼ੰਕਰਾ ਨੰਦ



ਧਾਮ ਤਲਵੰਡੀ ਖੁਰਦ ਵਿਖੇ ਸਵਾਮੀ ਸ਼ੰਕਰਾ ਨੰਦ ਮਹਾਰਾਜ ਭੂਰੀ ਵਾਲੇ ਅਖੰਡ ਪਾਠਾਂ ਦੀ ਲੜੀ ਆਰੰਭ ਕਰਨ ਸਮੇਂ।

**ਮੁੱਲਾਂਪੁਰ ਦਾਖਾ (ਗੁਰਮੇਲ ਮੈਲਡੇ)**

ਧਾਮ ਤਲਵੰਡੀ ਖੁਰਦ ਵਿਖੇ ਮਾਘ ਮਹੀਨੇ ਹੋਣ ਵਾਲੇ ਸਾਲਾਨਾ ਸਮਾਗਮ ਜਗਤਗੁਰੂ ਬਾਬਾ ਗਰੀਬ ਦਾਸ ਮਹਾਰਾਜ ਜੀ ਦੀ ਬਾਣੀ ਦੇ ਸ਼੍ਰੀ ਅਖੰਡ ਪਾਠਾਂ ਦੀ ਲੜੀ ਨਾਲ ਆਰੰਭ ਹੋਏ। ਪਾਠਾਂ ਦੀ ਆਰੰਭਤਾ ਮੌਜੂਦਾ ਸੰਚਾਲਕ ਸਵਾਮੀ ਸ਼ੰਕਰਾ ਨੰਦ ਮਹਾਰਾਜ ਭੂਰੀ ਵਾਲਿਆਂ ਨੇ ਕੀਤੀ। ਸਵਾਮੀ ਓਮਾ ਨੰਦ ਤੇ ਸਕੱਤਰ ਕੁਲਦੀਪ ਸਿੰਘ ਮਾਨ ਅਨੁਸਾਰ ਇਹ ਸਮਾਗਮ ਸਵਾਮੀ ਗੰਗਾ ਨੰਦ ਮਹਾਰਾਜ ਜੀ ਭੂਰੀ ਵਾਲਿਆਂ ਦੇ ਗੱਦੀ ਨਸ਼ੀਨ ਸਵਾਮੀ ਸ਼ੰਕਰਾ ਨੰਦ ਮਹਾਰਾਜ ਭੂਰੀ ਵਾਲਿਆਂ ਦੇ 38ਵੇਂ ਚਾਦਰ ਦਿਵਸ ਤੇ ਬੱਚਿਆਂ ਦੀ ਸਾਂਭ ਸੰਭਾਲ ਲਈ ਯਤਨਸ਼ੀਲ ਐੱਸ.ਜੀ.ਬੀ. ਇੰਟਰਨੈਸ਼ਨਲ ਫਾਊਂਡੇਸ਼ਨ ਧਾਮ ਤਲਵੰਡੀ ਖੁਰਦ ਦੇ ਸਥਾਪਨਾ ਦਿਵਸ ਸਬੰਧੀ 15 ਜਨਵਰੀ ਤੱਕ ਜਾਰੀ ਰਹਿਣਗੇ। ਇਸ ਦੇ ਨਾਲ ਹੀ ਸਵਾਮੀ ਗੰਗਾ ਨੰਦ ਮਹਾਰਾਜ ਭੂਰੀ ਵਾਲਿਆਂ ਦੀ ਜਨਮ ਸ਼ਤਾਬਦੀ ਨੂੰ ਸਮਰਪਤ ਪੰਜਾਬ, ਰਾਜਸਥਾਨ, ਹਰਿਆਣਾ 'ਚ ਕੁਟੀਆਵਾਂ ਤੇ ਸ਼ਰਧਾਲੂ ਸੰਗਤਾਂ ਦੇ ਘਰ ਸ੍ਰੀ ਅਖੰਡ ਪਾਠ, ਸਹਿਜ ਪਾਠ ਪ੍ਰਕਾਸ਼ ਕਰਨ ਲਈ ਆਰੰਭ ਕੀਤੀ ਲੜੀ ਦੇ 54ਵੇਂ ਸ਼੍ਰੀ ਅਖੰਡ ਪਾਠ ਦੇ ਭੋਗ 15 ਜਨਵਰੀ ਨੂੰ ਧਾਮ ਤਲਵੰਡੀ ਖੁਰਦ ਵਿਖੇ ਪਾਏ ਜਾਣਗੇ। ਸਵਾਮੀ ਸ਼ੰਕਰਾ ਨੰਦ ਮਹਾਰਾਜ ਭੂਰੀ ਵਾਲਿਆਂ ਨੇ ਕਿਹਾ ਕਿ ਪ੍ਰਮਾਤਮਾ ਮਨੁੱਖਾ ਜੀ ਦੀ ਹੋਂਦ ਹੀ ਮਾਨਵਤਾ ਦੀ ਭਲਾਈ ਲਈ ਕਾਰਜਸ਼ੀਲ ਰਹਿਣ ਲਈ ਕੀਤੀ ਹੈ, ਸ਼ੁੱਧ ਭਾਵਨਾ ਨਾਲ ਨਾਮ ਜਪਣ ਤੇ ਸੇਵਾ ਕਰਨ ਵਾਲੇ ਜੀਵ ਨੂੰ ਅਧਿਆਤਮਕ ਤੇ ਸਮਾਜਿਕ ਦਿਸ਼ਾ ਮਿਲਦੀ ਹੈ। ਮੋਹਣ ਲਾਲ ਪਵਾ ਤੇ ਚੇਅਰਮੈਨ ਮੋਹਣ ਲਾਲ ਮੋਹਣ ਮਾਜਰਾ ਨੇ ਦੱਸਿਆ ਕਿ 13 ਤੇ 14 ਜਨਵਰੀ ਨੂੰ ਦੁਪਹਿਰ 12 ਤੋਂ 3 ਵਜੇ ਤੱਕ ਕੀਰਤਨ ਦੀਵਾਨ ਸਜਣਗੇ ਤੇ 15 ਜਨਵਰੀ ਨੂੰ ਸਵੇਰੇ 10 ਵਜੇ ਭੋਗਾਂ ਉਪਰੰਤ ਸਤਸੰਗ ਕੀਰਤਨ ਹੋਵੇਗਾ। ਇਸ ਮੌਕੇ ਸਵਾਮੀ ਓਮਾ ਨੰਦ, ਸਵਾਮੀ ਹੰਸਾ ਨੰਦ ਧਾਮ ਗੰਗੋਤਰੀ ਤੋਂ ਇਲਾਵਾ ਭਾਈ ਗੁਰਮੀਤ ਸਿੰਘ ਬੈਂਸ, ਭਾਈ ਕੇਵਲ ਸਿੰਘ ਬੜੂੰਦੀ, ਭਾਈ ਬਲਜਿੰਦਰ ਸਿੰਘ ਲਿੱਤਰ, ਭਾਈ ਰਾਹੁਲ ਮਿਸਰਾ, ਸੁਖਵੰਤ ਸਿੰਘ ਈਸੇਵਾਲ ਨੰਬਰਦਾਰ, ਸੇਵਾਦਾਰ ਗੁਰਮੁੱਖ ਸਿੰਘ ਬੜੂੰਦੀ, ਭੁਪਿੰਦਰ ਸਿੰਘ ਬੜੈਚ, ਲਵਪ੍ਰੀਤ ਸਿੰਘ ਲਵਲੀ, ਵੈਦ ਸ਼ਿਵ ਕੁਮਾਰ ਭਾਦਸੋਂ, ਪੰਡਤ ਰਾਜੀਵ ਸ਼ਰਮਾ, ਅਚਾਰੀਆ ਕ੍ਰਿਸ਼ਨ ਕੁਮਾਰ ਭਾਦਸੋਂ ਤੇ ਸਿਮਰਜੀਤ ਸਿੰਘ ਗਰਚਾ ਆਦਿ ਹਾਜ਼ਰ ਸਨ।

# ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਿਆਂ 'ਚ ਧਾਰਮਕ ਸਮਾਗਮ ਕਰਵਾਏ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਨਵੇਂ ਸਾਲ ਦੀ ਆਮਦ 'ਤੇ ਗੁਰਦੁਆਰਾ ਸ੍ਰੀ ਸਿੰਘ ਸਭਾ ਮੇਨ ਬਜ਼ਾਰ ਮਾਛੀਵਾੜਾ ਵਿਖੇ ਪ੍ਰਬੰਧਕ ਕਮੇਟੀ, ਮਾਤਾ ਹਰਦੇਈ ਸਤਿਸੰਗ ਸਭਾ ਤੇ ਬਾਦਸ਼ਾਹ ਦਰਵੇਸ਼ ਸੇਵਾ ਸੁਸਾਇਟੀ ਵੱਲੋਂ ਧਾਰਮਿਕ ਸਮਾਗਮ ਕਰਵਾਇਆ ਗਿਆ। ਇਸ ਮੌਕੇ ਮਾਤਾ ਹਰਦੇਈ ਸਤਿਸੰਗ ਦੀਆਂ ਬੀਬੀਆਂ, ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਭੋਲਾ ਤੇ ਛੋਟੇ-ਛੋਟੇ ਬੱਚਿਆਂ ਵੱਲੋਂ ਰਸਭਿੰਨਾ ਕੀਰਤਨ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਪੁੱਜੇ ਭਾਈ ਜਗਜੀਤ ਸਿੰਘ ਸੰਗਤਪੁਰਾ ਵਾਲਿਆਂ ਨੇ ਆਈਆਂ ਸੰਗਤਾਂ ਨੂੰ ਨਾਮ ਸਿਮਰਨ ਨਾਲ ਜੋੜਿਆ। ਨਵੇਂ ਵਰ੍ਹੇ ਦੀ ਆਮਦ 'ਤੇ ਸਮੂਹ ਸੰਗਤਾਂ ਵੱਲੋਂ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਧਾਰਮਿਕ ਸਮਾਗਮ ਵਿੱਚ ਡੀ ਐੱਸ ਪੀ ਸਮਰਾਲਾ ਵਰਿਆਮ ਸਿੰਘ ਪੁੱਜੇ, ਜਿਨ੍ਹਾਂ ਨੂੰ ਹੈੱਡ ਗ੍ਰੰਥੀ ਭਾਈ ਮਲਕੀਤ ਸਿੰਘ ਭੋਲਾ ਤੇ ਸਿਮਰਨਜੀਤ ਸਿੰਘ ਗੋਗੀਆ ਵੱਲੋਂ ਸਨਮਾਨਤ ਕੀਤਾ ਗਿਆ। ਸੰਗਤਾਂ ਵੱਲੋਂ ਅਤੁੱਟ ਲੰਗਰ ਵੀ ਵਰਤਾਏ ਗਏ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਮਰਜੀਤ ਸਿੰਘ ਤਨੇਜਾ, ਕੈਸ਼ੀਅਰ ਸੋਹਨ ਸਿੰਘ, ਦਵਿੰਦਰ ਸਿੰਘ ਰਾਜੂ, ਪਰਮਜੋਤ ਸਿੰਘ ਜੋਤੀ, ਜਸਪਾਲ ਸਿੰਘ ਗੁਲਿਆਨੀ, ਕਪੂਰ ਸਿੰਘ ਗੁਲਿਆਨੀ, ਚਰਨਜੀਤ ਕੌਰ, ਹਰਬਖਸ਼ ਕੌਰ, ਗੁਰਿੰਦਰ ਕੌਰ ਟੱਕਰ, ਪ੍ਰੇਮ ਕੌਰ, ਸੁਖਵਿੰਦਰ ਕੌਰ, ਬੀਬੀ ਭੋਲੀ, ਗੁਰਪ੍ਰੀਤ ਕੌਰ, ਹਰਜੀਤ ਕੌਰ, ਸੁਰਜੀਤ ਕੌਰ, ਮਾ. ਗੁਰਸਿਮਰਨਜੀਤ ਸਿੰਘ, ਗੁਰਦੀਪ ਸਿੰਘ ਬੱਤਰਾ ਆਦਿ ਹਾਜ਼ਰ ਸਨ। ਇਸੇ ਤਰ੍ਹਾਂ ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਪਵਿੱਤਰ ਧਰਤੀ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਸਵੇਰ ਤੋਂ ਸੰਗਤਾਂ ਦਾ ਭਾਰੀ ਗਿਣਤੀ ਵਿੱਚ ਆਉਣਾ ਲੱਗਿਆ ਰਿਹਾ। ਗੁਰਦੁਆਰਾ ਸਾਹਿਬ ਦੇ ਮੈਨੇਜਰ ਮਲਕੀਤ ਸਿੰਘ ਨੇ ਦੱਸਿਆ ਕਿ ਨਵੇਂ ਸਾਲ ਦੀ ਆਮਦ ਮੌਕੇ ਸਵੇਰ ਤੋਂ ਸੰਗਤਾਂ ਦੀ ਭਾਰੀ ਭੀੜ ਰਹੀ ਤੇ ਉਨ੍ਹਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਅਰਦਾਸ ਕਰ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਉਨ੍ਹਾ ਦੱਸਿਆ ਕਿ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਜਸਦੇਵ ਸਿੰਘ, ਸੁਖਬੀਰ ਸਿੰਘ ਤੇ ਹਰਵਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕੀਤਾ ਤੇ ਭਾਈ ਇਕਨਾਮ ਸਿੰਘ ਨੇ ਕਥਾ ਪ੍ਰਵਾਹ ਚਲਾਇਆ। ਸ਼੍ਰੋਮਣੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਚਾਰਕ ਭਾਈ ਬਚਿੱਤਰ ਸਿੰਘ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਜਿੱਥੇ ਨਵੇਂ ਵਰ੍ਹੇ ਦੀ ਵਧਾਈ ਦਿੱਤੀ ਗੁਰੂ ਸਾਹਿਬ ਜੀ ਦੀ ਜੀਵਨੀ ਨਾਲ ਸਬੰਧਿਤ ਇਤਿਹਾਸਕ ਯਾਦਾਂ ਵੀ ਸਾਂਝੀਆਂ ਕੀਤੀਆਂ। ਹੈੱਡ ਗ੍ਰੰਥੀ ਭਾਈ ਹਰਪਾਲ ਸਿੰਘ ਗੁਰਮੁਖ ਵੱਲੋਂ ਅਖੀਰ 'ਚ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ ਗਈ। ਇਸ ਮੌਕੇ ਇੰਟਰਨੈਸ਼ਨਲ ਗਨੀ ਖਾਂ ਨਬੀ ਖਾਂ ਸੁਸਾਇਟੀ ਦੇ ਪ੍ਰਧਾਨ ਬਾਬਾ ਮੋਹਣ ਸਿੰਘ, ਅਕਾਊਂਟੈਂਟ ਸੁਖਦੇਵ ਸਿੰਘ, ਚਿੱਤਰਕਾਰ ਜਗਦੀਸ਼ ਸਿੰਘ ਬਰਾੜ, ਜਸਵੀਰ ਸਿੰਘ ਢਿੱਲੋਂ, ਸ਼ੇਰ ਸਿੰਘ ਸ਼ੇਰਾ, ਬਲਜੀਤ ਸਿੰਘ ਬੁਰਜ, ਹਰਜਿੰਦਰ ਸਿੰਘ ਗਿੱਲ, ਮੱਖਣ ਸਿੰਘ ਪਾਬਲਾ, ਬਾਬਾ ਹਰੀ ਸਿੰਘ, ਰਿਕਾਰਡ ਕੀਪਰ ਭੁਪਿੰਦਰ ਸਿੰਘ, ਪ੍ਰਧਾਨ ਜਸਵੀਰ ਸਿੰਘ ਗਿੱਲ, ਜਸਵੀਰ ਸਿੰਘ ਖਜ਼ਾਨਚੀ, ਅਨਮੋਲ ਸਿੰਘ ਮੌਜੂਦ ਸਨ।

3-Jan-2023-page-11-Majha.qxd 1/2/2023 10:36 PM Page 1



# ਸਰਕਾਰ ਨੇ ਮੰਗਾਂ ਨਾ ਮੰਨੀਆਂ ਤਾਂ ਸੰਘਰਸ਼ ਨੂੰ ਹੋਰ ਕਰਾਂਗੇ ਤਿੱਖਾ: ਕਿਸਾਨ ਆਗੂ



ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵੱਲੋਂ ਡੀਸੀ ਦਫਤਰਾਂ ਅਤੇ ਟੋਲ ਪਲਾਜ਼ਿਆਂ ਉੱਪਰ ਚਲ ਰਹੇ ਮੋਰਚੇ ਅੱਤ ਦੀ ਠੰਡ ਵਿੱਚ ਨਿਰੰਤਰ ਜਾਰੀ ਹਨ ਅਤੇ ਕਿਸਾਨ ਤੇ ਮਜ਼ਦੂਰ ਬੁਲੰਦ ਅਤੇ ਦ੍ਰਿੜ੍ਹ ਇਰਾਦਿਆਂ ਨਾਲ ਡਟੇ ਹੋਏ ਹਨ। ਪ੍ਰੈੱਸ ਨੋਟ ਜਾਰੀ ਕਰਦਿਆਂ ਹਰਜਿੰਦਰ ਸਿੰਘ ਘੱਗੇ ਅਤੇ ਨਵਤੇਜ ਸਿੰਘ ਏਕਲਗੱਡਾ ਨੇ ਦੱਸਿਆ ਕਿ ਇਨ੍ਹਾਂ ਧਰਨਿਆਂ ਵਿੱਚ ਪਿੰਡਾਂ ਤੋਂ ਕਿਸਾਨ ਤੇ ਮਜ਼ਦੂਰ ਆਪਣੀ ਵਾਰੀ ਮੁਤਾਬਿਕ ਵੱਡੀ ਗਿਣਤੀ ਵਿੱਚ ਪਹੁੰਚ ਰਹੇ ਹਨ। ਇਸ ਮੌਕੇ ਜ਼ਿਲ੍ਹਾ ਮੀਤ ਪ੍ਰਧਾਨ ਦਿਆਲ ਸਿੰਘ ਮੀਆਂਵਿੰਡ, ਸਤਨਾਮ ਸਿੰਘ ਖੋਜਕੀਪੁਰ ਅਤੇ ਪਾਖਰ ਸਿੰਘ ਲਾਲਪੁਰਾ ਨੇ ਕਿਹਾ ਕਿ ਦੇਸ ਦੇ ਹਾਕਮਾਂ ਵੱਲੋਂ ਸਾਰੇ ਜਨਤਕ ਅਦਾਰੇ ਕਾਰਪੋਰੇਟ ਘਰਾਣਿਆਂ ਦੇ ਹਵਾਲੇ ਕਰਨ ਲਈ ਪੂਰਾ ਤਾਣ ਲਗਾਇਆ ਜਾ ਰਿਹਾ ਹੈ। ਦੇਸ਼ ਦੀਆਂ ਸਾਰੀਆਂ ਸੜਕਾਂ ਨਿੱਜੀ ਖੇਤਰ ਹਵਾਲੇ ਕਰਕੇ ਲੋਕਾਂ ਦੀ ਵੱਡੀ ਲੁੱਟ ਕੀਤੀ ਜਾ ਰਹੀ ਹੈ। ਪੰਜਾਬ ਦੇ 33 ਟੋਲ ਪਲਾਜ਼ੇ ਕੇਂਦਰ ਸਰਕਾਰ ਦੇ ਅਧੀਨ ਚੱਲ ਰਹੇ ਹਨ ਅਤੇ 12 ਟੋਲ ਪਲਾਜ਼ੇ ਪੰਜਾਬ ਸਰਕਾਰ ਦੇ ਅਧੀਨ ਚਲ ਰਹੇ ਹਨ। ਇਨ੍ਹਾਂ ਟੋਲ ਪਲਾਜ਼ਿਆਂ ਰਾਹੀਂ ਪੰਜਾਬ ਭਰ ਦੇ ਲੋਕਾਂ ਨੂੰ ਗੁੰਡਾ ਟੈਕਸ ਲਾ ਕੇ ਲੁੱਟਿਆ ਜਾ ਰਿਹਾ ਹੈ ਅਤੇ ਕਰੋੜਾਂ ਰੁਪਏ ਲੁੱਟ ਕੇ ਪੂੰਜੀਪਤੀਆਂ ਦੀਆਂ ਜੇਬਾਂ ਭਰੀਆਂ ਜਾ ਰਹੀਆਂ ਹਨ। ਇਸ ਲਈ ਰੋਡ ਟੈਕਸ ਅਤੇ ਟੋਲ ਟੈਕਸ ਲਾ ਕੇ ਲੋਕਾਂ ਦੀ ਦੋਹਰੀ ਲੁੱਟ ਕੀਤੀ ਜਾ ਰਹੀ ਹੈ। ਕਿਸਾਨ ਆਗੂਆਂ ਨੇ ਅੱਗੇ ਕਿਹਾ ਕਿ ਪੰਜਾਬ ਦੀ ਮਾਨ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੇ ਮੁੱਦਿਆਂ ਨੂੰ ਜਾਣ-ਬੁੱਝ ਕੇ ਅਣਗੌਲਿਆਂ ਕਰ ਰਹੀ ਹੈ। ਕਿਸਾਨ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸਨ ਅਤੇ ਪੰਜਾਬ ਸਰਕਾਰ ਨੂੰ ਚਿਤਾਵਨੀ ਦਿੰਦਿਆਂ ਕਿਹਾ ਕਿ ਕਿਰਤੀ ਲੋਕਾਂ ਦੀਆਂ ਹੱਕੀ ਮੰਗਾਂ ਤੁਰੰਤ ਹੱਲ ਕੀਤੀਆਂ ਜਾਣ ਅਤੇ ਸਾਰੇ ਟੋਲ ਪਲਾਜ਼ੇ ਬਿਲਕੁਲ ਬੰਦ ਕੀਤੇ ਜਾਣ ਜਾਂ ਸਰਕਾਰ ਇਨ੍ਹਾਂ ਦਾ ਪ੍ਰਬੰਧ ਆਪਣੇ ਹੱਥਾਂ ਵਿੱਚ ਲੈ ਕੇ 75 ਫੀਸਦੀ ਰੇਟ ਘੱਟ ਕਰੇ। ਧਰਤੀ ਹੇਠਲੇ ਪਾਣੀ ਅਤੇ ਕੁਦਰਤੀ ਸੋਮਿਆਂ 'ਚ ਜ਼ਹਿਰ ਘੋਲਣ ਵਾਲੀਆਂ ਫੈਕਟਰੀਆਂ 'ਤੇ ਕਾਰਵਾਈ ਕਰਕੇ ਤੁਰੰਤ ਬੰਦ ਕਰਵਾਈਆਂ ਜਾਣ। ਨਸ਼ੇ ਦੇ ਸੌਦਾਗਰਾਂ ਨੂੰ ਫੜ ਕੇ ਜੇਲਾਂ ਅੰਦਰ ਬੰਦ ਕੀਤਾ ਜਾਵੇ, ਸਕੂਲਾਂ/ਕਾਲਜਾਂ ਦੇ ਮਿਆਰ ਨੂੰ ਉੱਚਾ ਚੁੱਕਿਆ ਜਾਵੇ ਅਤੇ ਪੰਜਾਬ ਦੇ ਬੱਚਿਆਂ ਨੂੰ ਸਸਤੀ ਅਤੇ ਉਚੇਰੀ ਸਿੱਖਿਆ ਮੁਹੱਈਆ ਕਰਵਾਈ ਜਾਵੇ, ਸਰਕਾਰੀ ਦਫਤਰਾਂ ਵਿੱਚ ਲੋਕਾਂ ਦੀ ਹੁੰਦੀ ਲੁੱਟ ਨੂੰ ਰੋਕਿਆ ਜਾਵੇ ਅਤੇ ਭ੍ਰਿਸ਼ਟਾਚਾਰ ਨੂੰ ਨੱਥ ਪਾਈ ਜਾਵੇ। ਇਸ ਮੌਕੇ ਸਾਹਿਬ ਸਿੰਘ ਨਰੋਤਮਪੁਰ, ਗੁਲਜ਼ਾਰ ਸਿੰਘ ਮੀਆਂਵਿੰਡ, ਭਗਵਾਨ ਸਿੰਘ ਸੰਘਰ, ਰੂਪ ਸਿੰਘ ਵੈਰੋਵਾਲ, ਲਵਜੀਤ ਸਿੰਘ ਖੋਜਕੀਪੁਰ, ਬਲਜੀਤ ਸਿੰਘ ਘੱਗੇ, ਅਨੂਪ ਸਿੰਘ ਕੋਟਲੀ, ਤਰਸੇਮ ਸਿੰਘ ਏਕਲਗੱਡਾ, ਬਲਜੀਤ ਸਿੰਘ ਲਾਲਪੁਰਾ, ਹਰਦੇਬ ਸਿੰਘ ਸਰਲੀ, ਸੁਖਚੈਨ ਸਿੰਘ ਅੱਲੋਵਾਲ, ਗੁਰਨਾਮ ਸਿੰਘ ਝੰਡੇਰ, ਗੁਰਦੀਪ ਸਿੰਘ ਗਗੜੇਵਾਲ, ਦਸੰਧਾ ਸਿੰਘ ਫਾਜ਼ਲਪੁਰ, ਸੁਖਦੇਵ ਸਿੰਘ ਬਿਹਾਰੀਪੁਰ ਤੋਂ ਇਲਾਵਾ ਹੋਰ ਕਿਸਾਨ ਆਗੂ ਹਾਜ਼ਰ ਸਨ।

## ਡਿੱਪੂ ਹੋਲਡਰ ਯੂਨੀਅਨ ਦੀ ਮੀਟਿੰਗ ਅੱਜ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਡਿੱਪੂ ਹੋਲਡਰ ਯੂਨੀਅਨ ਸਰਕਲ ਦੀਨਾਨਗਰ ਦੀ ਇੱਕ ਮੀਟਿੰਗ ਯੂਨੀਅਨ ਦੇ ਆਗੂ ਜਸਬੀਰ ਸਿੰਘ ਵੀਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਡਿੱਪੂ ਹੋਲਡਰਾਂ ਨੂੰ ਪੇਸ਼ ਆ ਰਹੀਆਂ ਦਰਪੇਸ਼ ਮੁਸ਼ਕਲਾਂ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਮੌਕੇ ਯੂਨੀਅਨ ਆਗੂ ਜਸਬੀਰ ਸਿੰਘ ਵੀਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਮੀਟਿੰਗ ਵਿੱਚ ਸਰਬਸੰਮਤੀ ਨਾਲ ਮਤਾ ਪਾਸ ਕਰਕੇ ਯੂਨੀਅਨ ਦੀ ਇਕ ਵਿਸ਼ੇਸ਼ ਮੀਟਿੰਗ ਭਲਕੇ 3 ਜਨਵਰੀ ਨੂੰ ਪੁਰਾਣਾ ਬਿਜਲੀ ਘਰ ਦੀਨਾਨਗਰ ਵਿਖੇ 11 ਵਜੇ ਰੱਖੀ ਗਈ ਹੈ ਜਿਸ ਵਿਚ ਡਿੱਪੂ ਹੋਲਡਰਾਂ ਦੀਆਂ ਸਮੱਸਿਆਵਾਂ ਬਾਰੇ ਵਿਚਾਰਾਂ ਕੀਤੀਆਂ ਜਾਣਗੀਆਂ ਅਤੇ ਉਨ੍ਹਾਂ ਦੇ ਹੱਲ ਸਬੰਧੀ ਉਪਰਾਲੇ ਵੀ ਕੀਤੇ ਜਾਣਗੇ। ਇਸ ਮੌਕੇ ਯੂਨੀਅਨ ਦੇ ਆਗੂ ਰਮਨ ਕੁਮਾਰ, ਰਮੇਸ਼ ਸ਼ਰਮਾ, ਸੁਰੇਸ਼ ਕੁਮਾਰ, ਅਮਰ ਸਿੰਘ, ਸਿਕੰਦਰ ਸਿੰਘ, ਮਨੋਹਰ ਲਾਲ, ਸਤਵਿੰਦਰ ਬਿੱਲਾ, ਅਸ਼ਵਨੀ ਕੂਕਾ ਅਤੇ ਰਵੀ ਕੁਮਾਰ ਆਦਿ ਹਾਜ਼ਰ ਸਨ।

## 42 ਬੋਤਲਾਂ ਨਜਾਇਜ਼ ਸ਼ਰਾਬ ਸਮੇਤ ਕਾਬੂ

ਗੁਰਦਾਸਪੁਰ (ਜਨਕ ਮਹਾਜਨ)-ਪੁਲਸ ਸਟੇਸ਼ਨ ਧਾਰੀਵਾਲ ਵਲੋਂ ਇਕ ਵਿਅਕਤੀ ਪਾਸੋਂ 42 ਬੋਤਲਾਂ ਨਜਾਇਜ਼ ਸ਼ਰਾਬ ਬਰਾਮਦ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਮਿਲੀ ਜਾਣਕਾਰੀ ਅਨੁਸਾਰ ਏਐੱਸ ਆਈ ਅਸ਼ੋਕ ਕੁਮਾਰ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਮੁਖਬਰ ਖਾਸ ਦੀ ਇਤਲਾਹ 'ਤੇ ਦੋਸ਼ੀ ਸੋਨੂੰ ਪੁੱਤਰ ਅਨਿਲ ਕੁਮਾਰ ਵਾਸੀ ਗਲੀ ਨੰਬਰ 02 ਗੁਰੂ ਨਾਨਕਪੁਰਾ ਥਾਣਾ ਕੋਟ ਖਾਲਸਾ ਅੰਮ੍ਰਿਤਸਰ ਨੂੰ 42 ਬੋਤਲਾਂ ਸ਼ਰਾਬ ਸਮੇਤ ਕਾਬੂ ਕਰਕੇ ਦੋਸ਼ੀ ਖਿਲਾਫ ਆਬਕਾਰੀ ਐਕਟ ਅਧੀਨ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

## ਅੰਮ੍ਰਿਤਸਰ-ਮਹਿਤਾ ਰੋਡ 'ਤੇ ਪੈਂਦੇ ਪੈਟਰੋਲ ਪੰਪਾਂ ਦੀਆਂ ਮਨਮਾਨੀਆਂ ਤੋਂ ਖਪਤਕਾਰ ਪ੍ਰੇਸ਼ਾਨ

ਤਰਸਿੱਕਾ, ਤਰਸੇਮ ਸਿੰਘ ਸਾਧਪੁਰ)-ਇੱਕ ਤਾਂ ਪਹਿਲਾਂ ਹੀ ਪੈਟਰੋਲ, ਡੀਜ਼ਲ, ਗੈਸ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ ਅਤੇ ਨਿਤ ਦਿਨ ਸਰਕਾਰ ਇਨ੍ਹਾਂ ਦੀਆਂ ਕੀਮਤਾਂ ਵਿੱਚ ਵਾਧਾ ਕਰ ਰਹੀ ਹੈ, ਦੂਸਰਾ ਪੈਟਰੋਲ ਪੰਪਾਂ ਵਾਲੇ ਵੀ ਗਾਹਕ ਦੇ ਕੁਝ ਪੱਲੇ ਪਾ ਕੇ ਖ਼ੁਸ਼ ਨਹੀਂ ਹਨ ਜਿਸ ਕਾਰਣ ਆਮ ਖਪਤਕਾਰ ਬਹੁਤ ਪ੍ਰੇਸ਼ਾਨ ਹੈ। ਅੰਮ੍ਰਿਤਸਰ-ਮਹਿਤਾ ਰੋਡ 'ਤੇ ਬੋਪਾਰਾਏ ਪੈਂਦੇ ਇਕ ਪੈਟਰੋਲ ਪੰਪ ਤੋਂ ਜਦੋਂ ਇਸ ਪੱਤਰਕਾਰ ਨੇ ਵੇਖਿਆ ਕਿ ਬਿਨਾਂ ਫੀਡ ਕਰਾਏ 100 ਸੌ ਰੁਪਏ ਦਾ ਪੈਟਰੋਲ ਪਵਾਉਣ ਵਾਲੇ ਖਪਤਕਾਰਾਂ ਨੂੰ ਨੜਿੰਨਵੇਂ ਰੁਪਏ ਚੁਤਾਲੀ ਪੈਸੇ ਦਾ ਪੈਟਰੋਲ ਪਾ ਕੇ ਲੋਕਾਂ ਕੋਲੋਂ ਸੌ ਰੁਪਿਆ ਲਿਆ ਜਾ ਰਿਹਾ ਸੀ। ਹਾਜ਼ਰ ਖਪਤਕਾਰਾਂ ਨੇ ਇਸ ਦਾ ਜਦੋਂ ਸਪਸ਼ਟੀਕਰਨ ਮੰਗਿਆ ਤਾਂ ਪੰਪ ਵਾਲਿਆਂ ਨੇ ਕਿਹਾ ਕਿ ਸੌ ਰੁਪਈਏ ਦਾ ਵੀ ਇਕ ਲਿਟਰ ਤਿੰਨ ਪੁਆਇੰਟ ਹੀ ਪੈਣਾ ਹੈ ਤੇ ਨੜਿੰਨਵੇਂ ਰੁਪਏ ਚੁਤਾਲੀ ਪੈਸੇ ਦਾ ਵੀ ਇੰਨਾ ਹੀ ਪੈਟਰੋਲ ਪੈਣਾ ਹੈ। ਤਸੱਲੀਬਖ਼ਸ਼ ਜਵਾਬ ਨਾ ਮਿਲਣ ਤੋਂ ਬਾਅਦ ਤੇਲ ਪਾਉਣ ਵਾਲੇ ਤਾਂ ਚਲੇ ਗਏ ਪਰ ਲੋਕਾਂ ਵਿੱਚ ਸਰਕਾਰ ਪ੍ਰਤੀ ਗੁੱਸਾ ਵਧਦਾ ਜਾ ਰਿਹਾ ਹੈ। ਖਪਤਕਾਰਾਂ ਦਾ ਕਹਿਣਾ ਹੈ ਕਿ ਪਹਿਲਾਂ ਹੀ ਪੈਟਰੋਲ ਤੇ ਡੀਜ਼ਲ ਦੀਆਂ ਕੀਮਤਾਂ ਨੂੰ ਸਰਕਾਰਾਂ ਨੇ ਅੱਗਾਂ ਲਾਈਆਂ ਹੋਈਆਂ ਹਨ, ਉੱਪਰੋਂ ਇਹ ਪੈਟਰੋਲ ਪੰਪਾਂ ਵਾਲੇ ਤੇਲ ਘੱਟ ਪਾ ਕੇ ਸਾਡੀ ਖੱਜਲ ਖੁਆਰੀ ਤੇ ਸਾਰੀ ਲੁੱਟ-ਖਸੁੱਟ ਕਰ ਰਹੇ ਹਨ ਜਿਨ੍ਹਾਂ ਨੂੰ ਪੁੱਛਣ ਵਾਲਾ ਲੱਗਦਾ ਹੈ ਕਿ ਕੋਈ ਹੈ ਹੀ ਨਹੀਂ। ਬੋਪਾਰਾਏ ਵਾਲਾ ਪੈਟਰੋਲ ਪੰਪ ਜੋ ਇਕ ਡੇਰਾ ਮੁਖੀ ਵੱਲੋਂ ਚਲਾਇਆ ਜਾ ਰਿਹਾ ਹੈ ਤੇ ਕਰਿੰਦਿਆਂ ਵੱਲੋਂ ਇਹ ਕਹਿਣਾ ਕਿ ਸੌ ਰੁਪਈਏ ਦਾ ਵੀ ਇੱਕ ਲੀਟਰ 3 ਪੁਆਇੰਟ ਤੇ ਨੜਿੰਨਵੇਂ ਰੁਪਏ ਚੁਤਾਲੀ ਪੈਸੇ ਦਾ ਵੀ ਉਨਾ ਹੀ ਪੈਟਰੋਲ ਪੈਣਾ ਤਾਂ ਫਿਰ ਸਾਡੇ 46 ਪੈਸੇ ਦਾ ਕੀ ਬਣਦਾ ਹੈ, ਇਹ ਸਵਾਲ ਖੜਕ ਰਿਹਾ ਹੈ। ਇਹ ਨਹੀਂ ਕਿ ਸਾਰੇ ਹੀ ਪੰਪ ਅਜਿਹਾ ਕਰ ਰਹੇ ਹਨ, ਕਈ ਪੰਪਾਂ ਵਲੋਂ ਬਹੁਤ ਵਧੀਆ ਤੇਲ ਤੇ ਪੂਰੀ ਮਿਕਦਾਰ ਵਿੱਚ ਪਾਇਆ ਜਾ ਰਿਹਾ ਹੈ। ਇਲਾਕੇ ਦੇ ਖਪਤਕਾਰਾਂ ਨੇ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਅਤੇ ਮੁੱਖ ਮੰਤਰੀ ਪੰਜਾਬ ਤੋਂ ਮੰਗ ਕੀਤੀ ਹੈ ਕਿ ਪੈਟਰੋਲ ਪੰਪਾਂ ਵੱਲੋਂ ਕੀਤੀਆਂ ਜਾ ਰਹੀਆਂ ਮਨਮਾਨੀਆਂ ਨੂੰ ਠੱਲ੍ਹ ਪਾਈ ਜਾਵੇ ਅਤੇ ਕੈਂਪ ਲਗਾ ਕੇ ਲੋਕਾਂ ਨੂੰ ਜਾਗਰੂਕ ਕੀਤਾ ਜਾਵੇ। ਇਸ ਸਬੰਧੀ ਜਦੋਂ ਡੇਰਾ ਮੁਖੀ ਭਾਵ ਕਿ ਪੰਪ ਮਾਲਕ ਨਾਲ ਸੰਪਰਕ ਕੀਤਾ ਗਿਆ ਤਾਂ ਉਨ੍ਹਾਂ ਨੇ ਸਿਵਾਏ ਗੋਂਗਲੂਆਂ ਤੋਂ ਮਿੱਟੀ ਝਾੜਨ ਦੇ ਹੋਰ ਤਸੱਲੀਬਖ਼ਸ਼ ਜਵਾਬ ਨਾ ਦਿੱਤਾ।

ਖਪਤਕਾਰਾਂ ਦਾ ਕਹਿਣਾ ਹੈ ਕਿ ਇਸ ਰੋਡ 'ਤੇ ਪੈਂਦੇ ਕੁਝ ਪੰਪਾਂ ਵਾਲੇ ਤਾਂ ਬਹੁਤ ਵਧੀਆ ਡੀਲ ਕਰਦੇ ਹਨ ਜਦ ਕਿ ਕਈ ਪੰਪਾਂ ਵਾਲੇ ਨਹੀਂ। ਇਸ ਲਈ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਲੋਕਾਂ ਦੀ ਕੀਤੀ ਜਾ ਰਹੀ ਲੁੱਟ ਖਸੁੱਟ ਦੀ ਜਾਂਚ ਕੀਤੀ ਜਾਵੇ ਅਤੇ ਅਣਗਹਿਲੀ ਵਰਤਣ ਵਾਲੇ ਪੈਟਰੋਲ ਪੰਪਾਂ 'ਤੇ ਕਾਨੂੰਨੀ ਕਾਰਵਾਈ ਕਰਕੇ ਖਪਤਕਾਰਾਂ ਨੂੰ ਰਾਹਤ ਦਿਵਾਈ ਜਾਵੇ।

# ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਅਨੰਦ ਕਾਰਜ ਕਰਵਾਏ



ਮਜੀਠਾ (ਸੋਇਮ ਆਨੰਦ)-ਅਮਰ ਸ਼ਹੀਦ ਬਾਬਾ ਜੀਵਨ ਸਿੰਘ ਦਾ ਸਾਲਾਨਾ ਸ਼ਹੀਦੀ ਦਿਹਾੜਾ ਗੁਰਦੁਆਰਾ ਬਾਬਾ ਜੀਵਨ ਸਿੰਘ ਸਬਜ਼ੀ ਮੰਡੀ ਮਜੀਠਾ ਵਿਖੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਜਗਵਿੰਦਰਪਾਲ ਸਿੰਘ ਜੱਗਾ ਮਜੀਠੀਆ ਦੀ ਪ੍ਰੇਰਣਾ ਸਦਕਾ ਗੁਰਦੁਆਰਾ ਕਮੇਟੀ ਦੀ ਅਗਵਾਈ ਹੇਠ ਇਲਾਕਾ ਵਾਸੀਆਂ ਦੇ ਸਹਿਯੋਗ ਨਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਪੈਣ ਉਪਰੰਤ ਪੰਥ ਪ੍ਰਸਿੱਧ ਰਾਗੀ, ਢਾਡੀ ਅਤੇ ਕਵੀਸ਼ਰੀ ਜਥਿਆਂ ਵੱਲੋਂ ਮਨੋਹਰ ਗੁਰਬਾਣੀ ਕੀਰਤਨ ਅਤੇ ਗੁਰੂ ਜੱਸ ਗਾਇਨ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਸਮਾਗਮ 'ਚ ਜਨਰਲ ਸਕੱਤਰ ਯੂਥ ਕਾਂਗਰਸ ਪੰਜਾਬ ਆਕਾਸ਼ਦੀਪ ਸਿੰਘ ਮਜੀਠੀਆ ਵੱਲੋਂ ਨਵ-ਵਿਆਹੇ ਜੋੜਿਆਂ ਨੂੰ ਸ਼ਗਨ ਦੇ ਨਾਲ ਘਰੇਲੂ ਜ਼ਰੂਰੀ ਸਮਾਨ ਵੀ ਦਿੱਤਾ ਗਿਆ। ਗੁਰਦੁਆਰਾ ਸਾਹਿਬ ਦੇ ਗਰੰਥੀ ਭਾਈ ਅਵਤਾਰ ਸਿੰਘ ਵੱਲੋਂ ਜੋੜੀਆਂ ਦੇ ਅਨੰਦ ਕਾਰਜ ਕਰਾਏ ਗਏ। ਉਪਰੰਤ ਸਮੂਹਿਕ ਅਰਦਾਸ ਕਰਕੇ ਨਵ-ਵਿਆਹੇ ਜੋੜਿਆਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਮਜੀਠੀਆ ਨੇ ਕਿਹਾ ਕਿ ਇਹ ਗੁਰਦੁਆਰਾ ਕਮੇਟੀ ਦਾ ਉਪਰਾਲਾ ਬਹੁਤ ਸ਼ਲਾਘਾਯੋਗ ਹੈ। ਅਜਿਹੇ ਕਾਰਜ ਕਰਨ ਨਾਲ ਮਨ ਨੂੰ ਸੰਤੁਸ਼ਟੀ ਮਿਲਦੀ ਹੈ। ਇਸ ਮੌਕੇ ਗੁਰਦਵਾਰਾ ਕਮੇਟੀ ਮੈਂਬਰਾਂ ਨੇ ਆਏ ਪਤਵੰਤਿਆਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਸਤਿੰਦਰ ਸਿੰਘ ਸ਼ਾਹ ਮਜੀਠਾ, ਆਕਾਸ਼ਦੀਪ ਸਿੰਘ ਮਜੀਠੀਆ, ਬਚਿੱਤਰ ਸਿੰਘ, ਕਾਬਲ ਸਿੰਘ, ਕੌਂਸਲਰ ਨਵਦੀਪ ਸਿੰਘ ਸੋਨਾ, ਨੀਰਜ ਸ਼ਰਮਾ, ਮੁਖਤਾਰ ਸਿੰਘ ਚਾਟੀ, ਬਿਕਰਮਜੀਤ ਸਿੰਘ ਵਿੱਕੀ, ਜਗਿੰਦਰ ਸਿੰਘ, ਜੈਪਾਲ ਮਹਾਜਨ, ਗੁਰਨਾਮ ਸਿੰਘ, ਅਮਰਜੀਤ ਸਿੰਘ, ਬਲਵਿੰਦਰ ਸਿੰਘ ਰੋੜੀ, ਪ੍ਰਦੀਪ ਸਿੰਘ ਗੋਲਣ, ਰਮਨ ਦੇਵਗਨ, ਗੁਰਪਾਲ ਸਿੰਘ, ਡਾ. ਕੁਲਦੀਪ ਸਿੰਘ, ਇੰਦਰਜੀਤ ਸਿੰਘ ਬੱਬੀ, ਬੁੱਧਹੰਸ ਸਿੰਘ, ਸਤਨਾਮ ਸਿੰਘ, ਦਵਿੰਦਰ ਸਿੰਘ ਸਮੇਤ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਵੱਡੀ ਗਿਣਤੀ ਵਿੱਚ ਸੰਗਤਾਂ ਵੀ ਹਾਜ਼ਰ ਸਨ।

## ਢਾਬੇ 'ਚ ਜੂਆ ਖੇਡਦੇ 10 ਵਿਅਕਤੀ ਨਕਦੀ ਸਮੇਤ ਗ੍ਰਿਫਤਾਰ

ਗੁਰਦਾਸਪੁਰ (ਜਨਕ ਮਹਾਜਨ)-ਥਾਣਾ ਸਿਟੀ ਗੁਰਦਾਸਪੁਰ ਨੇ ਬੀਤੀ ਰਾਤ ਜੂਆ ਖੇਡਦੇ ਇਕ ਸਥਾਨਕ ਢਾਬੇ ਤੋਂ 10 ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਸਮਾਚਾਰ ਪ੍ਰਾਪਤ ਹੋਇਆ ਹੈ।

ਜਾਣਕਾਰੀ ਦਿੰਦੇ ਹੋਏ ਐੱਸਐੱਚਓ ਸਿਟੀ ਗੁਰਮੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਪੁਲਸ ਪਾਰਟੀ ਦੌਰਾਨੇ ਗਸ਼ਤ ਸਨ।

ਜਦੋਂ ਸਬਜ਼ੀ ਮੰਡੀ ਚੌਕ ਉਹ ਮੌਜੂਦ ਸਨ ਤਾਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਜਿਸ 'ਤੇ ਨਵੇਂ ਸਾਲ ਮੌਕੇ ਬਾਟਾ ਚੌਕ ਚਰਚ ਸਾਹਮਣੇ ਸਥਿਤ ਇਕ ਢਾਬੇ 'ਚੋਂ ਜੂਆ ਖੇਡ ਰਹੇ 10 ਵਿਅਕਤੀਆਂ ਨੂੰ ਮੌਕੇ 'ਤੇ ਗ੍ਰਿਫਤਾਰ ਕੀਤਾ ਗਿਆ ਜਿਨ੍ਹਾਂ ਦੀ ਪਛਾਣ ਜੰਗ ਬਹਾਦਰ ਸ਼ਰਮਾ ਪੁੱਤਰ ਮਦਨ ਸ਼ਰਮਾ ਵਾਸੀ ਝੂਲਣਾ ਮਹਿਲ ਗੁਰਦਾਸਪੁਰ, ਨਵੀਨ ਸ਼ਰਮਾ ਪੁੱਤਰ ਸੁਰਿੰਦਰ ਕੁਮਾਰ ਵਾਸੀ ਉਕਾਂਰ ਨਗਰ ਗੁਰਦਾਸਪੁਰ, ਲਖਵਿੰਦਰ ਕੁਮਾਰ ਪੁੱਤਰ ਕਰਮ ਚੰਦ ਵਾਸੀ ਮੁਹੱਲਾ ਨੰਗਲ ਕੋਟਲੀ ਗੁਰਦਾਸਪੁਰ, ਮੁਖੋ ਪੁੱਤਰ ਰਾਜਜੀਤ ਵਾਸੀ ਸੰਗਲਪੁਰਾ ਰੋਡ ਗੁਰਦਾਸਪੁਰ, ਸ਼ਾਮ ਲਾਲ ਪੁੱਤਰ ਜੋਗਿੰਦਰਪਾਲ ਵਾਸੀ ਲੁਧਿਆਣਾ, ਵਿਸ਼ਾਲ ਪੁੱਤਰ ਜਸਪਾਲ ਵਾਸੀ ਸੰਗਲਪੁਰਾ ਰੋਡ ਗੁਰਦਾਸਪੁਰ, ਰਾਕੇਸ਼ ਕੁਮਾਰ ਪੁੱਤਰ ਬੁਆਦਾਸ ਵਾਸੀ ਨੰਗਲ ਕੋਟਲੀ ਗੁਰਦਾਸਪੁਰ, ਸਚਿਨ ਸ਼ਰਮਾ ਪੁੱਤਰ ਭੂਸ਼ਣ ਸ਼ਰਮਾ ਵਾਸੀ ਬਹਿਰਾਮਪੁਰ ਰੋਡ ਗੁਰਦਾਸਪੁਰ, ਅਮਿਤ ਸ਼ਰਮਾ ਪੁੱਤਰ ਜਗਦੀਸ਼ ਰਾਜ ਵਾਸੀ ਗੁਰੂ ਰਾਮਦਾਸ ਕਾਲੋਨੀ ਗੁਰਦਾਸਪੁਰ, ਰਜਿੰਦਰ ਕੁਮਾਰ ਪੁੱਤਰ ਮਹਿੰਦਰ ਪਾਲ ਵਾਸੀ ਮਸੀਤ ਵਾਲੀ ਗਲੀ ਗੁਰਦਾਸਪੁਰ ਦੇ ਤੌਰ 'ਤੇ ਹੋਈ ਹੈ ਪਰ ਇਨ੍ਹਾਂ ਵਿਚੋਂ ਰਜਿੰਦਰ ਕੁਮਾਰ ਪੁੱਤਰ ਮਹਿੰਦਰ ਪਾਲ ਪੁਲਸ ਪਾਰਟੀ ਨੂੰ ਚਕਮਾ ਦੇ ਕੇ ਮੌਕੇ ਤੋਂ ਫਰਾਰ ਹੋ ਗਿਆ।

ਫੜੇ ਗਏ ਵਿਅਕਤੀਆਂ ਕੋਲੋਂ ਇਕ ਲੱਖ 19 ਹਜ਼ਾਰ 500 ਰੁਪਏ ਦੀ ਨਕਦੀ ਬਰਾਮਦ ਹੋਈ ਹੈ ਅਤੇ ਇਨ੍ਹਾਂ ਦੇ ਖਿਲਾਫ ਗੈਂਬਲਿੰਗ ਐਕਟ ਦੇ ਅਧੀਨ ਮਾਮਲਾ ਦਰਜ ਕਰਕੇ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ।

# ਨੌਸ਼ਹਿਰਾ ਮੱਝਾ ਸਿੰਘ ਦਾ ਸਰਪੰਚ ਸਮੁੱਚੀ ਪੰਚਾਇਤ ਸਮੇਤ 'ਆਪ' 'ਚ ਸ਼ਾਮਲ



ਧਾਰੀਵਾਲ,(ਮਨਦੀਪ ਸਿੰਘ ਵਿੱਕੀ)-ਬਲਾਕ ਧਾਰੀਵਾਲ ਦੇ ਪਿੰਡ ਨੌਸ਼ਹਿਰਾ ਮੱਝਾ ਸਿੰਘ ਦਾ ਮੌਜੂਦਾ ਕਾਂਗਰਸੀ ਸਰਪੰਚ ਮਨਦੀਪ ਸਿੰਘ ਸਮੁੱਚੀ ਪੰਚਾਇਤ ਸਮੇਤ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਹਨ। ਇਸ ਮੌਕੇ ਸਰਪੰਚ ਮਨਦੀਪ ਸਿੰਘ,ਪਲਵਿੰਦਰ ਸਿੰਘ, ਹੀਰਾ ਮਸੀਹ, ਲਖਵਿੰਦਰ ਕੌਰ ਤੇ ਗੁਰਪ੍ਰੀਤ ਕੌਰ 'ਆਪ' ਵਿੱਚ ਸ਼ਾਮਲ ਹੋ ਜਾਣ ਨਾਲ ਵਿਧਾਨ ਸਭਾ ਹਲਕਾ ਬਟਾਲਾ ਦੇ ਨੌਜਵਾਨ ਵਿਧਾਇਕ ਅਮਨਸ਼ੇਰ ਸਿੰਘ ਸ਼ੈਰੀ ਕਲਸੀ ਵਲੋਂ ਹਲਕੇ ਅੰਦਰ ਆਮ ਆਦਮੀ ਪਾਰਟੀ ਦੀ ਮਜ਼ਬੂਤੀ ਲਈ ਕੀਤੇ ਜਾ ਰਹੇ ਯਤਨਾਂ ਨੂੰ ਭਾਰੀ ਬਲ ਮਿਲਿਆ ਹੈ।

ਇਸ ਮੌਕੇ ਵਿਧਾਇਕ ਸ਼ੈਰੀ ਕਲਸੀ ਨੇ ਨੌਸ਼ਹਿਰਾ ਮੱਝਾ ਸਿੰਘ ਦੀ ਸਮੁੱਚੀ ਪੰਚਾਇਤ ਦਾ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋਣ 'ਤੇ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਆਮ ਲੋਕਾਂ ਦੀ ਪਾਰਟੀ ਹੈ ਅਤੇ ਲੋਕ ਆਪ ਪਾਰਟੀ ਦੇ ਸੁਪਰੀਮੋ ਅਰਵਿੰਦ ਕੇਜਰੀਵਾਲ ਅਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਕੀਤੇ ਜਾ ਰਹੇ ਲੋਕ ਪੱਖੀ ਫੈਸਲਿਆਂ ਤੋਂ ਖ਼ੁਸ਼ ਹਨ। ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਆਪ ਪਾਰਟੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਲੋਕਹਿੱਤ ਲਈ ਵੱਡੇ ਫੈਸਲੇ ਲਏ ਹਨ ਅਤੇ ਮਹਿਜ਼ 9 ਮਹੀਨਿਆਂ ਦੇ ਕਾਰਜਕਾਲ ਵਿੱਚ ਇਤਿਹਾਸਕ ਕਦਮ ਚੁੱਕੇ ਗਏ ਹਨ। ਉਨ੍ਹਾਂ ਦੱਸਿਆ ਕਿ ਆਪ ਸਰਕਾਰ ਵਲੋਂ ਸਿਹਤ ਤੇ ਸਿੱਖਿਆ ਦੇ ਖੇਤਰ ਦਾ ਮਿਆਰ ਹੋਰ ਚੁੱਕਿਆ ਗਿਆ ਹੈ, ਜਿਸ ਦੇ ਚੱਲਦਿਆਂ ਲੋਕਾਂ ਦੀ ਸਹੂਲਤ ਲਈ 100 ਆਮ ਆਦਮੀ ਕਲੀਨਿਕ ਖੋਲ੍ਹੇ ਗਏ ਹਨ, ਜੋ ਸਫਲਤਾਪੂਰਵਕ ਚੱਲ ਰਹੇ ਹਨ। ਇਨ੍ਹਾਂ ਵਿੱਚ ਮਰੀਜ਼ਾਂ ਦੇ ਮੁਫ਼ਤ ਟੈਸਟ ਤੇ ਦਵਾਈਆਂ ਆਦਿ ਮੁਹੱਈਆ ਕਰਵਾਈਆਂ ਜਾ ਰਹੀਆਂ ਹਨ। ਬਟਾਲਾ ਵਿੱਚ ਦੋ ਹੋਰ ਨਵੇਂ ਆਮ ਆਦਮੀ ਕਲੀਨਿਕ ਚੰਦਰ ਨਗਰ ਤੇ ਗਾਂਧੀ ਕੈਂਪ ਵਿਖੇ 26 ਜਨਵਰੀ ਨੂੰ ਖੋਲ੍ਹੇ ਜਾਣਗੇ। ਇਸ ਤੋਂ ਪਹਿਲਾਂ ਪਿੰਡ ਮਸਾਣੀਆਂ ਵਿਖੇ ਆਮ ਆਦਮੀ ਕਲੀਨਿਕ ਸਫਲਤਾਪੂਰਵਕ ਚੱਲ ਰਿਹਾ ਹੈ। ਇਸੇ ਤਰ੍ਹਾਂ ਸੂਬਾ ਸਰਕਾਰ ਵਲੋਂ ਬੇਰੁਜ਼ਗਾਰੀ ਨੂੰ ਖਤਮ ਕਰਨ ਦੇ ਮੰਤਵ ਨਾਲ ਨੌਜਵਾਨਾਂ ਨੂੰ ਨਵੀਆਂ ਨੌਕਰੀਆਂ ਪ੍ਰਦਾਨ ਕਰਨ ਲਈ, ਮੁਲਾਜ਼ਮਾਂ ਨੂੰ ਪੱਕਿਆਂ ਕਰਨ ਸਬੰਧੀ ਅਤੇ ਬਿਜਲੀ ਦਾ ਬਿੱਲ ਜ਼ੀਰੋ ਕਰਨ ਸਮੇਤ ਹਰ ਵਰਗ ਦੇ ਹਿੱਤ ਵਿੱਚ ਕਈ ਵੱਡੇ ਲੋਕਪੱਖੀ ਫੈਸਲੇ ਲਏ ਗਏ ਹਨ, ਜਿਸ ਤੋਂ ਸਪੱਸ਼ਟ ਹੈ ਕਿ ਪੰਜਾਬ ਸਰਕਾਰ ਦਾ ਕੰਮ ਬੋਲਦਾ ਹੈ, ਜੋ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਬੋਲਦਾ ਰਹੇਗਾ। ਇਸ ਮੌਕੇ ਆਮ ਆਦਮੀ ਪਾਰਟੀ ਯੂਥ ਵਿੰਗ ਜ਼ਿਲ੍ਹਾ ਗੁਰਦਾਸਪੁਰ ਦੇ ਪ੍ਰਧਾਨ ਮਨਦੀਪ ਸਿੰਘ ਗਿੱਲ ਸਮੇਤ ਹੋਰ ਆਗੂਆਂ ਤੋਂ ਇਲਾਵਾ ਬੀਡੀਪੀਓ ਗੁਰਪ੍ਰੀਤ ਸਿੰਘ ਭੁੱਲਰ ਤੇ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਬੰਦਿਆਂਵਾਲਾ (ਨਵਾਂ ਪਿੰਡ) 'ਚ ਕ੍ਰਿਸਮਸ ਤੇ ਨਵੇਂ ਸਾਲ ਦੇ ਜਸ਼ਨ ਮਨਾਏ



ਧਾਰੀਵਾਲ, (ਮਨਦੀਪ ਸਿੰਘ ਵਿੱਕੀ)-ਪਿੰਡ ਬੰਦਿਆਂਵਾਲਾ (ਨਵਾਂ ਪਿੰਡ) ਵਿੱਚ ਸੰਤ ਮਾਈਕਲ ਚਰਚ ਵਿਖੇ ਕ੍ਰਿਸਮਸ ਅਤੇ ਨਵਾਂ ਸਾਲ ਬੜੀ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਆਯੋਜਿਤ ਸ਼ੋਭਾ ਯਾਤਰਾ ਵਿੱਚ ਸੰਤਨੀ ਤਰੇਜ਼ਾ ਕੈਥੋਲਿਕ ਚਰਚ ਧਾਰੀਵਾਲ ਦੇ ਪ੍ਰੈਰਿਸ ਪ੍ਰੀਸਟ ਫਾਦਰ ਜੋਸ਼ ਪਡਿਆਟੀ ਅਤੇ ਚਰਚ ਪੈਰਿਸ ਕਮੇਟੀ ਦੇ ਪ੍ਰਧਾਨ ਰਾਕੇਸ਼ ਵਿਲੀਅਮ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਸ ਮੌਕੇ ਪ੍ਰਭੂ ਯਿਸੂ ਮਸੀਹ ਦੇ ਜਨਮ ਦਿਹਾੜੇ ਅਤੇ ਨਵੇਂ ਸਾਲ ਦੀਆਂ ਸਮੂਹ ਸੰਗਤਾਂ ਨੂੰ ਵਧਾਈਆਂ ਦਿੱਤੀਆਂ ਅਤੇ ਪ੍ਰਮੇਸ਼ਵਰ ਅੱਗੇ ਨਗਰ ਵਾਸੀਆਂ ਅਤੇ ਪੂਰੇ ਵਿਸ਼ਵ ਦੀ ਸੁੱਖ-ਸ਼ਾਂਤੀ ਲਈ ਦੁਆਵਾਂ ਕੀਤੀਆਂ। ਇਸ ਮੌਕੇ ਫਾਦਰ ਜੋਸ਼ ਪਡਿਆਟੀ ਨੇ ਸੰਗਤਾਂ ਨੂੰ ਪਵਿੱਤਰ ਬਾਈਬਲ ਵਿੱਚੋਂ ਪ੍ਰਵਚਨ ਸੁਣਾਉਂਦੇ ਹੋਏ ਪ੍ਰਭੂ ਯਿਸੂ ਮਸੀਹ ਦੇ ਜੀਵਨ ਬਾਰੇ ਵਿਸਥਾਰਪੂਰਵਕ ਚਾਨਣਾ ਪਾਇਆ ਅਤੇ ਆਪਸੀ ਸਦਭਾਵਨਾ ਬਣਾਈ ਰੱਖਣ ਲਈ ਪ੍ਰੇਰਿਤ ਕੀਤਾ। ਸ਼ੋਭਾ ਯਾਤਰਾ ਦਾ ਵੱਖ-ਵੱਖ ਥਾਵਾਂ 'ਤੇ ਸ਼ਰਧਾਲੂਆਂ ਵਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਪੰਜਾਬ ਕ੍ਰਿਸ਼ਚੀਅਨ ਫੈਡਰੇਸ਼ਨ ਦੇ ਜਨਰਲ ਸਕੱਤਰ ਮਲੂਕ ਰਾਜ ਟੀਟੂ ਨੇ ਫਾਦਰ ਜੋਸ਼ ਪਡਿਆਟੀ ਅਤੇ ਹੋਰ ਧਾਰਮਿਕ ਸ਼ਖਸੀਅਤਾਂ ਨੂੰ ਸਿਰੋਪਾ ਪਾ ਕੇ ਸਨਮਾਨਿਤ ਕੀਤਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਸਿਸਟਰ ਮਰਸੀ, ਸਿਸਟਰ ਰੀਮਾ, ਬਾਬੂ ਸ਼ੰਮੀ ਕਪੂਰ, ਬਾਬੂ ਅਨਿਲ, ਸਾਬਕਾ ਸਰਪੰਚ ਚੂਨੀ ਲਾਲ, ਚੇਤਨ ਰੰਧਾਵਾ, ਪਾਸਟਰ ਸਨੀ, ਸਾਜਨ, ਡਾ: ਲਖਵਿੰਦਰ ਪਾਲ, ਵਿਪਨ ਰੰਧਾਵਾ, ਵਿਲੀਅਮ, ਸਨੀ ਕਲਿਆਣ, ਰੋਬਿਨ ਮਸੀਹ ਬੌਬੀ, ਰੋਮੀ ਸੰਧੂ, ਰਾਜ ਕੁਮਾਰ, ਦੀਪਕ ਰੰਧਾਵਾ, ਅਸ਼ੋਕ ਮਸੀਹ, ਅਭਿਸ਼ੇਕ ਅਤੇ ਆਸ਼ੂ ਆਦਿ ਹਾਜ਼ਰ ਸਨ।

# ਨਵੇਂ ਸਾਲ ਦੇ ਜਸ਼ਨਾਂ ਮੌਕੇ ਨੌਜਵਾਨ ਨੇ ਕੀਤਾ ਫਾਇਰ

ਗੁਰਦਾਸਪੁਰ (ਜਨਕ ਮਹਾਜਨ)-ਇਕ ਸਥਾਨਕ ਹੋਟਲ ਵਿਚ ਚਲ ਰਹੀ ਨਵੇਂ ਸਾਲ ਦੀ ਪਾਰਟੀ ਵਿਚ ਅਪਣੀ ਰਿਵਾਲਵਰ ਕੱਢ ਕੇ ਇਕ ਨੌਜਵਾਨ ਵਲੋਂ ਫਾਇਰ ਕੀਤੇ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਥਾਣਾ ਸਿਟੀ ਗੁਰਦਾਸਪੁਰ ਵਿਚ ਸੁੱਖ ਵਾਹਲਾ ਖਿਲਾਫ ਮਾਨਵੀ ਜੀਵਨ ਨੂੰ ਖਤਰਾ ਪਹੁੰਚਾਉਣ ਦੀ ਧਾਰਾ 336 ਡਿਪਟੀ ਕਮਿਸ਼ਨਰ ਦੇ ਹੁਕਮਾ ਦੀ ਉਲੰਘਣਾ ਕਰਨ ਦੇ ਦੋਸ਼ ਹੇਠ ਧਾਰਾ 188 ਅਤੇ 25, 27 ਅਸਲਾ ਐਕਟ ਦੇ ਅਧੀਨ ਮਾਮਲਾ ਦਰਜ ਕਰ ਲਿਆ ਹੈ ਪਰ ਵਾਹਲਾ ਦੀ ਇਸ ਮਾਮਲੇ ਵਿਚ ਗ੍ਰਿਫਤਾਰੀ ਨਹੀਂ ਹੋਈ। ਦਰਜ ਕੀਤੀ ਗਈ ਐੱਫਆਈਆਰ ਅਨੁਸਾਰ ਥਾਣਾ ਸਿਟੀ ਗੁਰਦਾਸਪੁਰ ਦੇ ਏਐੱਸਆਈ ਗੁਰਮੁੱਖ ਸਿੰਘ ਪੁਲਸ ਪਾਰਟੀ ਸਮੇਤ ਨਵੇਂ ਸਾਲ ਦੀ ਦਰਮਿਆਨੀ ਰਾਤ ਸ਼ਰਾਰਤੀ ਅਨਸਰਾਂ 'ਤੇ ਨਜ਼ਰ ਰੱਖਣ ਲਈ ਦੌਰਾਨ ਗਸ਼ਤ ਪੁਰਾਣੀ ਦਾਣਾ ਮੰਡੀ ਚੌਕ ਗੁਰਦਾਸਪੁਰ ਮੌਜੂਦ ਸਨ। ਮੁਖਬਰ ਖਾਸ ਦੀ ਇਤਲਾਹ 'ਤੇ ਨਵੇਂ ਸਾਲ ਦੀ ਆਮਦ 'ਤੇ ਐੱਫਸੀ ਹੋਟਲ ਨੇੜੇ ਬਾਈਪਾਸ ਚੌਕ ਗੁਰਦਾਸਪੁਰ ਦੇ ਮਾਲਕਾਂ ਵਲੋਂ ਪਾਰਟੀ ਦਾ ਆਯੋਜਨ ਕੀਤਾ ਗਿਆ। ਪਾਰਟੀ ਵਿਚ ਡੀਜੇ ਚਲ ਰਿਹਾ ਸੀ ਅਤੇ ਸਾਰੇ ਨੱਚ ਰਹੇ ਸਨ। ਇੰਨੇ ਨੂੰ ਸੁੱਖ ਵਾਹਲਾ ਨੇ ਅਪਣੀ ਡੱਬ ਵਿਚੋਂ ਰਿਵਾਲਵਰ ਕੱਢ ਕੇ ਫਾਇਰ ਕਰ ਦਿੱਤਾ ਜਿਸ 'ਤੇ ਪਾਰਟੀ ਵਿਚ ਦਹਿਸ਼ਤ ਦਾ ਮਾਹੌਲ ਬਣ ਗਿਆ ਤੇ ਹਫੜਾ-ਦਫੜੀ ਮੱਚ ਗਈ। ਥਾਣਾ ਸਿਟੀ ਗੁਰਦਾਸਪੁਰ ਵਲੋਂ ਸੁਖਵਿੰਦਰ ਸਿੰਘ ਪੁੱਤਰ ਕਸ਼ਮੀਰ ਸਿੰਘ ਵਾਹਲਾ ਵਾਸੀ ਹਰਦੋਬਥਵਾਲਾ ਖਿਲਾਫ ਮੁਕੱਦਮਾ ਮਿਤੀ 2-1-2023 ਦਰਜ ਦਰਜ ਕਰ ਲਿਆ ਹੈ। ਫਿਲਹਾਲ ਕੋਈ ਗ੍ਰਿਫਤਾਰੀ ਨਹੀਂ ਹੋਈ।

# ਲੁੱਟਣ ਦੀ ਨੀਅਤ ਨਾਲ ਪ੍ਰਵਾਸੀ ਮਜ਼ਦੂਰ ਨੂੰ ਮਾਰੀ ਗੋਲੀ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਥਾਣਾ ਗੋਇੰਦਵਾਲ ਸਾਹਿਬ ਦੇ ਅਧੀਨ ਆਉਂਦੇ ਇਲਾਕਿਆਂ ਵਿਚ ਮੋਟਰਸਾਈਕਲ ਸਵਾਰ ਲੁਟੇਰਿਆਂ ਦਾ ਖੌਫ ਸ਼ਰੇਆਮ ਜਾਰੀ ਹੈ ਪਰ ਸਥਾਨਕ ਪੁਲਸ ਥਾਣੇ ਅੰਦਰ ਬੈਠ ਕੇ ਪੀੜਤਾਂ ਨੂੰ ਟਾਲ ਮਟੋਲ ਤੋਂ ਇਲਾਵਾ ਕੋਈ ਕਾਰਵਾਈ ਦਾ ਭਰੋਸਾ ਤੱਕ ਨਹੀਂ ਦੇ ਰਹੀ, ਜਿਸਦੇ ਚਲਦੇ ਥਾਣਾ ਗੋਇੰਦਵਾਲ ਸਾਹਿਬ ਦੇ ਮਹਿਜ਼ 500 ਮੀਟਰ ਦੇ ਘੇਰੇ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਨੂੰ ਲੁੱਟਣ ਦੀ ਨੀਅਤ ਨਾਲ ਗੋਲੀ ਮਾਰ ਦਿੱਤੀ ਗਈ। ਪ੍ਰਾਪਤ ਜਾਣਕਾਰੀ ਅਨੁਸਾਰ ਮਜ਼ਦੂਰ ਨੂੰ ਗੰਭੀਰ ਹਾਲਤ ਵਿੱਚ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਦਾਖਲ ਕਰਵਾਇਆ ਗਿਆ ਹੈ। ਪੁਲਸ ਨੂੰ ਦਿੱਤੇ ਬਿਆਨ ਵਿੱਚ ਜ਼ਖਮੀ ਮਜ਼ਦੂਰ ਸੋਹੇਬ ਵਾਸੀ ਗਾਜ਼ੀਆਬਾਦ ਹਾਲ ਵਾਸੀ ਕਰਤਾਰ ਮਿੱਲ ਗੋਇੰਦਵਾਲ ਸਾਹਿਬ ਦੇ ਭਰਾ ਸਹਿਦ ਨੇ ਦੱਸਿਆ ਕਿ ਉਹ ਆਪਣੇ ਭਰਾ ਤੇ ਚਾਚੇ ਸਮੇਤ ਕਰਤਾਰ ਫਲੋਰ ਮਿੱਲ ਵਿੱਚ ਮਜ਼ਦੂਰੀ ਕਰਦੇ ਹਨ ਅਤੇ ਰਾਤ 8 ਵਜੇ ਦੇ ਕਰੀਬ ਨੇੜੇ ਸਥਿਤ ਢਾਬੇ ਤੋਂ ਰੋਟੀ ਖਾਣ ਜਾ ਰਹੇ ਸੀ। ਇਸ ਦੌਰਾਨ ਥਾਣੇ ਤੋਂ ਕੁਝ ਦੂਰੀ 'ਤੇ ਤਿੰਨ ਮੋਟਰਸਾਈਕਲ ਸਵਾਰ ਨੌਜਵਾਨ ਨੇ ਉਨ੍ਹਾਂ ਨੂੰ ਰੋਕ ਕੇ ਪੈਸੇ ਤੇ ਮੋਬਾਈਲ ਖੋਹਣ ਦੀ ਕੋਸ਼ਿਸ਼ ਕਰਨੀ ਸ਼ੁਰੂ ਕਰ ਦਿੱਤੀ ਜਿਸ ਦੌਰਾਨ ਸੋਹੇਬ ਵਲੋਂ ਵਿਰੋਧ ਕਰਨ 'ਤੇ ਇਕ ਲੁਟੇਰੇ ਵਲੋਂ ਗੋਲੀ ਚਲਾ ਦਿੱਤੀ ਗਈ ਜੋ ਸੋਹੇਬ ਦੀ ਵੱਖੀ ਵਿੱਚ ਲੱਗੀ ਜਿਸਨੂੰ ਗੰਭੀਰ ਹਾਲਤ ਵਿੱਚ ਸਿਵਲ ਹਸਪਤਾਲ ਤਰਨਤਾਰਨ ਵਿਖੇ ਦਾਖਲ ਕਰਵਾਇਆ ਗਿਆ ਜਿਥੋਂ ਉਸਨੂੰ ਗੁਰੂ ਨਾਨਕ ਦੇਵ ਹਸਪਤਾਲ ਅੰਮ੍ਰਿਤਸਰ ਵਿਖੇ ਰੈਫਰ ਕਰ ਦਿੱਤਾ ਗਿਆ ਹੈ। ਮਾਮਲੇ ਸਬੰਧੀ ਡੀਐੱਸਪੀ ਅਰੁਣ ਸ਼ਰਮਾ ਨੇ ਕਿਹਾ ਕਿ ਪੀੜਤ ਦੇ ਭਰਾ ਦੇ ਬਿਆਨ ਦੇ ਆਧਾਰ 'ਤੇ ਮਾਮਲਾ ਦਰਜ ਕਰ ਲਿਆ ਗਿਆ ਹੈ ਅਤੇ ਦੋਸ਼ੀਆਂ ਨੂੰ ਕਾਬੂ ਕਰਨ ਲਈ ਸੀਸੀ ਟੀਵੀ ਖੰਗਾਲੇ ਜਾ ਰਹੇ ਹਨ।

## ਅੱਜ ਬਿਜਲੀ ਬੰਦ ਰਹੇਗੀ

ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਪ੍ਰੈੱਸ ਨੋਟ ਜਾਰੀ ਕਰਦਿਆਂ ਉਪ ਮੰਡਲ ਅਫਸਰ ਦੀਨਾਨਗਰ ਇੰਜੀਨੀਅਰ ਬੋਧਰਾਜ ਨੇ ਦੱਸਿਆ ਕਿ ਪਾਵਰਕੌਮ ਦੇ 220 ਕੇਵੀ ਸਬ-ਸਟੇਸ਼ਨ ਸਰਨਾ ਵਿਖੇ ਟੀਐੱਲਐੱਸਸੀ ਵਿਭਾਗ ਵੱਲੋਂ ਕੀਤੇ ਜਾ ਰਹੇ ਮੁਰੰਮਤ ਦੇ ਕੰਮ ਦੇ ਮੱਦੇਨਜ਼ਰ ਦੀਨਾਨਗਰ ਅਤੇ ਤਾਰਾਗੜ੍ਹ ਅਧੀਨ ਪੈਂਦੇ ਸਾਰੇ ਫੀਡਰਾਂ ਦੀ ਬਿਜਲੀ ਸਪਲਾਈ ਵਿੱਚ ਮੰਗਲਵਾਰ ਨੂੰ ਵਿਘਨ ਪਾਇਆ ਜਾਵੇਗਾ। ਬਿਜਲੀ ਸਵੇਰੇ 10:00 ਵਜੇ ਤੋਂ ਸ਼ਾਮ 5:00 ਵਜੇ ਤੱਕ ਬੰਦ ਰਹੇਗੀ।

## ਸੂਬੇਦਾਰ ਗੁਰਮੇਲ ਸਿੰਘ ਨੂੰ ਗਹਿਰਾ ਸਦਮਾ, ਮਾਤਾ ਦਾ ਦਿਹਾਂਤ



ਅੱਡਾ ਸਰਾਂ, (ਜਸਵੀਰ ਕਾਜਲ)-ਬੀਤੇ ਦਿਨੀਂ ਪਿੰਡ ਕੰਧਾਲਾ ਜੱਟਾਂ ਦੇ ਉੱਘੇ ਸਮਾਜ ਸੇਵਕ ਸੂਬੇਦਾਰ ਗੁਰਮੇਲ ਸਿੰਘ ਅਤੇ ਸਮੂਹ ਪਰਵਾਰ ਨੂੰ ਉਦੋਂ ਗਹਿਰਾ ਸਦਮਾ ਪੁੱਜਾ, ਜਦੋਂ ਉਨ੍ਹਾ ਦੀ ਮਾਤਾ ਅਜੀਤ ਕੌਰ ਅਚਾਨਕ ਆਪਣੇ ਪਰਵਾਰ ਨੂੰ ਸਦੀਵੀ ਵਿਛੋੜਾ ਦੇ ਕੇ ਸਤਿਗੁਰੂ ਚਰਨਾਂ ਵਿੱਚ ਜਾ ਬਿਰਾਜੇ। ਇਸ ਗਹਿਰੇ ਸਦਮੇ ਵਿੱਚ ਸਾਬਕਾ ਮੰਤਰੀ ਸੰਗਤ ਸਿੰਘ ਗਿਲਜ਼ੀਆਂ, ਸਰਪੰਚ ਅਤੇ ਕਾਂਗਰਸ ਜ਼ਿਲ੍ਹਾ ਯੂਥ ਪ੍ਰਧਾਨ ਦਮਨਦੀਪ ਸਿੰਘ ਬਿਲਾ, ਸਰਪੰਚ ਜੋਗਿੰਦਰ ਸਿੰਘ ਹੀਰ, ਬਲਾਕ ਸੰਮਤੀ ਮੈਂਬਰ ਰਾਜ ਕੁਮਾਰੀ, ਪ੍ਰਧਾਨ ਸੂਬੇਦਾਰ ਗੁਰਮੇਲ ਸਿੰਘ, ਅੱਡਾ ਸਰਾਂ ਪ੍ਰਧਾਨ ਅਸ਼ਵਨੀ ਕੁਮਾਰ, ਜਥੇਦਾਰ ਅਵਤਾਰ ਸਿੰਘ ਤਾਰੀ, ਕੈਪਟਨ ਕੁਲਵੀਰ ਸਿੰਘ ਬਾਬਕ, ਬਾਬਾ ਅਵਤਾਰ ਸਿੰਘ ਐੱਨ ਆਰ ਆਈ, ਅਮਰਜੀਤ ਸਿੰਘ ਧਾਲੀਵਾਲ, ਨੰਬਰਦਾਰ ਮਹਿੰਦਰ ਸਿੰਘ ਹੈੱਡ ਗ੍ਰੰਥੀ ਭਾਈ, ਰਣਜੀਤ ਸਿੰਘ, ਬਾਬਾ ਬਿਸ਼ਨ ਸਿੰਘ ਤੋਂ ਇਲਾਵਾ ਹੋਰ ਸੱਜਣਾਂ-ਮਿੱਤਰਾਂ ਨੇ ਪਰਵਾਰ ਨਾਲ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ। ਮਾਤਾ ਅਜੀਤ ਕੌਰ ਨਮਿਤ ਅੰਤਿਮ ਅਰਦਾਸ ਉਨ੍ਹਾ ਦੇ ਪਿੰਡ ਕੰਧਾਲਾ ਜੱਟਾਂ ਵਿਖੇ 4 ਜਨਵਰੀ ਨੂੰ ਹੋਵੇਗੀ।

# ਖਹਿਰਾ ਕੋਟਲੀ ਟੋਲ ਪਲਾਜ਼ੇ 'ਤੇ ਕਿਸਾਨਾਂ ਦਾ ਪੱਕਾ ਧਰਨਾ ਸ਼ੁਰੂ



ਕਲਾਨੌਰ (ਮਨਦੀਪ ਕੋਹਲੀ)-ਅੱਜ ਖਹਿਰਾ ਕੋਟਲੀ ਟੋਲ ਪਲਾਜ਼ੇ 'ਤੇ ਸੰਘਰਸ਼ ਕਮੇਟੀ ਖਹਿਰਾ ਕੋਟਲੀ ਜ਼ਿਲ੍ਹਾ ਗੁਰਦਾਸਪੁਰ ਵੱਲੋਂ ਲਗਾਤਾਰ ਪੱਕਾ ਧਰਨਾ ਸ਼ੁਰੂ ਕਰ ਦਿੱਤਾ ਗਿਆ। ਧਰਨੇ ਦੇ ਪਹਿਲੇ ਦਿਨ ਜਮਹੂਰੀ ਕਿਸਾਨ ਸਭਾ ਏਰੀਆ ਕਮੇਟੀ ਕਲਾਨੌਰ ਵੱਲੋਂ ਸਾਥੀ ਨਰਿੰਜਨ ਸਿੰਘ ਸਰਪੰਚ ਅਗਵਾਨ ਅਤੇ ਬਲਕਾਰ ਸਿੰਘ ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਰਾਜਵਿੰਦਰ ਸਿੰਘ, ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਪ੍ਰੇਮ ਸਿੰਘ, ਕਿਰਤੀ ਕਿਸਾਨ ਯੂਨੀਅਨ ਵੱਲੋਂ ਪਲਵਿੰਦਰ ਸਿੰਘ, ਸਾਬਕਾ ਸੈਨਿਕ ਸੰਘਰਸ਼ ਕਮੇਟੀ ਵੱਲੋਂ ਦਿਲਬਾਗ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਵੱਲੋਂ ਸੁਰਜੀਤ ਸਿੰਘ, ਪੰਜਾਬ ਯੂਨੀਅਨ ਵੱਲੋਂ ਗੁਰਦੀਪ ਸਿੰਘ ਅਤੇ ਅਸ਼ਵਨੀ ਕੁਮਾਰ, ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਵੱਲੋਂ ਗੁਰਮੁਖ ਸਿੰਘ ਅਤੇ ਨਾਜਰ ਸਿੰਘ, ਕੁੱਲ ਹਿੰਦ ਕਿਸਾਨ ਸਭਾ ਵੱਲੋਂ ਜਗਜੀਤ ਸਿੰਘ ਅਲੂਣਾ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਵਲੋਂ ਗੁਰਿੰਦਰ ਸਿੰਘ ਸੈਂਕੜੇ ਕਿਸਾਨਾਂ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਪੱਧਰੀ ਆਗੂਆਂ ਵੱਲੋਂ ਅਰਦਾਸ ਕਰਨ ਉਪਰੰਤ ਧਰਨੇ 'ਤੇ ਬੈਠੇ। ਉਪਰੋਕਤ ਕਿਸਾਨ ਆਗੂਆਂ ਨੂੰ ਸੈਂਕੜੇ ਕਿਸਾਨਾਂ ਦੀ ਹਾਜ਼ਰੀ ਵਿੱਚ ਹਾਰ ਪਾ ਕੇ ਧਰਨੇ ਵਿੱਚ ਬਿਠਾਇਆ ਗਿਆ। ਇਸ ਮੌਕੇ ਵੱਖ-ਵੱਖ ਕਿਸਾਨ ਆਗੂਆਂ ਵੱਲੋਂ ਸਰਕਾਰ ਨੂੰ ਚਿਤਾਵਨੀ ਦਿੱਤੀ ਗਈ ਕਿ ਖਹਿਰਾ ਕੋਟਲੀ ਪਿੰਡ ਵਿਖੇ ਲਗਾਏ ਜਾ ਰਹੇ ਟੋਲ ਪਲਾਜ਼ੇ ਨੂੰ ਤੁਰੰਤ ਰੱਦ ਕੀਤਾ ਜਾਵੇ ਅਤੇ ਇਲਾਕੇ ਦੀ ਜਨਤਾ ਨੂੰ ਇਸ ਵੱਡੇ ਆਰਥਿਕ ਬੋਝ ਤੋਂ ਛੁਟਕਾਰਾ ਦੁਆਇਆ ਜਾਵੇ। ਉਨ੍ਹਾਂ ਨੇ ਅੱਗੇ ਕਿਹਾ ਕਿ ਜੇ ਟੋਲ ਪਲਾਜ਼ੇ ਦੀ ਤਜਵੀਜ਼ ਬੰਦ ਨਹੀਂ ਕੀਤੀ ਜਾਂਦੀ ਤਾਂ ਵੱਖ-ਵੱਖ ਰੂਪਾਂ ਵਿੱਚ ਸੰਘਰਸ਼ ਜਾਰੀ ਰਹੇਗਾ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਹਰਜੀਤ ਸਿੰਘ ਕਾਹਲੋਂ, ਮਾਸਟਰ ਸਰਦੂਲ ਸਿੰਘ ਬਰੀਲਾ, ਵੀਰ ਸਿੰਘ ਕਲਾਨੌਰ, ਬਲਜੀਤ ਸਿੰਘ ਗੁਰਾਇਆ, ਨੰਬਰਦਾਰ ਅਦਾਲਤਪੁਰ, ਕੁਲਦੀਪ ਸਿੰਘ ਅਦਾਲਤਪੁਰ, ਬਲਰਾਜ ਸਿੰਘ ਬਿਸ਼ਨਕੋਟ, ਗੁਰਜੀਤ ਸਿੰਘ ਬੁਲਾਰੀਆ, ਠੇਕੇਦਾਰ ਗੁਰਦਿਆਲ ਸਿੰਘ ਦਾਲਾ ਅਤੇ ਗੁਰਿੰਦਰਪਾਲ ਸਿੰਘ ਸੋਨੂੰ ਆਦਿ ਵੀ ਹਾਜ਼ਰ ਸਨ।

# ਨਵੇਂ ਵਰ੍ਹੇ ਦੀ ਆਮਦ 'ਤੇ ਸਾਹਿਤਕਾਰਾਂ ਨੇ ਰਚਾਇਆ ਸੰਵਾਦ



ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)-ਨਵੇਂ ਵਰ੍ਹੇ 2023 ਨੂੰ ਖੁਸ਼ਆਮਦੀਦ ਕਹਿਣ ਲਈ ਜਿਥੇ ਲੋਕਾਂ ਨੇ ਨੱਚ ਗਾ ਕੇ ਖ਼ੁਸ਼ੀ ਮਨਾਈ ਉਥੇ ਸਾਹਿਤਕਾਰਾਂ ਅਤੇ ਬੁੱਧੀਜੀਵੀਆਂ ਨੇ ਸਾਹਿਤਕ ਸੰਵਾਦ ਰਚਾਉਂਦਿਆਂ ਕਿਹਾ ਕਿ ਆਪਸੀ ਮੇਲ ਜੋਲ ਹੀ ਮਨੁੱਖੀ ਮਨ ਦੀ ਭਟਕਣਾ ਨੂੰ ਖਤਮ ਕਰਦਾ ਹੈ। ਸਾਨੂੰ ਮਿਲ ਬੈਠਣ ਦੇ ਮੌਕੇ ਤਲਾਸ਼ਦੇ ਰਹਿਣਾ ਚਾਹੀਦਾ ਹੈ।

ਪਿੰ. ਅਮ੍ਰਿਤ ਲਾਲ ਮੰਨਣ ਦੀ ਪਹਿਲਕਦਮੀ ਨਾਲ ਸਥਾਨਕ ਕੰਪਨੀ ਬਾਗ ਵਿਚ ਹੋਏ ਇਸ ਸੰਖੇਪ ਪਰ ਅਰਥ ਭਰਪੂਰ ਸਮਾਗਮ ਦਾ ਆਗਾਜ਼ ਕਰਦਿਆਂ ਕਥਾਕਾਰ ਦੀਪ ਦੇਵਿੰਦਰ ਸਿੰਘ ਨੇ ਸ਼ਾਇਰ ਦੇਵ ਦਰਦ ਦੀ ਗਜ਼ਲ "ਕੁਝ ਮੈਂ ਮਿਟਾ ਕੇ ਵੇਖਾਂ ਕੁਝ ਤੂੰ ਮਿਟਾ ਕੇ ਵੇਖੀਂ, ਨਫਰਤ ਮਿਟੂ ਮਟਾਇਆਂ ਇਹ ਅਜ਼ਮਾ ਕੇ ਵੇਖੀਂ" ਦੇ ਹਵਾਲੇ ਨਾਲ ਕਿਹਾ ਕਿ ਨਵੇਂ ਸਾਲ ਦਾ ਪੈਗਾਮ ਸਾਨੂੰ ਪਿਆਰ ਮੁਹੱਬਤ ਨਾਲ ਰਹਿਣਾ ਸਿਖਾਉਂਦਾ ਹੈ। ਪੰਜਾਬੀ ਵਿਦਵਾਨ ਡਾ. ਬਿਕਰਮ ਸਿੰਘ ਘੁੰਮਣ ਨੇ ਕਿਹਾ ਕਿ ਇਸ ਸਮੇਂ ਸਾਨੂੰ ਪੀੜ੍ਹੀ ਪਾੜੇ ਨੂੰ ਖਤਮ ਕਰਕੇ ਨਵੀਂ ਪੀੜ੍ਹੀ ਨਾਲ ਸੰਵਾਦ ਕਰਨੇ ਚਾਹੀਦੇ ਹਨ। ਸਾਹਿਤਕਾਰ ਡਾ. ਸ਼ਿਆਮ ਸੁੰਦਰ ਦੀਪਤੀ ਨੇ ਕਿਹਾ ਕਿ ਘਰ, ਪਰਿਵਾਰ ਅਤੇ ਬਾਜ਼ਾਰ ਅੰਦਰਲੀ ਤਲਖੀ ਤਾਂ ਹੀ ਘਟ ਹੋ ਸਕਦੀ ਹੈ ਜੇ ਸਾਡੀ ਜੀਵਨ ਸ਼ੈਲੀ ਵਿਚ ਆਪਸੀ ਗੱਲਬਾਤ ਨੂੰ ਤਰਜੀਹ ਦਿੱਤੀ ਜਾਵੇ।

ਇੰਜ. ਦਲਜੀਤ ਸਿੰਘ ਕੋਹਲੀ, ਪਰਕਾਸ਼ ਸਿੰਘ ਭੱਟੀ, ਰਜਿੰਦਰ ਸਿੰਘ ਭਕਨਾ, ਬਰੰਮਜੀਤ ਸਿੰਘ ਰੋਮੀ, ਨਿਰਮਲ ਸਿੰਘ ਅੰਨਦ, ਪਰਸ਼ੋਤਮ ਸ਼ਰਮਾ, ਊਸ਼ਾ ਦੀਪਤੀ, ਡਾ. ਪੀ. ਐੱਨ. ਸ਼ਰਮਾ, ਰੋਹਿਤ ਅਤੇ ਹੇਮੰਤ ਕੁਮਾਰ ਨੇ ਨਵੇਂ ਸਾਲ ਦੀ ਆਮਦ 'ਤੇ ਮੁਬਾਰਕਬਾਦ ਦਿੱਤੀ ਅਤੇ ਆਪੋ ਆਪਣੀਆਂ ਰਚਨਾਵਾਂ ਸਾਂਝੀਆਂ ਕੀਤੀਆਂ। ਅੰਤ 'ਤੇ ਪਿੰ. ਅਮ੍ਰਿਤ ਲਾਲ ਮੰਨਣ ਨੇ ਸਭ ਦਾ ਧੰਨਵਾਦ ਕਰਦਿਆਂ ਅਜਿਹੇ ਸਮਾਗਮਾਂ ਦੀ ਨਿਰੰਤਰਤਾ ਦੀ ਹਾਮੀ ਭਰੀ।

# ਰੋਟਰੀ ਕਲੱਬ ਮੇਨ ਨੇ ਖ਼ੂਨਦਾਨ ਕੈਂਪ ਲਾ ਕੇ ਮਨਾਇਆ ਨਵਾਂ ਸਾਲ



ਅੰਮ੍ਰਿਤਸਰ (ਅਰੋੜਾ)-ਰੋਟਰੀ ਕਲੱਬ ਅੰਮ੍ਰਿਤਸਰ ਮੇਨ ਵੱਲੋਂ ਇੱਕ ਸ਼ਲਾਘਾਯੋਗ ਪ੍ਰੋਜੈਕਟ ਨੂੰ ਅੰਜਾਮ ਦਿੰਦੇ ਹੋਏ ਨਵੇਂ ਸਾਲ ਦਾ ਸ਼ੁੱਭ ਆਰੰਭ ਅੰਮ੍ਰਿਤਸਰ ਰੇਲਵੇ ਸਟੇਸ਼ਨ ਡਿਸਪੈਂਸਰੀ ਵਿੱਚ ਖ਼ੂਨਦਾਨ ਕੈਂਪ ਨਾਲ ਕੀਤਾ। ਕਲੱਬ ਦੇ ਪ੍ਰਧਾਨ ਸੀਏ ਵਿਕਾਸ ਕੁਮਾਰ ਦੀ ਦੇਖ-ਰੇਖ ਵਿੱਚ ਲਗਾਏ ਗਏ ਖ਼ੂਨਦਾਨ ਕੈਂਪ ਵਿੱਚ ਕਲੱਬ ਦੇ 21 ਮੈਂਬਰਾਂ ਨੇ ਖ਼ੂਨਦਾਨ ਕਰ ਕੇ ਨਵੇਂ ਸਾਲ ਦਾ ਸ਼ੁੱਭ ਆਰੰਭ ਕੀਤਾ। ਪ੍ਰੋਜੈਕਟ ਚੇਅਰਮੈਨ ਬੀ. ਐੱਮ. ਸਿੰਘ ਦੀਆਂ ਕੋਸ਼ਿਸ਼ਾਂ ਸਦਕਾ ਨਾਲ ਲਗਾਏ ਗਏ ਇਸ ਖ਼ੂਨਦਾਨ ਕੈਂਪ ਦੀ ਸਾਰੇ ਮੈਂਬਰਾਂ ਅਤੇ ਅਹੁਦੇਦਾਰਾਂ ਨੇ ਭਰਪੂਰ ਸ਼ਲਾਘਾ ਕੀਤੀ। ਖ਼ੂਨਦਾਨ ਕਰਨ ਵਾਲਿਆਂ ਵਿੱਚ ਕਲੱਬ ਦੇ ਪ੍ਰਧਾਨ ਵਿਕਾਸ ਕੁਮਾਰ, ਸਾਬਕਾ ਪ੍ਰਧਾਨ ਸਚਿਨ ਅਰੋੜਾ, ਸਾਵਨ ਕੁਮਾਰ, ਰੋਟਰੈਕਟ ਪ੍ਰਧਾਨ ਤਰੁਣ ਅਤੇ ਰੋਟਰੀ ਕਲੱਬ ਦੇ ਕਈ ਮੈਂਬਰਾਂ ਨੇ ਖ਼ੂਨ ਦਾਨ ਕੀਤਾ। ਇਸ ਮੌਕੇ ਸਾਬਕਾ ਪ੍ਰਧਾਨ ਗਵਰਨਰ ਸੀਏ ਦਵਿੰਦਰ ਸਿੰਘ, ਸਕੱਤਰ ਮਹਿੰਦਪਾਲ ਸਿੰਘ, ਅਸ਼ੋਕ ਕੁਮਾਰ, ਸਾਬਕਾ ਪ੍ਰਧਾਨ ਵਿਜੇ ਨਈਅਰ ਅਤੇ ਗੁਰਿੰਦਰ ਕੌਰ ਨੇ ਸ਼ਲਾਘਾਯੋਗ ਭੂਮਿਕਾ ਨਿਭਾਈ। ਪ੍ਰਧਾਨ ਵਿਕਾਸ ਕੁਮਾਰ ਨੇ ਕਿਹਾ ਕਿ ਜ਼ਰੂਰਤਮੰਦ ਲੋਕਾਂ ਨੂੰ ਖ਼ੂਨਦਾਨ ਮੁਹੱਈਆ ਕਰਾਉਣਾ ਇੱਕ ਬਹੁਤ ਪੁੰਨ ਦਾ ਕੰਮ ਹੈ। ਇਸ ਨਾਲ ਕਈ ਰੋਗੀਆਂ ਦੀਆਂ ਜਾਨਾਂ ਬਚਾਈਆਂ ਜਾਂ ਸਕਦੀਆਂ ਹਨ।

ਉਨ੍ਹਾਂ ਨੇ ਭਵਿੱਖ ਵਿੱਚ ਵੀ ਇਸ ਪ੍ਰਕਾਰ ਦੇ ਕੈਂਪ ਲਗਾਏ ਜਾਣ ਦੀ ਗੱਲ ਕਹੀ। ਇਸ ਮੌਕੇ ਐਡਵੋਕੇਟ ਸੁਦਰਸ਼ਨ ਕਪੂਰ, ਡਾ. ਪੀ. ਐੱਸ. ਮਲਹੋਤਰਾ, ਰੋਟੇਰੀਅਨ ਸੁਰਿੰਦਰ ਸਿੰਘ ਆਦਿ ਮੌਜੂਦ ਸਨ।

# ਬੀ ਐੱਸ ਐੱਫ ਨੇ ਫਾਇਰਿੰਗ ਕਰਕੇ ਪਾਕਿ ਡਰੋਨ ਖਦੇੜਿਆ



ਕਲਾਨੌਰ, 2ਜਨਵਰੀ (ਮਨਦੀਪ ਕੋਹਲੀ)-ਸਥਾਨਕ ਕਸਬਾ ਕਲਾਨੌਰ ਬਲਾਕ ਦੀ ਸਰਹੱਦ 'ਤੇ ਸਥਿਤ ਕਮਾਲਪੁਰ ਜੱਟਾਂ ਬੀਓਪੀ 'ਤੇ ਭਾਰਤ-ਪਾਕਿ ਕੌਮਾਂਤਰੀ ਸਰਹੱਦ 'ਤੇ ਤਾਇਨਾਤ ਬੀਐੱਸਐੱਫ ਦੀ 89 ਬਟਾਲੀਅਨ ਦੇ ਜਵਾਨਾਂ ਨੇ ਐਤਵਾਰ ਰਾਤ ਨੂੰ ਪਾਕਿਸਤਾਨੀ ਡਰੋਨਾਂ ਵੱਲੋਂ ਭਾਰਤੀ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰਦਿਆਂ ਸ਼ੱਕੀ ਆਵਾਜ਼ਾਂ ਸੁਣੀਆਂ, ਜਿਸ 'ਤੇ ਗੋਲੀਬਾਰੀ ਕੀਤੀ ਗਈ ਅਤੇ ਰੌਸ਼ਨੀ ਬੰਬ ਸੁੱਟੇ ਗਏ ਅਤੇ ਡਰੋਨ ਪਾਕਿਸਤਾਨ ਵੱਲ ਵਾਪਸ ਚਲਾ ਗਿਆ। ਇਸ ਤੋਂ ਬਾਅਦ ਬੀਐੱਸਐੱਫ ਅਤੇ ਪੁਲਸ ਵੱਲੋਂ ਸਬੰਧਤ ਇਲਾਕੇ ਵਿੱਚ ਤਲਾਸ਼ੀ ਮੁਹਿੰਮ ਚਲਾਈ ਗਈ। ਜਾਣਕਾਰੀ ਅਨੁਸਾਰ ਐਤਵਾਰ ਰਾਤ 10:10 ਵਜੇ ਬੀਐੱਸਐੱਫ ਸੈਕਟਰ ਗੁਰਦਾਸਪੁਰ ਦੀ 89 ਬਟਾਲੀਅਨ, ਕਮਾਲਪੁਰ ਜੱਟਾਂ ਬੀਓਪੀ ਦੇ ਜਵਾਨਾਂ ਨੇ ਭਾਰਤੀ ਖੇਤਰ ਵਿੱਚ ਦਾਖਲ ਹੋਣ ਦੀ ਕੋਸ਼ਿਸ਼ ਕਰ ਰਹੇ ਡਰੋਨ ਵਰਗੀ ਸ਼ੱਕੀ ਆਵਾਜ਼ ਸੁਣ ਕੇ 20 ਦੇ ਕਰੀਬ ਫਾਇਰ ਅਤੇ 2 ਰੌਸ਼ਨੀ ਬੰਬ ਸੁੱਟੇ ਜਿਸ ਕਾਰਨ ਡਰੋਨ ਨੂੰ ਪਾਕਿਸਤਾਨ ਨੂੰ ਵਾਪਸ ਮੋੜ ਦਿੱਤਾ। ਬੀਐੱਸਐੱਫ ਦੇ ਅਧਿਕਾਰੀ, ਜਵਾਨ ਅਤੇ ਪੰਜਾਬ ਪੁਲਸ ਦੇ ਜਵਾਨ ਮੌਕੇ 'ਤੇ ਪਹੁੰਚ ਗਏ ਅਤੇ ਤਲਾਸ਼ੀ ਮੁਹਿੰਮ ਸ਼ੁਰੂ ਕਰ ਦਿੱਤੀ।

# ਅਮਰਜੀਤ ਭਾਟੀਆ ਨੇ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਦਾ ਵਾਧੂ ਚਾਰਜ ਸੰਭਾਲਿਆ



ਡੇਰਾ ਬਾਬਾ ਨਾਨਕ 2 ਜਨਵਰੀ (ਰਮੇਸ਼ ਸ਼ਰਮਾ)-ਸਿੱਖਿਆ ਵਿਭਾਗ ਦੇ ਪੱਤਰ ਨੰ: 356305/2022 ਮਿਤੀ 09-5-2022 ਦੀ ਪਾਲਣਾ ਕਰਦੇ ਹੋਏ ਅਮਰਜੀਤ ਸਿੰਘ ਭਾਟੀਆ ਡੀਈਓ ਐਲੀ: ਵੱਲੋਂ ਜ਼ਿਲ੍ਹਾ ਸਿੱਖਿਆ ਅਫਸਰ ਸੈਕੰ : ਦਾ ਵਾਧੂ ਚਾਰਜ ਸੰਭਾਲ ਲਿਆ। ਇਸ ਮੌਕੇ ਡੀਈਓ ਅਮਰਜੀਤ ਸਿੰਘ ਭਾਟੀਆ ਨੇ ਸਿੱਖਿਆ ਵਿਭਾਗ ਦਾ ਧੰਨਵਾਦ ਕਰਦੇ ਹੋਏ ਜਾਣਕਾਰੀ ਦਿੱਤੀ ਕਿ ਉਨ੍ਹਾਂ ਵੱਲੋਂ ਸਿੱਖਿਆ ਵਿਭਾਗ ਦੇ ਪੱਤਰ ਨੰ: 356305/2022 ਮਿਤੀ 09-5-2022 'ਤੇ ਅਮਲ ਕਰਦਿਆਂ ਉਪਰੋਕਤ ਚਾਰਜ ਸੰਭਾਲਿਆ ਹੈ। ਉਨ੍ਹਾਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਅਤੇ ਇਸ ਦੇ ਨਾਲ-ਨਾਲ ਅਧਿਆਪਕਾਂ ਅਤੇ ਦਫਤਰ ਦਾ ਕੋਈ ਵੀ ਕੰਮ ਪੈਂਡਿੰਗ ਨਹੀਂ ਰਹਿਣ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਅਧਿਆਪਕ ਨੂੰ ਕਿਸੇ ਤਰ੍ਹਾਂ ਦੀ ਸਮੱਸਿਆ ਆਉਂਦੀ ਹੈ ਤਾਂ ਉਹ ਮੇਰੇ ਨਾਲ ਸਿੱਧਾ ਸੰਪਰਕ ਕਰ ਸਕਦੇ ਹਨ। ਇਸ ਮੌਕੇ ਉੱਪ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਲਖਵਿੰਦਰ ਸਿੰਘ, ਉਪ ਜ਼ਿਲ੍ਹਾ ਸਿੱਖਿਆ ਅਫਸਰ ਐਲੀ: ਬਲਬੀਰ ਸਿੰਘ ਨੇ ਵਿਸ਼ੇਸ਼ ਤੌਰ 'ਤੇ ਡੀਈਓ ਐਲੀ : ਦਾ ਫੁੱਲਾਂ ਦਾ ਗੁਲਦਸਤਾ ਦੇ ਕੇ ਸਵਾਗਤ ਕੀਤਾ।

ਇਸ ਮੌਕੇ ਜ਼ਿਲ੍ਹਾ ਮੀਡੀਆ ਕੋਆਰਡੀਨੇਟਰ ਗਗਨਦੀਪ ਸਿੰਘ, ਸੁਪਰਡੰਟ ਸੁਰਿੰਦਰਪਾਲ ਸਿੰਘ, ਗਾਈਡੈਂਸ ਕੌਂਸਲਰ ਪਰਮਿੰਦਰ ਸਿੰਘ ਸੈਣੀ, ਅਮਨਦੀਪ ਸਿੰਘ, ਰਾਕੇਸ਼ ਕੁਮਾਰ ਤੁਲੀ, ਸੁਰਜੀਤ ਸਿੰਘ, ਗੁਰਦਿੱਤ ਸਿੰਘ, ਰਾਹੁਲ ਲੂਨਾ, ਸੀਨੀਅਰ ਸਹਾਇਕ ਰਾਜਕੁਮਾਰ, ਜੂਨੀਅਰ ਸਹਾਇਕ ਨਰਿੰਦਰ ਸ਼ਰਮਾ, ਗੁਰਮੀਤ ਸਿੰਘ, ਅਮਨ ਗੁਪਤਾ, ਮੈਡਮ ਵਿਜੈ ਕੁਮਾਰੀ, ਮੈਡਮ ਸਲਵਿੰਦਰ ਕੌਰ, ਮੈਡਮ ਸੁਖਜੀਤ ਕੌਰ, ਪੁਸ਼ਪਿੰਦਰ ਸਿੰਘ, ਸੁਮੀਤ ਕੁਮਾਰ ਅਤੇ ਸੋਮ ਲਾਲ ਆਦਿ ਹਾਜ਼ਰ ਸਨ।

## ਸੰਤ ਬਾਬਾ ਪਿਆਰਾ ਸਿੰਘ ਸਾਧਪੁਰ ਵਾਲਿਆਂ ਦੀ ਬਰਸੀ ਅੱਜ



ਤਰਸਿੱਕਾ (ਤਰਸੇਮ ਸਿੰਘ ਸਾਧਪੁਰ)-ਪਿੰਡ ਸਾਧਪੁਰ ਦੇ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਲੰਮਾ ਅਰਸਾ ਰਹਿ ਕੇ ਸੰਗਤਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਵਾਲੇ ਮਹਾਨ ਤਪੱਸਵੀ ਸੰਤ ਬਾਬਾ ਪਿਆਰਾ ਸਿੰਘ ਸਾਧਪੁਰ ਵਾਲਿਆਂ ਦੀ ਸਾਲਾਨਾ ਬਰਸੀ 3 ਜਨਵਰੀ ਨੂੰ ਪਿੰਡ ਅਤੇ ਇਲਾਕੇ ਦੀ ਸਮੂਹ ਸਾਧ ਸੰਗਤ ਵੱਲੋਂ ਬੜੀ ਸ਼ਰਧਾ ਭਾਵਨਾ ਅਤੇ ਉਤਸ਼ਾਹ ਨਾਲ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਮਨਾਈ ਜਾ ਰਹੀ ਹੈ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪ੍ਰਬੰਧਕਾਂ ਨੇ ਦੱਸਿਆ ਕਿ ਬਰਸੀ ਦੇ ਸਬੰਧ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਦੀ ਚੱਲ ਰਹੀ ਲੜੀ ਦੇ ਭੋਗ ਪੈਣ ਉਪਰੰਤ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਉੱਚ ਕੋਟੀ ਦੇ ਰਾਗੀ, ਕਵੀਸ਼ਰ ਤੇ ਢਾਡੀ ਜਥੇ ਗੁਰੂ ਇਤਿਹਾਸ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਸੰਤ ਮਹਾਂਪੁਰਸ਼ ਵੀ ਸੰਗਤਾਂ ਵਿੱਚ ਹਾਜ਼ਰੀ ਭਰਨਗੇ। ਗੁਰੂ ਕੇ ਲੰਗਰ ਅਤੁੱਟ ਵਰਤਾਏ ਜਾਣਗੇ।

# ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪ੍ਰਭਾਤ ਫੇਰੀਆਂ ਸ਼ੁਰੂ



ਮਜੀਠਾ (ਸੋਇਮ ਆਨੰਦ)-ਪੁੱਤਰਾਂ ਦੇ ਦਾਨੀ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਪਿੰਡ ਹਰੀਆਂ ਵਿਖੇ ਪ੍ਰਭਾਤ ਫੇਰੀਆਂ ਦਾ ਆਯੋਜਨ ਕੀਤਾ ਜਾ ਰਿਹਾ ਹੈ। ਇਹ ਫੇਰੀਆਂ 5 ਜਨਵਰੀ ਤੱਕ ਚੱਲਣਗੀਆਂ। ਇਹ ਪ੍ਰਭਾਤ ਫੇਰੀਆਂ ਅੰਮ੍ਰਿਤ ਵੇਲੇ ਤਿੰਨ ਵਜੇ ਤੋਂ ਸ਼ੁਰੂ ਹੁੰਦੀਆਂ ਹਨ ਜੋ ਸੱਤ ਵਜੇ ਤੱਕ ਸੰਗਤਾਂ ਵੱਲੋਂ ਵੱਖ-ਵੱਖ ਘਰਾਂ ਵਿੱਚ ਸੰਗਤੀ ਰੂਪ ਵਿੱਚ ਸੁਖਮਨੀ ਸਾਹਿਬ ਅਤੇ ਗੁਰੂ ਸਾਹਿਬ ਜੀ ਦੀ ਜੀਵਨੀ ਦੇ ਅਧਾਰਿਤ ਸ਼ਬਦ ਗਾ ਕੇ ਸੰਗਤਾਂ ਨੂੰ ਨਿਹਾਲ ਕੀਤਾ ਜਾਂਦਾ ਹੈ।

ਸੰਗਤਾਂ ਵੱਲੋਂ ਪ੍ਰਭਾਤ ਫੇਰੀਆਂ ਦੇ ਰੂਪ ਵਿੱਚ ਆਈਆਂ ਸੰਗਤਾਂ ਲਈ ਲੰਗਰ ਤਿਆਰ ਕੀਤੇ ਜਾਂਦੇ ਹਨ। ਇਸ ਮੌਕੇ ਪਿੰਡ ਹਰੀਆਂ ਦੀ ਸਮੂਹ ਸੰਗਤ ਵੱਲੋਂ ਹਾਜ਼ਰੀ ਭਰੀ ਜਾਂਦੀ ਹੈ।

ਨਵਾਂ ਜ਼ਮਾਨਾ (ਜਲੰਧਰ) ਮੰਗਲਵਾਰ, 3 ਜਨਵਰੀ 2023 12

# ਨਵੇਂ ਵਰ੍ਹੇ ਦੀ ਆਮਦ 'ਤੇ ਅੱਡਾ ਸਰਾਂ ਤੋਂ ਵਿਸ਼ੇਸ਼ ਸਪਲੀਮੈਂਟ

ਨਵਰਾਜ ਸਿੰਘ ਔਜਲਾ, ਪਿੰਡ ਜਾਤੀਕੇ ਜਸਵੀਰ ਸਿੰਘ ਕਾਜਲ ਪੱਤਰਕਾਰ


ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਤੇ ਲੋਹੜੀ ਦੀਆਂ ਲੱਖ-ਲੱਖ ਵਧਾਈਆਂ

ਉੜਮੁੜ ਟਾਂਡਾ ਤੋਂ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਅਤੇ ਉਮੀਦਵਾਰ ਜਸਵੀਰ ਸਿੰਘ ਰਾਜਾ

ਅਰਵਿੰਦ ਕੇਜਰੀਵਾਲ ਆਮ ਆਦਮੀ ਪਾਰਟੀ ਸੁਪਰੀਮੋ

ਭਗਵੰਤ ਮਾਨ ਮੁੱਖ ਮੰਤਰੀ, ਪੰਜਾਬ

ਹਰਪਾਲ ਸਿੰਘ ਚੀਮਾ, ਖਜ਼ਾਨਾ ਮੰਤਰੀ, ਪੰਜਾਬ

ਜਸਵੀਰ ਸਿੰਘ ਰਾਜਾ



ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ

24 ਘੰਟੇ ਸੇਵਾਵਾਂ

DIVINE HOSPITAL

Dr.Kanish Singh Sodhi ( B.A.M.S) Mob. 94656-62377

ਅੱਡਾ ਸਰਾਂ ਤੋਂ ਖੜਿਆਲਾ ਰੋਡ, ਨੇੜੇ ਪਬਲਿਕ ਖਾਲਸਾ ਕਾਲਿਜ

ਇੱਥੇ ਹਰ ਤਰਾਂ ਦੀਆਂ ਬਿਮਾਰੀਆਂ ਦਾ ਇਲਾਜ਼ ਕੀਤਾ ਜਾਂਦਾ ਹੈ।



ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ

ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਨਗਰ ਨਿਵਾਸੀ ਪਿੰਡ ਗੋਰਾਇਆਂ (ਭੂੰਗਾ)



ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਤੇ ਲੋਹੜੀ ਦੀਆਂ ਲੱਖ-ਲੱਖ ਵਧਾਈਆਂ

ਹਰਮੀਤ ਸਿੰਘ ਔਲਖ

ਪਿੰਡ ਸਵਾਜਪੁਰ

ਚੇਅਰਮੈਨ ਇੰਪਰੂਵਮੈਂਟ ਟਰੱਸਟ

ਜ਼ਿਲ੍ਹਾ ਹੁਸ਼ਿਆਰਪੁਰ



ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਤੇ ਲੋਹੜੀ ਦੀਆਂ ਲੱਖ-ਲੱਖ ਵਧਾਈਆਂ

ਕਲਵੰਤ ਸਿੰਘ, ਡੀ ਐੱਸ ਪੀ, ਟਾਂਡਾ | ਰਾਜੇਸ਼ ਕੁਮਾਰ, ਚੌਕੀ ਇੰਚਾਰਜ ਅੱਡਾ ਸਰਾਂ | ਗੁਰਮੀਤ ਸਿੰਘ, ਏ ਐੱਸ ਆਈ, ਅੱਡਾ ਸਰਾਂ | ਸੁਰਿੰਦਰ ਸਿੰਘ, ਏ ਐੱਸ ਆਈ ਮੁਰਾਦਪੁਰ ਨਰਿਆਲ | ਕਰਨਜੀਤ ਸਿੰਘ ਐੱਸ ਡੀ ਓ, ਪੀ ਐੱਸ ਪੀ ਸੀ ਐੱਲ, ਅੱਡਾ ਸਰਾਂ | ਵਿਜੈ ਕੁਮਾਰ, ਏ ਏ ਈ ਪੀ ਐੱਸ ਪੀ ਸੀ ਐੱਲ, ਅੱਡਾ ਸਰਾਂ

ਗੁਰਮੇਲ ਸਿੰਘ, ਅਕਾਲੀ ਆਗੂ, ਸ਼ੇਰਗੜ੍ਹ | ਗੁਰਕਮਲ ਸਿੰਘ ਸੋਢੀ, ਅਕਾਲੀ ਆਗੂ ਮੁਰਾਦਪੁਰ ਨਰਿਆਲ | ਪਰਮਜੀਤ ਸਿੰਘ ਧਾਮੀ, ਅਕਾਲੀ ਆਗੂ ਪਿੰਡ ਧਾਮੀਆਂ ਖੁਰਦ | ਰਵਿੰਦਰ ਸਿੰਘ ਸਿੰਘਾਪੁਰੀ, ਕਿਸਾਨ ਆਗੂ ਕਾਦੀਆਂ ਨੰਗਲ ਫਰੀਦ | ਸਤਪਾਲ ਸਿੰਘ ਮਿਰਜ਼ਾਪੁਰ, ਸਟੇਟ ਸੈਕਟਰੀ ਦੋਆਬਾ ਕਿਸਾਨ ਕਮੇਟੀ | ਮਨਜੀਤ ਸਿੰਘ ਧਾਲੀਵਾਲ, ਪਿੰਡ ਕੰਧਾਲਾ ਜੱਟਾਂ

ਸੁਖਵਿੰਦਰ ਜੀਤ ਸਿੰਘ, ਸਰਪੰਚ ਤੇ ਬਲਾਕ ਸੰਮਤੀ ਮੈਂਬਰ, ਝਾਵਾਂ | ਚੌਧਰੀ ਕਮਲ ਧੂਤ, ਸੀਨੀਅਰ ਯੂਥ ਪ੍ਰਧਾਨ ਆਮ ਆਦਮੀ ਪਾਰਟੀ | ਐਡਵੋਕੇਟ ਦਮਨਦੀਪ ਸਿੰਘ ਬਿੱਲਾ ਨਰਵਾਲ, ਜ਼ਿਲ੍ਹਾ ਯੂਥ ਕਾਂਗਰਸ ਪ੍ਰਧਾਨ, ਸਰਪੰਚ ਦਰੀਆ | ਬਲਬੀਰ ਸਿੰਘ, ਸਰਪੰਚ ਕੰਧਾਲਾ ਸ਼ੇਖਾਂ | ਜੋਗਿੰਦਰ ਸਿੰਘ ਹੀਰ, ਸਰਪੰਚ ਕੰਧਾਲਾ ਜੱਟਾਂ | ਸੁਖਵਿੰਦਰ ਸਿੰਘ ਬੇਟੂ, ਸਰਪੰਚ ਕੰਧਾਲੀ ਨਰੰਗਪੁਰ

ਉਂਕਾਰ ਸਿੰਘ ਧਾਮੀ ਸੂਬਾ ਪ੍ਰਧਾਨ, ਨੌਜਵਾਨ ਕਿਸਾਨ, ਮਜ਼ਦੂਰ ਭਲਾਈ ਸੁਸਾਇਟੀ ਰਜਿ. ਪੰਜਾਬ | ਸਤਨਾਮ ਸਿੰਘ ਢਿੱਲੋਂ, ਅਕਾਲੀ ਆਗੂ ਨੈਣਵਾਲ ਵੈਦ | ਡਾ. ਕੇਵਲ ਸਿੰਘ, ਐਕਸ ਐੱਸ ਐੱਮ ਓ ਟਾਂਡਾ ਉੜਮੁੜ | ਡਾ. ਹਰਚਰਨ ਸਿੰਘ, ਐੱਚ ਐੱਸ ਮੈਡੀਕਲ ਸਟੋਰ, ਕੰਧਾਲਾ ਜੱਟਾਂ | ਭਾਈ ਰਣਜੀਤ ਸਿੰਘ, ਹੈੱਡ ਗ੍ਰੰਥੀ ਬਾਬਾ ਕਿਸ਼ਨ ਸਿੰਘ ਗੁਰਦੁਆਰਾ ਕੰਧਾਲਾ ਜੱਟਾਂ | ਕੁਲਵਿੰਦਰ ਸਿੰਘ ਸੋਨੀ, ਦਸੂਹਾ, ਸਰਦਾਰ ਟ੍ਰੇਡਰ ਕੰਧਾਲਾ ਜੱਟਾਂ

ਭਾਈ ਦਤਾਰ ਸਿੰਘ ਢਾਡੀ, ਕੰਧਾਲਾ ਜੱਟਾਂ (98152-59136) | ਵਿਜੈ ਪਾਲ, ਸਰਪੰਚ ਪਿੰਡ ਬੈਰਮਪੁਰ | ਸਤਪਾਲ ਸਿੰਘ, ਸਾਬਕਾ ਸਰਪੰਚ, ਭਾਜਪਾ ਆਗੂ (ਢੱਟ) | ਅਸ਼ਵਨੀ ਕੁਮਾਰ, ਪ੍ਰਧਾਨ ਅੱਡਾ ਸਰਾਂ | ਰੂਪ ਲਾਲ, ਜੇ ਈ ਪੀ, ਪੀ ਐੱਸ ਪੀ ਸੀ ਐੱਲ, ਕੰਧਾਲਾ ਜੱਟਾਂ | ਪਾਸਟਰ ਹਰਵਿੰਦਰ ਪੌਲ, ਦਾ ਗੋਸਪਲ ਡੇ ਚਰਚ ਅੱਡਾ ਸਰਾਂ

ਦਵਿੰਦਰ ਕੌਰ, ਪਿੰਡ ਦਰੀਆ | ਆਗਮਵੀਰ ਢਿੱਲੋਂ, ਸੱਤੀ ਆਟਾ ਚੱਕੀ, ਪਿੰਡ ਕਲੋਆ | ਬਲਬੀਰ ਕੁਮਾਰ, ਗੋਪੂ ਹੇਅਰ ਡ੍ਰੈਸਰ ਭਾਗੀਆ | ਜਸਵੰਤ ਸਿੰਘ, ਪੰਚਾਇਤ ਮੈਂਬਰ, ਧਾਮੀਆਂ ਖੁਰਦ | ਮਲਕੀਤ ਸਿੰਘ, ਕੰਧਾਲੀ ਨਾਰੰਗਪੁਰ

ਗਰੇਟ ਹਵੇਲੀ ਪੈਲੇਸ

ਇੱਥੇ ਨਵਾਂ ਫਰਨੀਚਰ, ਨਵੀਂ ਡੈਕੋਰੇਸ਼ਨ, ਨਵੀਂ ਕਰੋਕਰੀ ਅਤੇ ਖੂਬਸੂਰਤ

ਸੰਪਰਕ : 88475-94618,98154-48363



ਸਮੂਹ ਇਲਾਕਾ ਨਿਵਾਸੀਆਂ ਨੂੰ ਨਵੇਂ ਸਾਲ ਤੇ ਮਾਘੀ ਦੀਆਂ ਲੱਖ-ਲੱਖ ਵਧਾਈਆਂ

ਡਾ. ਬੀ. ਆਰ. ਅੰਬੇਡਕਰ ਯੂਥ ਕਲੱਬ ਰਜਿ.

ਕੰਧਾਲਾ ਜੱਟਾਂ, ਹੁਸ਼ਿਆਰਪੁਰ

ਡਾ. ਭੀਮ ਰਾਓ ਅੰਬੇਡਕਰ ਜੀ

ਡਾ.ਚਰਨਜੀਤ ਪੜਬੱਗਾ, ਕਲੱਬ ਸਰਪ੍ਰਸਤ | ਸੁਮਨਦੀਪ ਸ਼ੰਮੀ ਹੀਰ, ਕਲੱਬ ਵਾਈਸ-ਪ੍ਰਧਾਨ | ਜਸਵੀਰ ਸਿੰਘ ਲੱਕੀ, ਕਲੱਬ ਪ੍ਰਧਾਨ



ਹਰ ਖੁਸ਼ੀ ਦੇ ਮੌਕੇ ਤੇ ਯਾਦ ਰੱਖੋ

ਸਵਰਨ ਟੈਂਟ ਹਾਊਸ ਅਤੇ ਬਿਸਤਰ ਭੰਡਾਰ

ਇੱਥੇ ਪਾਈਪਾਂ ਵਾਲਾ ਟੈਂਟ, ਫੈਂਸੀ ਸਮਾਨ, ਮੈਟ, ਵਧੀਆ ਕਰੌਕਰੀ, ਪਾਣੀ ਵਾਲੇ ਪੱਖੇ, ਗਰਮ ਤੇ ਠੰਡੇ ਬਿਸਤਰੇ ਅਤੇ ਜਨਰੇਟਰ ਦਾ ਖਾਸ ਪ੍ਰਬੰਧ ਹੈ।

ਕੰਧਾਲਾ ਜੱਟਾਂ ਰੋਡ, ਨੇੜੇ ਬਿਜਲੀ ਘਰ, ਅੱਡਾ ਸਰਾਂ, ਜ਼ਿਲ੍ਹਾ ਹੁਸ਼ਿਆਰਪੁਰ

ਅਰਜਿੰਦਰ ਬਿੱਲਾ (ਪ੍ਰੋਪ) Mob.: 90546-03550, 98789-42611, 87250-26928



Raja 98880-47805 Lovely 94177-57060

Lovely Cement Store

Building Material

ਇੱਥੇ ਇੰਟਰਲੋਕ, ਸੀਮਿੰਟ,ਸਰੀਆ, ਬਜਰੀ,ਰੇਤਾ, ਗੱਟਕਾ ਆਦਿ ਲੈਣ ਲਈ ਸੰਪਰਕ ਕਰੋ ;

ਟਾਂਡਾ ਤੋਂ ਹੁਸ਼ਿਆਰਪੁਰ ਰੋਡ ਸਥਿਤ, ਪਿੰਡ ਉਹੜਪੁਰ



(M) 98150-26792 (M) 98142-36307

ਪੰਜਾਬ ਗਿਫਟ ਸੈਂਟਰ

ਇੱਥੇ ਹਰ ਪ੍ਰਕਾਰ ਦਾ ਇਲੈਕਟ੍ਰੋਨਿਕਸ ਅਤੇ ਫਰਨੀਚਰ ਦਾ ਸਮਾਨ ਮਿਲਦਾ ਹੈ।

ਮੇਨ ਰੋਡ, ਅੱਡਾ ਸਰਾਂ, ਹੁਸ਼ਿਆਰਪੁਰ।



G.S MEDICAL STORE

CHEMIST & DRUGGIST

ਗੁਰਪ੍ਰੀਤ ਸਿੰਘ



M.97799-39048, 70098-68302 ਤਜਰਬਾ 14 ਸਾਲ ਦਾ

ਖਾਨ ਫਿਜ਼ੀਓਥੈਰਪੀ

ਹੱਡੀਆਂ ਅਤੇ ਜੋੜਾ ਦਾ ਕਲੀਨਿਕ

ਜੋੜਾ ਅਤੇ ਦਰਦਾਂ ਦੇ ਮਾਹਿਰ

ਇੱਥੇ ਰੀੜ ਦੀ ਹੱਡੀ,ਟੁੱਟੀਆਂ,ਉਤਰੀਆਂ ਹੱਡੀਆਂ ਅਤੇ ਜੋੜਾ ਦੀਆਂ ਦਰਦਾਂ, ਗੋਡਾ,ਡਿਸਕ,ਸਰਵਾਇਕਲ ਆਦਿ ਦਾ ਇਲਾਜ਼ ਕੀਤਾ ਜਾਂਦਾ ਹੈ ।

ਗੁਰਦੇ ਦੀ ਪੱਥਰੀ ਅਤੇ ਟਾਈਫਾਈਡ ਦੀ ਦਵਾਈ ਫਰੀ ਦਿੱਤੀ ਜਾਂਦੀ ਹੈ।

ਨੋਟ:- ਇੱਥੇ ਐਕਸਰੇ ਵੀ ਕੀਤੇ ਜਾਂਦੇ ਹਨ।

ਨੇੜੇ ਪਬਲਿਕ ਖਾਲਸਾ ਕਾਲਜ, ਖੜਿਆਲਾ ਰੋਡ, ਅੱਡਾ ਸਰਾਂ, ( ਕੰਧਾਲਾ ਜੱਟਾਂ ) ਹੁਸ਼ਿ.



GAGANPREET SINGH 70094-03412 gaganp140@gmail.com

Gagan MEDICOS

ਗਗਨਪ੍ਰੀਤ ਸਿੰਘ ਅੱਡਾ ਸਰਾਂ ਤੋਂ ਕੰਧਾਲਾ ਜੱਟਾਂ ਰੋਡ, ਨੇੜੇ ਰਾਜ ਹਸਪਤਾਲ



Prop. Gurdeep Singh & Sons

62832-45354 78890-66084 80940-15111

G.S. Emporium & Cloth House

Best In : All Kinds of Jeans, Shirts & T-Shirt For Male & Female

Deals in : All Kinds of Ladies Suit, Readymade Garments, Kids Wear Blanket, Bed Linen, Shawls, Stolls

Adda Saran (Kandhala Jattan), Distt. Hoshiarpur.


## ਵਿਕਟੋਰੀਆ ਇੰਟਰਨੈਸ਼ਨਲ ਸਕੂਲ ਵਿਖੇ ਹੋਣਹਾਰ ਵਿਦਿਆਰਥੀਆਂ ਦਾ ਸਨਮਾਨ






**ਅੱਡਾ ਸਰਾਂ (ਕਾਜਲ )**-ਵਿਕਟੋਰੀਆ ਇੰਟਰਨੈਸ਼ਨਲ ਸਕੂਲ ਬੈਂਚਾਂ ਵਿਖੇ ਸਾਲਾਨਾ ਸਮਾਗਮ ਕਰਵਾਇਆ ਗਿਆ। ਸਕੂਲ ਦੇ ਡਾਇਰੈਕਟਰ ਪ੍ਰੋ.ਜੀ.ਐੱਸ. ਮੁਲਤਾਨੀ ਅਤੇ ਨੀਰੂ ਮੁਲਤਾਨੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਕਰਵਾਏ ਗਏ ਇਸ ਸਮਾਗਮ ਵਿਚ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਇਸ ਤੋਂ ਇਲਾਵਾ ਇਸ ਪ੍ਰੋਗਰਾਮ ਵਿਚ ਜ਼ਿਲ੍ਹਾ ਪ੍ਰਧਾਨ ਆਮ ਆਦਮੀ ਪਾਰਟੀ ਗੁਰਵਿੰਦਰ ਸਿੰਘ ਪਾਬਲਾ, ਚੇਅਰਮੈਨ ਇੰਪਰੂਵਮੈਂਟ ਟਰੱਸਟ ਹੁਸ਼ਿਆਰਪੁਰ ਹਰਮੀਤ ਸਿੰਘ ਔਲਖ, ਲਖਵਿੰਦਰ ਸਿੰਘ ਮੁਲਤਾਨੀ, ਹਰਜੀਤ ਸਿੰਘ ਸਹੋਤਾ, ਬਲਾਕ ਪ੍ਰਧਾਨ ਕੇਸ਼ਵ ਸਿੰਘ ਸੈਣੀ ਨੇ ਵਿਸ਼ੇਸ਼ਮਹਿਮਾਨ ਵਜੋਂ ਸ਼ਿਰਕਤ ਕੀਤੀ। ਸਮ੍ਹਾਂ ਰੌਸ਼ਨ ਕਰਨ ਉਪਰੰਤ ਪ੍ਰੋਗਰਾਮ ਦੀ ਸ਼ੁਰੂਆਤ ਸ਼ਬਦ ਗਾਇਨ ਅਤੇ ਸਰਸਵਤੀ ਵੰਦਨਾ ਨਾਲ ਕੀਤੀ ਗਈ। ਇਸ ਉਪਰੰਤ ਕਰਵਾਏ ਗਏ ਪ੍ਰੋਗਰਾਮ ਵਿਚ ਵਿਦਿਆਰਥੀਆਂ ਵੱਲੋਂ ਰੰਗਾਰੰਗ ਪੇਸ਼ਕਾਰੀਆਂ ਦਿੱਤੀਆਂ ਗਈਆਂ। ਇਸ ਵਿਚ ਬਟਰਫਲਾਈ ਡਾਂਸ, ਜੰਗਲ ਡਾਂਸ, ਜਿੰਗਲ ਬੈੱਲ ਡਾਂਸ, ਅਰਬੀਅਨ ਡਾਂਸ, ਆਰਕੈਸਟਰਾ, ਸਾਲਸਾ, ਹਰਿਆਣਵੀ, ਰਾਜਸਥਾਨੀ, ਮਲਵਈ ਗਿੱਧਾ, ਭੰਗੜਾ ਸ਼ਾਮਲ ਸਨ। ਜਿਸ ਵਿਚ ਪੰਜਾਬ ਦਾ ਲੋਕ ਨਾਚ ਭੰਗੜਾ ਅਤੇ ਗਿੱਧਾ ਮੁੱਖ ਆਕਰਸ਼ਣ ਰਹੇ। ਮੁੱਖ ਮਹਿਮਾਨ ਵਿਧਾਇਕ ਰਾਜਾ ਗਿੱਲ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਆਪਣੇ ਟੀਚਿਆਂ ਦੀ ਪ੍ਰਾਪਤੀ ਲਈ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ। ਸਕੂਲ ਦੇ ਡਾਇਰੈਕਟਰ ਪ੍ਰੋ. ਮੁਲਤਾਨੀ, ਨੀਰੂ ਮੁਲਤਾਨੀ ਅਤੇ ਪ੍ਰਿੰਸੀਪਲ ਮਿਸ ਪੂਜਾ ਪਟਿਆਲ ਨੇ ਮਹਿਮਾਨਾਂ ਅਤੇ ਮਾਪਿਆਂ ਦਾ ਸਵਾਗਤ ਕੀਤਾ। ਇਸ ਮੌਕੇ ਸਕੂਲ ਦੇ ਸਮੂਹ ਸਟਾਫ ਮੈਂਬਰ, ਅਧਿਆਪਕ ਹਾਜ਼ਰ ਸਨ।

## ਚਿੰਤਪੁਰਨੀ ਦਰਬਾਰ 'ਤੇ ਲਗਾਇਆ ਲੰਗਰ



**ਅੱਡਾ ਸਰਾਂ (ਜਸਵੀਰ ਕਾਜਲ)** ਸ਼ਿਵ ਸ਼ਕਤੀ ਚਿੰਤਪੁਰਨੀ ਲੰਗਰ ਸੇਵਾ ਟਾਂਡਾ ਵੱਲੋਂ 13ਵਾਂ ਸਾਲਾਨਾ ਲੰਗਰ ਨਵੇਂ ਸਾਲ ਦੇ ਸਬੰਧ 'ਚ ਮਾਤਾ ਚਿੰਤਪੁਰਨੀ ਦੇ ਦਰਬਾਰ ਵਿਖੇ ਬੜੀ ਸ਼ਰਧਾ ਤੇ ਭਾਵਨਾ ਨਾਲ ਲਗਾਇਆ ਗਿਆ। ਸਭ ਤੋਂ ਪਹਿਲਾਂ ਮਾਤਾ ਰਾਣੀ ਅੱਗੇ ਅਰਦਾਸ ਕੀਤੀ ਗਈ ਤੇ ਨਵਾਂ ਸਾਲ ਸਾਰਿਆਂ ਲਈ ਵਧੀਆ ਚੜ੍ਹਨ ਦੀ ਅਰਦਾਸ ਕੀਤੀ ਗਈ। ਇਸ ਮੌਕੇ ਰਾਜੀਵ ਕੁਮਾਰ, ਰੋਹੀਤ ਅਨੰਦ, ਲਵਪ੍ਰੀਤ ਜੱਟ, ਮਾਧਵ ਖੁਰਾਨਾ, ਸਮੀਰ, ਸਾਭੂ, ਅਰਜੁਨ ਜੈਨ, ਪ੍ਰਥਮ ਸੇਠੀ, ਸਾਗਰ,ਹਨੀ, ਸਤਵੀਰ ਹਾਜ਼ਰ ਸਨ।

## ਸਵਾਮੀ ਵੇਦਾ ਨੰਦ ਦੀ ਬਰਸੀ ਸ਼ਰਧਾ ਭਾਵਨਾ ਨਾਲ ਮਨਾਈ

**ਨੂਰਪੁਰਬੇਦੀ (ਸੁਰਜੀਤ ਸਿੰਘ ਕਾਹਲੋਂ)**-ਵਿਸ਼ਵਕਰਮਾ ਮੰਦਰ ਨੂਰਪੁਰਬੇਦੀ ਵਿਖੇ ਬ੍ਰਹਮਲੀਨ ਸੰਤ ਵੇਦਾ ਨੰਦ ਜੀ ਦਾ ਸਾਲਾਨਾ ਬਰਸੀ ਸਮਾਗਮ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਇੱਥੇ ਸੁੰਦਰ ਕਾਂਡ ਪਾਠ ਦੇ ਭੋਗ ਪਾਏ ਗਏ। ਸਮਾਗਮ ਦੌਰਾਨ ਸਵਾਮੀ ਰਾਮਾਨੰਦ ਭੋਗੀਪੁਰ ਵਾਲਿਆਂ ਨੇ ਸੰਗਤਾਂ ਨੂੰ ਪ੍ਰਵਚਨ ਕਰਦਿਆਂ ਕਿਹਾ, ਕਿ ਸੰਤਾਂ ਮਹਾਂਪੁਰਸ਼ਾਂ ਦਾ ਜੀਵਨ ਸੰਸਾਰ ਦੇ ਕਲਿਆਣ ਲਈ ਹੀ ਹੁੰਦਾ ਹੈ। ਸਵਾਮੀ ਵੇਦਾ ਨੰਦ ਵਰਗੇ ਮਹਾਨ ਸੰਤਾਂ ਦੀ ਬਦੌਲਤ ਸੈਂਕੜੇ ਲੋਕ ਪ੍ਰਭੂ ਭਗਤੀ ਦੇ ਮਾਰਗ ਨਾਲ ਜੁੜੇ ਹਨ ਤੇ ਸਾਨੂੰ ਉਹਨਾਂ ਤੋਂ ਸੇਧ ਲੈ ਕੇ ਸਦਾ ਹੀ ਮਰਿਆਦਾ ਦੇ ਦਾਇਰੇ ਵਿੱਚ ਰਹਿ ਕੇ ਆਪਣਾ ਜੀਵਨ ਜੀਉਣਾ ਚਾਹੀਦਾ ਹੈ। ਇਸ ਮੌਕੇ ਸਮਾਜ ਸੇਵੀ ਗੌਰਵ ਰਾਣਾ ਨੇ ਸਮੂਹ ਨਗਰ ਖੇੜੇ ਤੇ ਪ੍ਰਬੰਧਕਾਂ ਵੱਲੋਂ ਬ੍ਰਹਮਲੀਨ ਸਵਾਮੀ ਵੇਦਾ ਨੰਦ ਮਹਾਰਾਜ ਨੂੰ ਸ਼ਰਧਾਂਜਲੀਆਂ ਭੇਟ ਕਰਦਿਆਂ ਕਿਹਾ ਕਿ ਸੰਤਾਂ ਮਹਾਂਪੁਰਸ਼ਾਂ ਦੀ ਬਦੌਲਤ ਅੱਜ ਧਾਰਮਿਕ ਮਰਿਆਦਾਵਾਂ ਸੁਰੱਖਿਅਤ ਹਨ। ਉਥੇ ਹੀ ਮਹਾਂਪੁਰਸ਼ ਦੀ ਬਦੌਲਤ ਹੀ ਸਾਨੂੰ ਪ੍ਰਭੂ ਨਾਲ ਜੁੜਨ ਦਾ ਮਾਰਗ ਮਿਲਦਾ ਹੈ। ਸ਼ਿਵ ਮੰਦਰ ਕੀਰਤਨ ਮੰਡਲੀ ਵੱਲੋਂ ਧਾਰਮਿਕ ਭੇਟਾ ਤੇ ਭਜਨ ਗਾਏ ਗਏ। ਇਲਾਕੇ ਭਰ ਦੇ ਸੰਤ-ਮਹਾਂਪੁਰਸ ਵਿਸ਼ੇਸ਼ ਰੂਪ ਵਿੱਚ ਹਾਜ਼ਰ ਹੋਏ। ਸਮਾਗਮ ਉਪਰੰਤ ਇਥੇ ਅਟੁੱਟ ਭੰਡਾਰਾ ਲਗਾਇਆ ਗਿਆ। ਇਸ ਮੌਕੇ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਬੰਸ ਲਾਲ ਸਾਹ,ਖਜਾਨਚੀ ਮਹਿੰਦਰ ਸ਼ਾਹ,ਰਜਿੰਦਰ ਸਿੰਘ ਸੀਰਾ,ਹਰਨੇਕ ਸਿੰਘ ਠੇਕੇਦਾਰ, ਬਾਬਾ ਤਰੌਸਤੀ ਗਿਰ,ਰਾਜਪਾਲ ਸਿੰਘ,ਸੁਸ਼ਮਾ ਜੋਸ਼ੀ, ਬਲਦੇਵ ਧੀਮਾਨ,ਹੈਪੀ ਸ਼ਾਹ,ਤਜਿੰਦਰ ਪਾਲ,ਨਿੱਕਾ ਕੂਬੇਵਾਲ, ਰਾਮਜੀ ਅਸਮਾਨਪੁਰ, ਲੀਲਾਵਤੀ ਸਮੇਤ ਸਮੂਹ ਸੇਵਾਦਾਰ ਤੇ ਸ਼ਰਧਾਲੂ ਮੌਜੂਦ ਸਨ।

## ਬੰਬਈ ਦੀ ਸੈਰ



**ਡਾ: ਨਵਪ੍ਰੀਤ ਕੌਰ**
(82839-59199)



ਪਿਛਲੇ ਸਾਲ ਦਸੰਬਰ ਦੀਆਂ ਛੁੱਟੀਆਂ ਵਿੱਚ ਸਾਡੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਬੰਬਈ ਦਾ ਟੂਰ ਕਰਨ ਦਾ ਫੈਸਲਾ ਕੀਤਾ। ਪ੍ਰਿੰਸੀਪਲ ਸਾਹਿਬ ਨੇ ਅਧਿਆਪਕਾਂ ਤੇ ਵਿਦਿਆਰਥੀਆਂ ਲਈ ਰੇਲਵੇ ਖਾਸ ਦਾ ਪ੍ਰਬੰਧ ਕੀਤਾ।

ਅਸੀਂ 25 ਦਸੰਬਰ ਸ਼ਾਮ ਨੂੰ ਕੁਰਾਲੀ ਰੇਲਵੇ ਸਟੇਸ਼ਨ ਤੋਂ ਨੰਗਲ ਦਿੱਲੀ ਜਾਣ ਵਾਲੀ ਗੱਡੀ ਲਈ ਦੂਜੇ ਦਿਨ ਸਵੇਰੇ ਦਿੱਲੀ ਪਹੁੰਚ ਗਏ। ਇੱਥੇ ਠੰਡ ਬਹੁਤ ਘੱਟ ਸੀ। ਲੋਕ ਗਰਮ ਕੱਪੜਿਆਂ ਤੋਂ ਬਿਨ੍ਹਾਂ ਫਿਰ ਰਹੇ ਸਨ। ਜਦੋਂ ਅਸੀਂ ਬੰਬਈ ਵਾਲੀ ਗੱਡੀ ਚੜ੍ਹਨ ਲੱਗੇ ਤਾਂ ਨਵੀਂ ਗੱਲ ਦੇਖੀ, ਕੁਲੀ ਖਾਲੀ ਸੀਟਾਂ ਕੱਪੜੇ ਨਾਲ ਢੱਕ ਰਹੇ ਸਨ ਅਤੇ ਉਹ ਸਵਾਰੀਆਂ ਨੂੰ ਸੀਟਾਂ ਤੋਂ ਬੈਠਣ ਬਦਲੇ ਪੈਸੇ ਲੈ ਰਹੇ ਸਨ। ਅਸੀਂ ਉਨ੍ਹਾਂ ਦੇ ਕੱਪੜੇ ਪਾਸੇ ਕਰਕੇ ਮੁਫਤ ਵਿੱਚ ਹੀ ਬੈਠ ਗਏ।

ਗੱਡੀ ਚੱਲ ਪਈ। ਰਸਤੇ ਵਿੱਚ ਇਹ ਰਾਜਸਥਾਨ ਵਿਚੋਂ ਲੰਘੀ ਜਿੱਥੇ ਆਲੇ-ਦੁਆਲੇ ਰੇਤ ਦੇ ਟਿੱਲੇ ਦਿਖਾਈ ਦਿੰਦੇ ਸਨ। ਇਹ ਜੈਪੁਰ, ਭਰਤਪੁਰ ਵਰਗੇ ਵੱਡੇ ਸਟੇਸ਼ਨਾਂ ਤੇ ਰੁਕੀ ਫੇਰ ਗੁਜਰਾਤ ਦੇ ਕੁੱਲ ਭਾਗ ਵਿਚੋਂ ਹੁੰਦੀ ਹੋਈ ਮਹਾਰਾਸ਼ਟਰ ਵਿੱਚੋਂ ਲੰਘੀ। ਰਸਤੇ ਵਿੱਚ ਆਲੇ-ਦੁਆਲੇ ਕਾਲੀ ਮਿੱਟੀ, ਲੰਬੇ-ਲੰਬੇ ਕੇਲਿਆਂ ਦੇ ਬਾਗ, ਕਪਾਹ ਦੇ ਕਈ ਖੇਤ, ਕਈ ਮੀਲਾਂ ਤੱਕ ਲੰਬੇ ਚੌੜੇ ਦੇਖੇ। ਚਾਰ ਦਿਨ ਚਾਰ ਰਾਤਾਂ ਅਸੀਂ ਗੱਡੀ ਵਿਚ ਆਪਣੀਆਂ ਸੀਟਾਂ ਤੇ ਬੈਠੇ ਰਹੇ। ਸੀਟ ਤੇ ਹੀ ਸੌਣਾ, ਗੱਡੀ ਵਿੱਚ ਹੀ ਨਹਾਉਣਾ ਤੇ ਬਾਥਰੂਮ ਦਾ ਪ੍ਰਬੰਧ ਸੀ। ਖਾਣਾ-ਪੀਣਾ, ਫ਼ਲ, ਨਮਕੀਨ ਹੋਰ ਕਈ ਤਰ੍ਹਾਂ ਦੀਆਂ ਚੀਜ਼ਾਂ ਸੀਟਾਂ ਪਰ ਬੈਠਿਆਂ ਹੀ ਆ ਜਾਂਦੀਆਂ ਸਨ। ਇਨ੍ਹਾਂ ਦੇ ਰੇਟ ਫਿਕਸ ਸਨ। ਬੰਬਈ ਜਾ ਕੇ ਅਸੀਂ ਰਾਤ ਨੂੰ ਗੁਰਦੁਆਰਾ ਸਾਹਿਬ ਵਿਚ ਠਹਿਰਨ ਦਾ ਪ੍ਰਬੰਧ ਕਰ ਲਿਆ। ਸਾਨੂੰ ਸਾਡੇ ਸਕੂਲ ਦੇ ਪੁਰਾਣੇ ਵਿਦਿਆਰਥੀ ਮਿਲ ਗਏ। ਉਨ੍ਹਾਂ ਨੇ ਸਾਨੂੰ ਵੱਖ-ਵੱਖ ਥਾਵਾਂ ਦਿਖਾਈਆਂ। ਪਹਿਲੇ ਦਿਨ ਭਾਵਾ ਇੰਨਸਟੀਚਿਊਟ ਦੇਖਣ ਗਏ। ਉਥੇ ਪ੍ਰਯੋਗਸ਼ਾਲਾਵਾਂ ਸਨ। ਜਿਥੇ ਸੂਰਜੀ ਸ਼ਕਤੀ ਤੇ ਪ੍ਰਮਾਣੂ ਸ਼ਕਤੀ ਨਾਲ ਵੱਧੇ ਫੁੱਲੇ, ਵੱਡੇ ਸਾਇਜ਼ ਦੇ ਫੁੱਲ ਤੇ ਬੂਟੇ ਦੇਖੇ। ਫਸਲਾਂ ਆਮ ਨਾਲੋਂ ਸੰਘਣੀਆਂ ਤੇ ਉੱਚੀਆਂ ਸਨ।

ਅਗਲੇ ਦਿਨ ਅਸੀਂ ਚਿੜੀਆ ਘਰ ਦੇਖਿਆ। ਵੱਖ-ਵੱਖ ਖੇਤਰਾਂ ਵਿੱਚ ਵੱਖ-ਵੱਖ ਜਾਨਵਰ, ਪੰਛੀ ਛੱਡੇ ਹੋਏ ਸਨ। ਸਵੇਰ ਤੋਂ ਸ਼ਾਮ ਤੱਕ ਅਸੀਂ ਪੰਜਵਾਂ ਹਿੱਸਾ ਹੀ ਦੇਖ ਸਕੇ।

ਉਸ ਤੋਂ ਅਗਲੇ ਦਿਨ ਅਸੀਂ ਕੋਕਾ ਕੋਲਾ ਫੈਕਟਰੀ ਦੇਖਣ ਗਏ। ਉਥੇ ਸਾਡਾ ਇਕ ਪੁਰਾਣਾ ਵਿਦਿਆਰਥੀ ਮੁਲਾਜ਼ਮ ਲੱਗਿਆ ਹੋਇਆ ਸੀ। ਉਸ ਨੇ ਦੱਸਿਆ ਕਿ ਕਿਵੇਂ ਤੇ ਕਿਹੜੀਆਂ ਚੀਜ਼ਾਂ ਰਲ ਕੇ ਕੋਕਾ ਕੋਲਾ ਤਿਆਰ ਹੋ ਕੇ ਪੈਕ ਹੁੰਦਾ ਹੈ। ਇਥੇ ਕੋਕੇ ਦੇ ਬਿਸਕੁਟ, ਕ੍ਰੀਮ ਆਦਿ ਕਿਵੇਂ ਬਣਦੇ ਹਨ। ਨੇੜੇ ਕੋਕੇ ਦੇ ਬਾਗ ਵੀ ਸਨ।

ਅਗਲੇ ਦਿਨ ਅਸੀਂ ਬੰਦਰਗਾਹ ਤੇ ਗਏ। ਸਮੁੰਦਰੀ ਕੰਢੇ ਨੇੜੇ ਵੱਡੇ-ਵੱਡੇ ਸਮੁੰਦਰੀ ਜਹਾਜ਼ ਖੜੇ ਸਨ। ਕਿਸ਼ਤੀਆਂ ਨਾਲ ਸਮਾਨ ਲੱਦਿਆ ਤੇ ਬਾਹਰ ਲਿਆਇਆ ਜਾਂਦਾ ਸੀ। ਸ਼ਾਮ ਨੂੰ ਅਸੀਂ ਬੀਚ ਦਾ ਅਨੰਦ ਮਾਣਿਆ। ਉਥੇ ਛਾਬੜੀ ਤੇ ਰੇੜ੍ਹੀਆਂ ਵਾਲੇ ਆਪਣਾ ਸਮਾਨ ਵੇਚ ਰਹੇ ਸਨ। ਜਵਾਰ ਭਾਟੇ ਨਾਲ ਸਮੁੰਦਰ ਦਾ ਪਾਣੀ ਕਈ ਮੀਲ ਤੱਕ ਉੱਪਰ ਆ ਜਾਂਦਾ ਤੇ ਵਾਪਸ ਚਲਾ ਜਾਂਦਾ।

ਅਗਲੇ ਦਿਨ ਅਸੀਂ ਬੰਬਈ ਨੇੜੇ ਇੱਕ ਟਾਪੂ ਦੇਖਣ ਗਏ। ਸਟੀਮਰ ਦੀ ਸਵਾਰੀ ਦਾ ਅਨੰਦ ਮਾਣਿਆ। ਟਾਪੂ ਬੜੇ ਸੁੰਦਰ ਦ੍ਰਿਸ਼ਾਂ ਤੇ ਰੌਣਕ ਵਾਲਾ ਸੀ। ਅਗਲੇ ਦਿਨ ਫਿਲਮਸਟਾਰਾਂ ਦੀ ਬਸਤੀ ਦੇਖੀ ਜੋ ਉੱਚੀ ਥਾਂ ਤੇ ਸਾਗਰ ਨੇੜੇ ਸੀ। ਬਹੁਤ ਅਲੀਸ਼ਾਨ ਕੋਠੀਆਂ ਸਨ। ਰਸਤੇ ਵਿੱਚ ਸ਼ਾਮ ਨੂੰ ਮਜ਼ਦੂਰਾਂ ਦੀ ਬਸਤੀ ਦੇਖੀ ਜਿੱਥੇ ਔਰਤਾਂ ਸ਼ਰੇਆਮ ਦੇਸੀ ਸ਼ਰਾਬ ਵੇਚ ਰਹੀਆਂ ਸਨ। ਗਰੀਬ ਬੇਘਰੇ ਮਜ਼ਦੂਰ ਸੜਕਾਂ ਦੇ ਨਾਲ ਫੁਟਪਾਥਾਂ ਤੇ ਹੀ ਸੌਂਦੇ ਸਨ। ਅਗਲੇ ਦਿਨ ਅਸੀਂ ਗੇਟ-ਵੇ-ਆਫ- ਇੰਡੀਆ ਦੇਖ ਕੇ ਸ਼ਾਮ ਨੂੰ ਬੰਬਈ ਤੋਂ ਵਾਪਸੀ ਕਰ ਦਿੱਤੀ। ਇਹ ਸੈਰ ਮੈਨੂੰ ਸਦਾ ਅਭੁੱਲ ਰਹੇਗੀ।